Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.**

**PLEASE CONTACT**

**Phones : Office : 258411
" : 250345
Resi. : 213054**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji Elibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**RAJPAL**

# 'he Leading Name in Construction Machinery



CONCRETE MIXER 10/7 CFT



CONCRETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 501973
Resi. : 50[illegible]454

## BALWANT SINGH & SONS

Office : 4E/11 JHANDEWALA EXTN.
NEW DELHI 110055

Factory : A 2/3, MAYA PURI, PHASE
Opp. C-70 NEW DELHI-110064


Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੋਸ਼ਟਿਕ ਬਿਸਕੁਟ ਬਨਾਉਣ ਵਾਲੇ

# ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

# JANTA

# HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



FOR GENERAL MOULDED RUBBER GOODS



DOWN STROKE HEAVY DUTY for Harrow Discs, Rim Plates & Brake Linnings



FOR VULCANIZING OF CONVEYOR & TRANSMISSION BELTINGS



FOR STRAIGHTENING BENDING, PRESSING & FASTENING

JEW

**JANTA ENGINEERING WORKS**
G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)



Sri Satguru Jagjit Singh Ji Elibrary NamdhariElibrary@gmail.com

**HIGH CLASS GUN MANUFACTURERS**

**AND**

**REPAIRERS**

# FREE INDIA GUN MANUFACTURERS

**(Industrial Estate, Extention Area, Jammu Cantt.)**

Phone No. 43260



**(SINGLE BARREL OR DOUBLE BARREL) 12 Bore Guns**

## Once Purchased Ever Purchased

**AS**

**BEST QUALITY OF THE DAY**

**IS**

**OUR MOTTO**

**IN NEED CONTACT US FOR BARGAIN**

**WITH FULL CONFIDENCE**

ਵਗਿਆਪਨ



Sri Satguru Jagjit Singh Ji Elibrary NamdhariElibrary@gmail.com

ਮਾਸਕ

# ਵਰਿਆਮ

ਜਨਵਰੀ ਫਰਵਰੀ
ਮਾਰਚ
੧੯੮੪

ਜਿਲਦ ਨੰ: ੯ ਅੰਕ ਨੰ: ੩-੪-੫

ਸੰਪਾਦਕ । ਜਗਦੀਸ਼ ਸਿੰਘ

ਮੁਖ ਪੰਨੇ ਦੀ ਤਸਵੀਰ : ਸਤਿਗੁਰੂ ਰਾਮ ਸਿੰਘ ਜੀ
(ਪ੍ਰਕਾਸ਼ ਦਿਵਸ ੭ ਫਰਵਰੀ ੧੯੮੪)
ਮਸੱਵਰ ਵਰਿਆਮ ਸਿੰਘ ਦੀ ਬਣਾਈ ਤਸਵੀਰ ਦੀ ਫੋਟੋ

ਮੁੱਲ ਪ੍ਰਤੀ ਕਾਪੀ । ੬-੦੦ ਰੁਪਏ
ਸਾਲਾਨਾ ਚੰਦਾ ਦੇਸ । ੨੦ ਰੁਪਏ

" " ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)
" " ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੩੦੦ ਰੁਪਏ ਕੇਵਲ ਦੇਸ ਵਿਚ

| ਦਫਤਰ ਦਾ ਪਤਾ । | Office Address |
|---|---|
| ਮਾਸਕ ਵਰਿਆਮ, | Monthly WARIAM |
| ਲਾਡੋਵਾਲੀ ਰੋਡ | (Punjabi) |
| ਜਲੰਧਰ—੧੪੪੦੦੧, | Ladowali Road |
| ਫੋਨ । ੭੨੫੦੪ ਪੀ. ਪੀ | Jalandhar-144001 |
| | Phone : 72504 PP |

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ।

| | | |
|---|---|---|
| ਮੁੜ ਸੰਤਾਲੀ ਨਹੀਂ ਆਵੇਗਾ | | ੨ |
| ਮੁਸਲਮਾਨ ? ਹਿੰਦੂ ? ਕਿ ਸਿਖ ? | | ੩ |
| ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ | | ੪ |
| ਦੋ ਗ਼ਜ਼ਲਾਂ | ਗੁਰਭਜਨ ਗਿਲ | ੯ |
| ਗ੍ਰੇਟ ਬ੍ਰਿਟਿਨ ਵਿਚ ਪਹਿਲਾ ਨਾਮਧਾਰੀ ਸੰਗੀਤ ਸੰਮੇਲਨ | | ੧੦ |
| ਦੋ ਗ਼ਜ਼ਲਾਂ | ਸੁਰਿੰਦਰ ਸਾਗਰ | ੧੬ |
| ਵਿਸ਼ਵ ਪੰਜਾਬੀ ਕਾਨਫਰੰਸਾਂ | ਅਮਰ ਭਾਰਤੀ | ੧੭ |
| ਠਾਕਰ ਦਲੀਪ ਸਿੰਘ | ਸੁਖਬੀਰ ਸਿੰਘ ਸੰਧੂ | ੧੯ |
| ਮਾਯਾਵੀ ਸਰੋਵਰ (ਪੌਰਾਨਕ ਕਥਾ) | | ੨੧ |
| ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਸਿਆਮ ਫੇਰੀ | ਇਕਬਾਲ ਸਿੰਘ ਮਨਚੰਦਾ | ੨੫ |
| ਪ੍ਰਤੀਕ੍ਰਿਆ | | ੩੭ |
| ਉਦਘਾਟਨ (ਹਿੰਦੀ ਕਹਾਣੀ) | ਦਿਨੇਸ਼ ਖਰੇ | ੪੧ |
| ਬਜ਼ੁਰਗ ਦੀ ਸਿਆਣਪ (ਜਾਪਾਨੀ ਲੋਕ ਕਥਾ) | | ੪੬ |
| ਕਿਲ੍ਹਾ ਰਾਏਪੁਰ ਦਾ ਪੇਂਡੂ ਖੇਡ ਮੇਲਾ | ਗੁਰਭਜਨ ਗਿਲ | ੪੮ |
| ਸਤਿਗੁਰੂ ਜਗਜੀਤ ਸਿੰਘ ਜੀ ਦੀ ਯੂ. ਕੇ ਫੇਰੀ | ਸੁਰਜੀਤ ਸਿੰਘ ਜੀਤ | ੫੪ |
| ਗੁਰੂ ਚੇਤਨ (ਪੁਸਤਕ ਚਰਚਾ) | ਪ੍ਰੀਤਮ ਸਿੰਘ ਕਵੀ | ੫੫ |
| ਬਾਬਾ ਜੀ ਹੁਣ ਤੇ ਜਾਣ ਦਿਓ (ਕਵਿਤਾਂ ਤੇ ਗੀਤ) | ਧਨੀ ਰਾਮ ਚਾਤ੍ਰਿਕ | ੫੭ |
| ਫਰਕ ਕੀ ਹੋਇਆ ? | ਕਰਤਾਰ ਸਿੰਘ ਦੁੱਗਲ | ੫੯ |
| ਗ਼ਜ਼ਲ—ਰੁਬਾਈਆਂ | ਨਵਰਾਹੀ ਘੁਗਿਆਣਵੀ | ੬੧ |
| ਨਾਮਧਾਰੀ ਸੰਗਤ ਚੰਡੀਗੜ੍ਹ | | ੬੨ |
| ਸਰਗਰਮੀਆਂ | | ੬੩ |
| ਬੀਤੇ ਦੀਆਂ ਪੈੜਾਂ(ਸਿਲਸਲੇਵਾਰ) | ਪ੍ਰੀਤਮ ਸਿੰਘ ਕਵੀ | (੪੧੭) |

**'ਵਰਿਆਮ' ਦੀ ਮਲਕੀਅਤ ਤੇ ਹੋਰ ਵੇਰਵੇ ਸਬਧੀ ਬਿਆਨ**

| | | |
|---|---|---|
| ੧. | ਪ੍ਰਕਾਸ਼ਨ ਸਥਾਨ | ਜਲੰਧਰ |
| ੨. | ਪ੍ਰਕਾਸ਼ਨ-ਕਾਲ | ਮਾਸਕ |
| ੩. | ਛਾਪਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੪. | ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੫. | ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੬. | ਉਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵਧ ਦੇ ਭਾਈਵਾਲ ਜਾਂ ਹਿਸੇਦਾਰ ਹੋਣ | ਜਗਦੀਸ਼ ਸਿੰਘ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵੱਧ ਤੋਂ ਵੱਧ ਜਾਣਕਾਰੀ ਅਤੇ ਵਿਸ਼ਵਾਸ ਦੇ ਅਨੁਸਾਰ ਉਪਰ ਦਿਤੇ ਗਏ ਵੇਰਵੇ ਸੱਚ ਹਨ । (ਸਹੀ ਜਗਦੀਸ਼ ਸਿੰਘ।
ਮਿਤੀ ੨੯-੨-੮੪ ਪ੍ਰਕਾਸ਼ਕ ਦੇ ਦਸਖਤ



Sri Satguru Jagjit Singh Ji Elibrary NamdhariElibrary@gmail.com

ਸੰਪਾਦਕੀ

# ਮੁੜ ਸੰਤਾਲੀ ਨਹੀਂ ਆਵੇਗਾ

ਪੰਜਾਬ ਦਾ ਅਮਨ ਫੂਕਿਆਂ ਜਾ ਰਿਹਾ ਹੈ।

ਹਿੰਦੂ ਸਿਖ ਏਕਤਾ ਦੇ ਮਹੱਲ ਨੂੰ ਸੰਨ੍ਹ ਲਾਈ ਗਈ ਹੈ।

ਪੰਜਾਬ ਵਿਚ ਸਭ ਤੋਂ ਲੰਮੇ ਸਮੇਂ ਦਾ ਕਰਫਿਊ ਲਗਾ ਹੈ।

ਪੂਰੇ ਤਿੰਨ ਹਫਤੇ ਤੋਂ ਸ਼ਾਮ ਨੂੰ ਸੁੰਨ ਸਾਨ ਪੈ ਜਾਂਦੀ ਹੈ ਕਰਫਿਊ ਹੱਟ ਜਾਣ ਬਾਅਦ ਵੀ ਇਹ ਹਾਲਤ ਹੈ।

੮ ਫਰਵਰੀ ਨੂੰ ਅਕਾਲੀ ਦਲ ਦੇ ਪੰਜਾਬ ਬੰਦ ਦੀ ਧਮਕ ਸਾਰੇ ਸੰਸਾਰ ਤੇ ਪੈ ਗਈ। ਸਰਕਾਰ ਨੇ ਆਪ ਰੇਲਾਂ ਅਤੇ ਬਸਾਂ ਬੰਦ ਕੀਤੀਆਂ ਅਤੇ ਲੋਕਾਂ ਨੇ ਦੁਕਾਨਾਂ। ਪਹਿਲੋਂ ਹੀ ਪਤਾ ਸੀ ਬੰਦ ਸੰਪੂਰਨ ਹੋਵੇਗਾ।

ਪਰ ਫੇਰ ਵੀ ਸਾਈਕਲਾਂ ਮੋਟਰ ਸਾਈਕਲਾਂ ਦੀਆਂ ਫੂਕਾਂ ਕੱਢੀਆਂ ਗਈਆਂ ਦਲ ਦੇ ਵਰਕਰ ਇਕ ਜੇਤੂ ਅੰਦਾਜ਼ ਵਿਚ ਸੜਕਾਂ ਤੇ ਘੁੰਮਦੇ ਸਨ ਨਾਅਰੇ ਲਾਉਂਦੇ ਸਨ। 'ਪੁਰ ਅਮਨ ਬੰਦ' ਦੇ ਸਮੇਂ ਇਕ ਦਹਿਸ਼ਤ ਅਤੇ ਡਰ ਦੀ ਪੌਣ ਚਲ ਰਹੀ ਸੀ। ਇਹ ਸੰਪੂਰਨ ਬੰਦ ਆਪਣੀ ਮਰਜ਼ੀ ਨਾਲ ਨਹੀਂ ਸੀ ਕੀਤਾ ਗਿਆ। ਮਜਬੂਰੀ ਸੀ। ਜਦ ਸਰਕਾਰ ਆਪ ਬੰਦ ਵਿਚ ਸ਼ਾਮਲ ਸੀ ਤਾਂ ਲੋਕ ਕੀ ਕਰਦੇ।

ਫੇਰ ਇਹਦਾ ਜਵਾਬ ਆਇਆ ੧੪ ਫਰਵਰੀ ਨੂੰ। ਇਹ ਬੰਦ ਧੱਕਾ ਧਕ ਆਇਆ ਸੀ। ਬਗੈਰ ਅਗਾਊਂ ਪਰਚਾਰ ਦੇ। ਹਿੰਦੂ ਸੁਰੱਖਿਆ ਸੰਮਤੀ ਦੀ ਸਮਰਥਾ ਦਾ ਪਹਿਲਾ ਪ੍ਰਦਰਸ਼ਨ। ਇਹ ਜਵਾਬ ੮ ਤਾਰੀਖ ਦੇ ਬੰਦ ਦਾ ਹੀ ਉਤਰ ਨਹੀਂ ਸੀ ਸਗੋਂ ਪਿਛਲੀਆਂ ਹੋਈਆਂ ਬੀਤੀਆਂ ਦਾ ਵੀ 'ਜਵਾਬ' ਸੀ।

ਇਸ ਦਿਨ ਪਹਿਲੀ ਵਾਰ ਸੰਨ ਸੰਤਾਲੀ ਵਾਲੇ ਕਲਮੂਹੇ ਦੈਂਤ ਦਾ ਝੌਲਾ ਪਿਆ। ਸੜਕਾਂ ਤੇ ਮੁਲਖਈਆ ਬਾਂਸ ਡਾਂਗਾ ਨੰਗੀਆਂ ਤਲਵਾਰਾਂ ਤ੍ਰਿਸ਼ੂਲ ਲੈ ਕੇ ਲਲਕਾਰੇ ਮਾਰ ਰਿਹਾ ਸੀ। ਉਹੋ ਜਿਹੇ ਲਲਕਾਰੇ ਜਿਹੋ ਜਿਹੇ ਅਸੀਂ ਬਚਪਣ ਵਿਚ ਸੁਣੇ ਸਨ। ਜਿਨ੍ਹਾਂ ਨੂੰ ਭੁਲਾਉਣ ਵਾਸਤੇ ਸਾਲਾਂ ਸਾਲ ਜਤਨ ਕੀਤਾ। ਮਾਂ ਦੀ ਭੈਣ ਦੀ ਹੋ ਰਹੀ ਸੀ। ਤੇ ਸ਼ਾਮ ਤੱਕ ਸੱਥਰ ਲੱਥ ਚੁਕੇ ਸਨ।

੧੫ ਫਰਵਰੀ ਦੀ ਅਖਬਾਰ ਦੀਆਂ ਸੁਰਖੀਆਂ ਸਨ, ਪੰਜਾਬ ਹਿੰਸਾ ਵਿਚ ਨੌਂ ਮਰ ਗਏ, ਛੇ ਸ਼ਹਿਰਾਂ ਵਿਚ ਕਰੇਫਿਊ, ਦਰਬਾਰ ਸਾਹਿਬ ਕੰਪਲੈਕਸ 'ਚੋਂ ਗੋਲੀਆਂ ਚਲੀਆਂ। ਫੇਰ ਰੋਜ਼ ਮੌਤਾਂ ਰੋਜ਼ ਸਾੜ ਫੂਕ। ਅੱਜ ਕਰਨਾਲ ਵਿਚ ਦੁਕਾਨਾਂ ਫੈਕਟਰੀਆਂ ਸਾੜੀਆਂ ਗਈਆਂ। ਅੰਮ੍ਰਿਤਸਰ 'ਚ ਦੋ ਮਰੇ ਤਿੰਨ ਜ਼ਖਮੀ। ਅੱਜ ਕੈਥਲ ਵਿਚ ਫਸਾਦ ਭੜਕੇ ਹਨ—੧ ਮਰਿਆ ੧੦ ਜ਼ਖਮੀ ਐਤਵਾਰ ੧੯ ਫਰਵਰੀ ਨੂੰ ਲਹੂ ਪਿਆਸੀਆਂ ਕਲਜੋਗਣਾ ਦਾ ਪਾਣੀਪਤ 'ਚ ਉਤਾਰਾ ਹੋਇਆ ੪ ਧਾਰਮਕ ਸਥਾਨਾਂ ਨੂੰ ਅੱਗ—੪ ਮਰੇ—ਦਰਜਨਾਂ ਫਟੜ ਦੁਕਾਨਾਂ ਲੁਟੀਆਂ ਸਮਾਲਖਾ ਚ ਟਰਕਾਂ ਨੂੰ ਅੱਗ—ਚੰਡੀਗੜ ਦਿਲੀ ਬਸ ਸੇਵਾ ਮੁਅੱਤਲ। ਮਰਨ ਵਾਲੇ ਆਮ ਲੋਕੀਂ ਸਨ। ਬਸਾਂ ਗੱਡੀਆਂ ਵਿਚੋਂ ਧਰੂ ਕੇ ਮਾਰੇ ਕੁਟੇ ਜਾ ਰਹੇ ਲੋਕ ਮੁਸਾਫਰ ਵਿਚਾਰੇ ਸਨ। ਪਾਣੀਪਤ ਦਾ ਸਕੋਰ ੧੦ ਮੌਤਾਂ ਹੋ ਗਿਆ, ਜੀਂਦ ਵਿਚ ੨੫ ਫਟੜ।

ਲਓ ਜੀ ਹੁਣ ਇਹਦਾ ਜਵਾਬ।

ਅੰਮ੍ਰਿਤਸਰ ਹਰਗੋਬਿੰਦ ਤੇ ਸ਼ਾਮ ਚੁਰਾਸੀ ਗੋਲੀ ਕਾਂਡਾਂ ਵਿਚ ੧੧ ਬੰਦੇ ਹਲਾਕ—ਦਰਜਨ ਫੱਟੜ ਇਹਨਾਂ ਵਿਚ ਪਿੰਡ ਲੱਧੇਕੇ ਵੀ ਸ਼ਾਮਲ ਸੀ।

ਲੱਧੇਕੇ ਮਸ਼ਹੂਰ ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਦਾ ਪਿੰਡ ਜਿਸ ਲਿਖਿਆ ਸੀ।

ਸਿੱਖ ਸਨਾਤਨ ਆਰੀਏ, ਇਕ ਬਿਰਛ ਦੇ ਡਾਲ<br>
ਤਾਰੇ ਇਕੋ ਅੱਖ ਦੇ ਹੀਰੇ ਪੰਨੇ ਲਾਲ

ਲੱਧੇਕੇ ਮਸ਼ਹੂਰ ਨਾਮਧਾਰੀ ਲੇਖ ਸੰਤ ਨਿਧਾਨ ਸਿੰਘ ਆਲਮ ਦਾ ਪਿੰਡ। ਜਿਸ ਆਲਮ ਨੇ ਪ੍ਰੇਮ ਦੀ ਤਾਰ ਦੇ ਗੀਤ ਲਿਖੇ ਸਨ।

ਲੱਧੇਕੇ ਜਿਸ ਦੀ ਜੂਹ ਵਿਚ ਇਕ ਨਵਾਂ ਪਿੰਡ ਪ੍ਰੀਤ ਨਗਰ ਉਸਰਿਆ।

ਵਰਿਆਮ



Sri Satguru Jagjit Singh Ji Elibrary NamdhariElibrary@gmail.com

ਸੰ: ਗੁਰਬਖਸ਼ ਸਿੰਘ ਦੇ ਪ੍ਰੀਤ ਫਲਸਫੇ ਦਾ ਸਾਕਾਰ ਰੂਪ ਪ੍ਰੀਤ ਨਗਰ ਜਿਥੇ ਨਾਨਕ ਸਿੰਘ ਸੋਭਾ ਸਿੰਘ ਬਲਰਾਜ ਸਾਹਨੀ ਰਹਿੰਦੇ ਰਹੇ। ਲੋਪੋਕੇ ਵਿਚ ਮਰਨ ਵਾਲਾ ਪ੍ਰੀਤ ਨਗਰ ਦਾ ਜਵਾਨ ਜਹਾਨ ਸ਼ਮੀ ਸੁਮੀਤ ਸਿੰਘ ਵੀ ਸੀ। ਸ਼ਮੀ ਜੋ ਗੁਰਬਖਸ਼ ਸਿੰਘ ਦੇ ਲਾਏ ਪੌਦੇ ਪ੍ਰੀਤਲੜੀ ਦਾ ਸੰਪਾਦਕ ਸੀ। ਸ਼ਮੀ ਜੋ ਪੰਜਾਬੀ ਦੇ ਉਘੇ ਕਹਾਣੀਕਾਰ, ਧਰਤੀ ਅਤੇ ਲੋਕਾਂ ਦੇ ਯਾਰ ਨਵਤੇਜ ਸਿੰਘ ਦਾ ਪੁਤਰ ਸੀ ਜੋ ਪੰਜਾਬੀ ਜਗਤ ਦੇ ਪਿਤਾਮਾ ਸ: ਗੁਰਬਖਸ਼ ਸਿੰਘ ਦਾ ਪੋਤਰਾ ਸੀ। ਜਿਸ ਪਰਿਵਾਰ ਨੇ ਪੰਜਾਹ ਸਾਲ ਪੰਜਾਬੀ ਦੀ ਸੇਵਾ ਕੀਤੀ ਇਸ ਨੂੰ ਨਵਾਂ ਮੁਹਾਂਦਰਾ ਦਿਤਾ, ਜੋ ਪਰਿਵਾਰ ਪ੍ਰੀਤ ਪ੍ਰੀਤ ਹੀ ਕੂਕਦਾ ਰਿਹਾ, ਉਸ ਦੇ ਖੂਬਸੂਰਤ ਕੋਮਲਫੁਲ ਨੂੰ ਲਹੂ ਵਿਚ ਲੱਥ ਪੱਥ ਕਰ ਦਿਤਾ।

ਇਕ ਅੱਸੀ ਸਾਲਾ ਬੁਢੇ ਦੇ ਦੋਵੇਂ ਪੁਤਰ ਹੀ ਮਾਰ ਦਿਤੇ।

ਕਾਹਨੂੰਵਾਨ ਵਿਚ ਗਰੀਬ ਨਿਹੱਥੇ ਲੋਕਾਂ ਦੇ ਕਤਲ ਨਾਲ ਮੁੜ ਘਲੂ ਘਾਰਾ ਵਰਤਿਆ। ਹੁਣ ਰੋਜ਼ ਮੌਤਾਂ ਦੀਆਂ ਖਬਰਾਂ ਔਣ ਲਗੀਆਂ।

ਛੇਹਰਟਾ, ਸ੍ਰੀ ਹਰਿਗੋਬਿੰਦਪੁਰਾ, ਅਮ੍ਰਿਤਸਰ, ਫਿਰੋਜ਼ਪੁਰ, ਬੂਦੇਵਾਲ ਇਹ ਰਿਕਾਰਡ ਲੰਬਾ ਹੈ। ਨਾਦਰਸ਼ਾਹੀ ਚਲ ਰਹੀ ਹੈ।

—ਮੁਕਾਬਲੇ ਦੇ ਕਤਲਾਂ 'ਚੋਂ ਕੌਣ ਜਿਤਿਆ ਹੈ?

ਇਹ ਕੋਈ ਕ੍ਰਿਕਟ ਦਾ ਮੈਚ ਤੇ ਨਹੀਂ ਕਿ ਦੌੜਾਂ ਤੇ ਵਿਕਟਾਂ ਗਿਣੀਆਂ ਜਾਣਗੀਆਂ।

—ਪਾਕਿਸਤਾਨ-ਭਾਰਤ ਵੰਡ ਸਮੇਂ ਲੱਖਾਂ ਹਿੰਦੂ-ਸਿੱਖ ਮੁਸਲਮਾਨ ਵੱਢੇ-ਟੁੱਕੇ ਗਏ। ਸ਼ਹਿਰ ਸਾੜੇ ਗਏ। ਕੀ ਕੋਈ ਦੱਸ ਸਕਦਾ ਹੈ ਕਿ ਇਸ ਮੁਕਾਬਲੇ ਵਿਚ ਕੌਣ ਜਿਤਿਆ?

ਕੀ ਬੰਦੇ ਮਾਰਨ ਨਾਲ ਲੜਾਈ ਵੀ ਜਿਤੀ ਦੀ ਹੈ?

ਕੀ ਕਿਸੇ ਫਿਰਕੇ ਦੇ ਦੋ ਚਾਰ, ਦਸ ਵੀਹ, ਸੌ ਹਜ਼ਾਰ ਬੰਦਾ ਮਾਰਨ ਨਾਲ ਫਿਰਕਾ ਮੁਕ ਜਾਵੇਗਾ?

ਵੱਖ ਵੱਖ ਦੇਸਾਂ ਦੀਆਂ ਸਰਕਾਰਾਂ ਲਗਾਤਾਰ ਮੁਹਿੰਮਾਂ ਬਾਵਜੂਦ ਵੀ ਮੱਛਰ, ਚੂਹੇ, ਕੁੱਤੇ, ਚਿੜੀਆਂ ਦਾ ਨਾਸ ਨਹੀਂ ਕਰ ਸਕੀਆਂ ਇਹ ਤਾਂ ਇਨਸਾਨੀ ਨਸਲ ਹੈ।

ਪਰ ਇਹਨਾਂ ਕਤਲਾਂ ਦੀ ਲਾਲ ਹਨੇਰੀ ਚੋਂ ਵੀ ਆਸ ਦੀ ਕਿਰਨ ਪ੍ਰਗਟ ਹੋਈ ਹੈ। ਹੁਣ ਲੋਕਾਂ ਇਹ ਮਹਿਸੂਸ ਕਰਨਾ ਸ਼ੁਰੂ ਕੀਤਾ ਹੈ ਕਿ ਇਹ ਗੱਲ ਮਾੜੀ ਹੈ। ਇਸ ਮੁਕਾਬਲੇ ਦਾ ਅੰਤ ਕੋਈ ਨਹੀਂ। ਕਤਲ ਜੁਰਮ ਹੀ ਹੈ ਭਾਵੇਂ ਉਹ ਬੇਗੁਨਾਹ ਦਾ ਹੋਵੇ ਜਾਂ ਗੁਨਾਗਾਰ ਦਾ ਹੋਵੇ। ਹੁਣ ਫਿਰਕਿਆਂ ਦੀਆਂ ਹੱਦਾਂ ਟੱਪ ਕੇ ਹਿੰਦੂਆਂ ਸਿੱਖਾਂ ਨੇ ਖੁਲ੍ਹ ਕੇ ਕਹਿਣਾ ਸ਼ੁਰੂ ਕੀਤਾ ਹੈ ਕਿ ਇਹ ਹਨੇਰ ਗਰਦੀ, ਗੁੰਡਾਗਰਦੀ ਨਹੀਂ ਹੋਣ ਦਿਤੀ ਜਾਵੇਗੀ। ਪੰਜਾਬ ਵਿਚ ਪਹਿਲੀ ਵਾਰ ਲੋਕ ਸਹਿਮ ਤੋਂ ਕੁਝ ਮੁਕਤ ਹੋ ਕੇ ਮੈਦਾਨ ਵਿਚ ਨਿਤਰੇ ਹਨ। ਹਿੰਦੂ ਅਤੇ ਸਿੱਖ ਫਿਰਕਾਪ੍ਰਸਤਾਂ ਦੇ ਲੱਖ ਜਤਨਾਂ ਦੇ ਬਾਵਜੂਦ ਵੀ ਹਿੰਦੂ ਸਿੱਖ ਇਕਤਾ ਅਜੇ ਤੱਕ ਕਾਇਮ ਰਹੀ ਹੈ।

ਇਕਤਾ ਜੋ ਬੁਨਿਆਦੀ ਹੈ। ਜਿਸ ਵਾਸਤੇ ਕਿਸੇ ਗੁਰਦਵਾਰੇ, ਮੰਦਿਰ ਜਾਂ ਪਾਰਟੀ ਦੇ ਸਰਟੀਫੀਕੇਟ ਦੀ ਲੋੜ ਨਹੀਂ। ਪੰਜਾਬ ਦੀ ਦੱਬੀ ਆਤਮਾ ਨੂੰ ਜ਼ਬਾਨ ਮਿਲੀ ਹੈ।

ਹਿੰਦੂ ਸਿੱਖ ਇਕਤਾ ਨੂੰ ਸੰਨ੍ਹ ਲਗੀ ਹੈ ਪਰ ਮਹਿਲ ਕਾਇਮ ਹੈ।
ਪੰਜਾਬ ਦਾ ਅਮਨ ਫੂਕਿਆ ਗਿਆ ਪਰ ਪੰਜਾਬ ਕਾਇਮ ਹੈ।
ਇਹ ਸੰਨ ਚੁਰਾਸੀ ਹੈ ਸੰਤਾਲ਼ੀ ਨਹੀਂ।
ਮੁੜ ਸੰਤਾਲੀ ਨਹੀਂ ਆਵੇਗਾ।
ਮੁੜ ਬੇਲਿਆਂ 'ਚ ਲਾਸ਼ਾਂ ਨਹੀਂ ਵਿਛਣਗੀਆਂ। ਮੁੜ ਦਰਿਆ ਲਹੂ ਨਾਲ ਭਰ ਕੇ ਨਹੀਂ ਵਗਣਗੇ।

—ਜਗਦੀਸ਼ ਸਿੰਘ


Sri Satguru Jagjit Singh Ji Elibrary NamdhariElibrary@gmail.com

# ਮੁਸਲਮਾਨ ? ਹਿੰਦੂ ? ਕਿ ਸਿੱਖ ?

ਅੰਮ੍ਰਿਤ ਵੇਲਾ ਹੈ। ਸੱਚ ਨਾਓ ਦੀ ਵਡਿਆਈ ਦੇ ਵਿਚਾਰ ਦਾ ਸਮਾਂ। ਕਈਆਂ ਲਾਊਡ ਸਪੀਕਰਾਂ ਰਾਹੀਂ ਮੰਦਰਾਂ ਦੇ ਭਜਨ ਅਤੇ ਗੁਰਬਾਣੀ ਦੇ ਪਾਠਾਂ ਦੀ ਮਿਲਵੀਂ ਆਵਾਜ਼ ਆ ਰਹੀ ਹੈ। ਉਭਰਵੀਂ ਆਵਾਜ਼ ਨੇੜੇ ਦੇ ਗੁਰਦੁਆਰੇ ਚੋਂ ਸੁਖਮਣੀ ਸਾਹਿਬ ਦੀ ਹੈ

"ਨਾਮ ਕੇ ਧਾਰੇ ਸਗਲੇ ਜੰਤ
ਨਾਮ ਕੇ ਧਾਰੇ ਖੰਡ ਬ੍ਰਹਮੰਡ
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਣ
ਨਾਮ ਕੇ ਧਾਰੇ ਸੁਨਣ ਗਿਆਨ ਧਿਆਨ
ਨਾਮ ਕੇ ਧਾਰੇ ਆਗਾਸ ਪਾਤਾਲ
ਨਾਮ ਕੇ ਧਾਰੇ ਸਗਲ ਆਕਾਰ
ਨਾਮ ਕੇ ਧਾਰੇ ਪੁਰੀਆ ਸਭ ਭਵਨ
ਨਾਮ ਕੈ ਸੰਗਿ ਉਧਰੇ ਸੁਣ ਸ੍ਰਵਨ
ਕਰਿ ਕ੍ਰਿਪਾ ਜਿਸੁ ਅਪਣੈ ਨਾਮਿ ਲਾਏ
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ"

ਗਲ ਚੌਥੇ ਪਦ ਦੀ ਆਤਮਕ ਅਵਸਥਾ ਦੀ ਹੋ ਰਹੀ ਹੈ। ਮਿਠੀ ਬਾਣੀ ਦੀਆਂ ਤੁਕਾਂ ਮਨ ਨੂੰ ਸ਼ਾਂਤ ਕਰੀ ਜਾ ਰਹੀਆਂ ਹਨ। ਬਚਪਨ ਵਿਚ ਸੁਣੀ ਧਾਰਨ ਯਾਦ ਆਉਂਦੀ ਹੈ "ਮਿਠੀ ਲਗਦੀ ਗੁਰੂ ਜੀ ਤੇਰੀ ਬਾਣੀ ਵੇਲੇ ਅੰਮ੍ਰਿਤ ਦੇ"

ਜਨਵਰੀ ਦੀ ਕੋਰੇ ਭਰੀ ਠੰਡ ਨੂੰ ਚੀਰ ਕੇ ਅਖਬਾਰਾਂ ਵਾਲਾ ਅਖਬਾਰਾਂ ਸੁੱਟ ਗਿਆ ਹੈ। ਬਸ ਇਕ ਹੀ ਨਜ਼ਰ ਨੇ ਸੁੰਨ ਕਰ ਦਿਤਾ ਹੈ। ਇਕ ਫਿਰਕੇ ਦੇ ਐਨੇ ਵਿਅਕਤੀ ਗੋਲੀਆਂ ਨਾਲ ਮਾਰ ਦਿਤੇ। ਸੁਖਮਣੀ ਦਾ ਸੁਖ ਮਈ ਪ੍ਰਭਾਵ ਭੰਗ ਹੋ ਗਿਆ ਹੈ। ਲਾਊਡ ਸਪੀਕਰ ਤੋਂ ਪਾਠ ਅਜੇ ਵੀ ਸੁਣਾਈ ਦੇ ਰਿਹਾ ਹੈ ਪਰ ਇਹ ਕਿਸੇ ਵਾਸਤੇ ਹੈ ? ਕੁਝ ਸ਼ਰਮ ਕੁਝ ਨਮੋਸ਼ੀ ਅਤੇ ਬਹੁਤ ਸਾਰੀ ਗੁੱਸੇ ਭਰੀ ਪੀੜ ਨਾਲ ਮਨ ਮਸੋਸਿਆ ਪਿਆ ਹੈ। ਕਿਥੇ ਚੌਥੇ ਪਦ ਦੀ ਅਧਿਆਤਮਕ ਅਵਸਥਾ ਕਿਥੇ ਇਹ ਖਬਰਾਂ ? ਕੀ ਗੁਰਬਾਣੀ ਲਾਊਡ ਸਪੀਕਰਾਂ ਰਾਹੀਂ ਆਸਮਾਨੀ ਪੰਛੀ ਹੀ ਸੁਣਦੇ ਹਨ ਇਨਸਾਨ ਨਹੀਂ ?

ਵਿਚਾਰਾਂ ਦੀ ਲੜੀ ਨੂੰ ਢੋਲਕ ਚਿਮਟਿਆਂ ਦੇ ਬੱਝਵੇਂ ਸੰਗੀਤ ਨੇ ਤੋੜਿਆ ਹੈ। ਪ੍ਰਭਾਤ ਫੇਰੀ ਵਾਲਾ ਜੱਥਾ ਲਾਗੇ ਆ ਰਿਹਾ ਹੈ ਢੋਲਕੀ ਚਿਮਟਿਆਂ ਦੇ ਸੰਗੀਤ ਨਾਲ ਸ਼ਬਦਾਂ ਦੀ ਘਣਘੋਰ ਪੈ ਰਹੀ ਹੈ। ਬੱਚੇ ਬੁਢੇ ਮਰਦ ਅਤੇ ਔਰਤਾਂ ਆਪਣੀ ਆਪਣੀ ਸੁਰ ਵਿਚ ਅੱਖਾਂ ਮੁੰਦ ਮੁੰਦ ਕੇ ਪੜ੍ਹ ਰਹੇ ਹਨ।

"ਪਿਤਾ ਵਾਰਿਆ ਲਾਲ ਚਾਰੇ ਵਾਰੇ ਹਿੰਦੇ ਤੇਰੀ ਸ਼ਾਨ ਬਦਲੇ।"

ਸਿਰ ਝੂਮ ਰਹੇ ਹਨ, ਗਤੀ ਤੇਜ਼ ਹੋ ਰਹੀ ਹੈ, 'ਹਿੰਦੇ ਤੇਰੀ ਸ਼ਾਨ ਬਦਲੇ',ਸਿਖਰ ਗਤੀ.ਤੇ ਤੋੜਾ ਦਿਤਾ ਹੈ। ਸਾਜ਼ ਬੰਦ ਹੋਏ ਹਨ। ਘਰਾਂ ਵਾਲਿਆਂ ਦੇ ਦਿਤੇ ਪੈਸਿਆਂ ਦੀਆਂ ਅਰਦਾਸਾਂ ਹੋਈਆਂ ਹਨ, ਵਾਹਿਗੁਰੂ ਨਾਮ ਦਾਨ ਬਖਸ਼ਣਾਂ।

ਕੀਰਤਨ ਫਿਰ ਸ਼ੁਰੂ ਹੋਇਆ ਹੈ। ਮਧਮ ਗਤੀ ਵਿਚ। ਇਕ ਬਜ਼ੁਰਗ ਨੇ ਧਾਰਨ ਚੁਕੀ ਹੈ 'ਉਚੇ ਬੈਠ ਕੇ ਗੁਰਾਂ ਨੇ ਤੀਰ ਮਾਰਿਆ ਰੁੜਦੀ ਜਾਂਦੀ ਹਿੰਦ ਰੱਖ ਲਈ' ਇਸ ਛੋਟੀ ਜਿਹੀ ਤੁੱਕ ਵਿਚ ਕਿੱਡਾ ਵੱਡਾ ਇਤਿਹਾਸ ਛੁਪਿਆ ਪਿਆ ਹੈ। ਪੁਤਰ ਨੇ ਤੀਰ ਮਾਰ ਕੇ ਹਿੰਦ ਬਚਾਈ ਅਤੇ ਬਾਪ ਨੇ ਆਪਣੇ ਸਰੀਰ ਦੀ ਚਾਦਰ ਨਾਲ ਹਿੰਦ ਦੇ ਪਰਦੇ ਕੱਜੇ। ਗੁਰੂ ਤੇਗ ਬਹਾਦਰ ਦਾ ਅਦੁਤੀ ਜੀਵਨ ਅਤੇ ਕੁਰਬਾਨੀ, ਚਾਰੇ ਸਾਹਿਬਜ਼ਾਦਿਆਂ ਦੀਆਂ ਦਲੇਰੀ ਭਰੀਆਂ ਸ਼ਹੀਦੀਆਂ ਇਹਨਾਂ ਧਾਰਨਾਂ ਚੋਂ ਰੂਪਮਾਨ ਹੋ ਰਹੀਆਂ ਹਨ।

ਅਖਬਾਰਾਂ ਵਿਚ ਛੱਪੀਆਂ ਖਬਰਾਂ, ਕਤਲ, ਸਿਖਾਂ ਅਤੇ ਪੰਜਾਬ ਵਾਸਤੇ ਧਰਮ ਯੁਧ ਦਿਆਂ ਮੋਰਚਿਆਂ ਬਾਰੇ ਸਮਾਚਾਰ ਤੇ ਬਿਆਨ, ਲਾਊਡ ਸਪੀਕਰਾਂ ਚੋਂ ਆਉਂਦਾ ਪਾਠ ਅਤੇ ਸ਼ਬਦੀ ਜਥੇ ਦੀਆਂ ਧਾਰਨਾਂ ਦਾ ਮੰਥਨ ਹੋਣ



Sri Satguru Jagjit Singh Ji Elibrary NamdhariElibrary@gmail.com

ਲਗ ਪਿਆ ।

ਵਿਚਾਰ ਤਰੰਗਾਂ ਸਦੀਆਂ ਦਾ ਪਾੜਾ ਚੀਰ ਕੇ ਬਿਹਾਰ ਦੇ ਪਟਨਾ ਸ਼ਹਿਰ ਜਾ ਪੁਜੀਆਂ । ਜਿਹੜੇ ਗੁਰੂ ਸਾਹਿਬ ਦੇ ਗੁਰਪੁਰਬ ਦੇ ਸਬੰਧ ਵਿਚ ਪ੍ਰਭਾਤ ਫੇਰੀ ਨਿਕਲੀ ਹੈ ਉਨਾਂ ਦਾ ਪ੍ਰਕਾਸ਼ ਪਟਨੇ ਹੀ ਹੋਇਆ ਸੀ । ਗੁਰੂ ਤੇਗ ਬਹਾਦਰ ਦੇ ਨੂਰਾਨੀ ਜਲਾਲ ਤੋਂ ਪ੍ਰਭਾਵਿਤ ਉਹ ਬਿਹਾਰ ਦੇ ਲੋਗ ਕੌਣ ਸਨ ? ਉਹ ਹਿੰਦੂ ਸਨ ਜਾਂ ਸਿੱਖ ? ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਵਰਗੇ ਜ਼ਾਲਮ ਬਾਦਸ਼ਾਹ ਦੇ ਰਾਜ ਵਿਚ ਵੀ ਪੂਰਾ ਹਿੰਦੁਸਤਾਨ ਪਾਰ ਕਰਕੇ ਆਸਾਮ ਪਹੁੰਚੇ ਸਨ ਜਿਥੇ ਉਹਨਾਂ ਸਥਾਨਕ ਰਾਜਿਆਂ ਦੀ ਲੜਾਈ ਬੰਦ ਕਰਵਾਈ ਸੀ । ਗੁਰੂ ਜੀ ਦੇ ਅਗੇ ਆਗਿਆ ਮੰਨ ਹੱਥ ਜੋੜ ਖੜੇ ਰਾਜੇ ਤੇ ਸਿਪਾਹੀ ਕੌਣ ਲੋਗ ਸਨ । ਹਿੰਦੂ ਕਿ ਸਿੱਖ ? ਪੂਰੇ ਭਾਰਤ ਵਿਚ ਗੁਰੂ ਅਮਰਦਾਸ ਜੀ ਦੇ ਵੇਲੇ ਤੋਂ ਮੰਜੀਆਂ ਸਥਾਪਤ ਸਨ । ਉਹ ਭਾਰਤ ਦੇ ਹੋਰ ਲੋਕ ਸਿਖ ਸਨ ਜਾਂ ਨਹੀਂ ?

ਗੁਰੂ ਨਾਨਕ ਦੇਵ ਜੀ ਨੇ ਨਉ ਖੰਡਿ ਪ੍ਰਿਥਮੀ ਦਾ ਰਟਣ ਕੀਤਾ । ਨਾਲ ਉਹਨਾਂ ਦੇ ਬਾਲਾ ਅਤੇ ਮਰਦਾਨਾ ਰਹੇ । ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਹਿੰਦੂਆਂ ਨਾਲ ਗੰਗਾ ਬਨਾਰਸ ਅਤੇ ਮੁਸਲਮਾਨਾਂ ਨਾਲ ਮੱਕਾ ਕਾਅਬਾ ਦਾ ਨਾਮ ਜੁੜਿਆ ਪਿਆ ਹੈ ਪਰ ਬਾਬਾ ਨਾਨਕ ਤਾਂ ਘਰ ਘਰ ਹੀ ਗਾਵਿਆ ਜਾਂਦਾ ਸੀ । ਗੁਰੂ ਜੀ ਦੇ ਦੇਹ ਤਿਆਗ ਬਾਅਦ ਉਹਨਾਂ ਦੀ ਦੇਹ ਦੀ ਪ੍ਰਾਪਤੀ ਵਾਸਤੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਝਗੜਾ ਹੋਇਆ । ਅੰਤ ਚਾਦਰ ਹੇਠੋਂ ਕੇਵਲ ਫੁਲ ਹੀ ਪ੍ਰਾਪਤ ਹੋਏ—ਇਹ ਬਾਲਾ ਤੇ ਮਰਦਾਨਾਂ ਹਿੰਦੂ ਮੁਸਲਮਾਨ ਸਨ ? ਗੁਰੂ ਜੀ ਦੇ ਤਨਖਾਹਦਾਰ ਸੇਵਕ ਸਨ ਜਾਂ ਮਰੀਦ ਅਥਵਾ ਸਿੱਖ ਸਨ ? ਮਰਦਾਨਾ ਮੁਸਲਮਾਨ ਸੀ ਕਿ ਸਿੱਖ ? ਬਾਬੇ ਨੂੰ ਚਹੁਕੁੰਟੀ ਗਾਵਣ ਵਾਲੇ ਉਹਦੀ ਦੇਹ ਤੋਂ ਲੜਨ ਵਾਲੇ ਮੁਸਲਮਾਨ ਸਨ, ਹਿੰਦੂ ਕਿ ਸਿਖ ?

—ਕਿਹਾ ਜਾਂਦਾ ਹੈ ਕਿ ਸਾਂਈ ਮੀਆਂ ਮੀਰ ਨੇ ਦਰਬਾਰ ਸਾਹਿਬ ਦੀ ਨੀਂਹ ਰਖੀ ਉਹ ਮੁਸਲਮਾਨ ਸੀ ਕਿ ਸਿੱਖ ?

—ਗੁਰੂ ਗੋਬਿੰਦ ਸਿੰਘ ਜੀ ਨੂੰ ਬਾਲ ਅਵਸਥਾ ਵਿਚ ਪਰਖਣ ਵਾਲਾ ਸਾਂਈ ਭੀਖਣ ਸ਼ਾਹ । ਭੰਗਾਣੀ ਦੇ ਜੁਧ ਵਿਚ ੪ ਪੁਤਰ ਤੇ ੭੦੦ ਮੁਰੀਦ ਸ਼ਹੀਦ ਕਰਾਉਣ ਵਾਲਾ ਪੀਰ ਬੁਧੂ ਸ਼ਾਹ ਮੁਸਲਮਾਨ ਸੀ ਕਿ ਸਿੱਖ ।

ਇਤਿਹਾਸ ਦੇ ਇਸ ਰਿੜਕਣ ਵਿਚੋਂ ਕਈ ਸਵਾਲ ਉਭਰੇ । ਦਸਮੇਸ਼ ਗੁਰੂ ਜੀ ਨੂੰ ਸੀਸ ਭੇਟ ਕਰਨ ਵਾਲੇ ਹਿੰਦੂ ਸਨ ? ਸਿਖ ਸਨ ? ਪੰਜਾਬੀ ਸਨ ਜਾਂ ਹਿੰਦੁਸਤਾਨੀ ?

—ਆਦਿ ਗਰੰਥ ਦੇ ਐਡੀਟਰ ਗੁਰੂ ਅਰਜਨ ਦੇਵ ਜੀ ਨੇ ਪਰਖ ਤੋਲ ਕੇ ਸਮੇਂ ਦੇ ਦਾਰਸ਼ਨਿਕਾਂ ਚਿੰਤਕਾਂ, ਸੰਤਾਂ ਭਗਤਾਂ ਦੀ ਰਚਨਾ ਨੂੰ ਇਸ ਚਹੁ ਜੁਗਾਂ ਚੋਂ ਸਰੇਸ਼ਟ ਗਰੰਥ ਵਿਚ ਸਤਿਕਾਰ ਯੋਗ ਥਾਂ ਦਿਤੀ ।

ਇਹ ਲੋਕ ਹਿੰਦੂ ਸਨ,ਮੁਸਲਮਾਨ ਜਾਂ ਸਿਖ ਸਨ,ਪੰਜਾਬੀ ਸਨ ਜਾਂ ਹਿੰਦੁਸਤਾਨੀ ? ਕੀ ਕੋਈ ਬਿਆਨ ਇਸ ਬਾਰੇ ਗੁਰੂ ਜੀ ਨੇ ਦਿਤਾ ?

ਗੁਰੂ ਨਾਨਕ ਦੇਵ ਜੀ ਦੇ ਵੇਲੇ ਮੁਗਲ ਬਾਦਸ਼ਾਹ ਬਾਬਰ ਦਾ ਹਮਲਾ ਹੋਇਆ ਜਿਸ ਦੀ ਦਹਿਸ਼ਤ ਵੇਖ ਕੇ ਗੁਰੂ ਜੀ ਨੇ ਰੱਬ ਨੂੰ ਤਾਅਨਾ ਮਾਰਿਆ ਕਿ "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ"

ਉਹਨਾਂ ਪੰਜਾਬ ਡਰਾਇਆ ਕਿਉਂ ਨਾ ਕਿਹਾ ਹਮਲਾ ਤਾਂ ਪੰਜਾਬ ਤੇ ਹੋਇਆ ਸੀ ।

ਪਤਾ ਨਹੀਂ ਕਿੰਨਾ ਚਿਰ ਇਹਨਾਂ ਸੋਚਾਂ ਨੇ ਮਨ ਮਲੀ ਰਖਿਆ ਓਦਰੋਂ ਗੁਰਦੁਆਰੇ ਦੇ ਲਾਊਡ ਸਪੀਕਰ ਚੋਂ ਆਸਾ ਦੀ ਵਾਰ ਦਾ ਅੰਤਮ ਛੱਕਾ ਪੜ੍ਹਿਆ ਜਾ ਰਿਹਾ ਸੀ ।

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਿਲਾਦ ਤਰਾਇਆ
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮ ਦੇਉ ਮੁਖਿ ਲਾਇਆ
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ

ਫੇਰ ਉਹਨਾਂ ਸੋਚਾਂ ਦੇ ਚੱਕਰ ਵਿਚ ਹੀ ਪ੍ਰਸ਼ਨ ਉਠਿਆ ਕਿ ਸਭ ਜੁਗਾਂ ਵਿਚ ਭਗਤਾਂ ਦੀ ਰਾਖੀ ਕਰਨ ਵਾਲਾ,


Sri Satguru Jagjit Singh Ji Elibrary NamdhariElibrary@gmail.com

ਹਰਣਾਖਸ ਨੂੰ ਮਾਰ ਕੇ ਪ੍ਰਹਿਲਾਦ ਬਚਾਉਣ ਵਾਲਾ, ਨਿੰਦਕਾਂ ਨੂੰ ਪਿਠ ਦੇ ਕੇ ਨਾਮ ਦੇਵ ਨੂੰ ਗਲ ਲਾਉਣ ਵਾਲਾ ਹਰਿ ਹਿੰਦੂਆ ਦਾ ਹਰਿ ਹੈ ਜਾਂ ਸਿਖਾਂ ਦਾ। ਕੀ ਉਹ "ਅੰਤਿ ਲਏ ਛੁਡਾਇਆ" ਸਿਖਾਂ ਵਾਸਤੇ ਹੈ ਜਾਂ ਹਿੰਦੂਆਂ ਲਈ।

ਮਨ ਇਹਨਾਂ ਸੋਚਾਂ ਵਿਚ ਹੀ ਅਰਦ ਸੁਪਨ ਅਵਸਥਾ ਵਿਚ ਚਲਾ ਗਿਆ। ਆਦਿ ਅਤੇ ਦਸਮ ਗਰੰਥ ਵਿਚ ਦਰਜ ਅਨੇਕਾਂ ਇਤਿਹਾਸਕ ਪਾਤਰਾਂ ਦਾ ਸਾਖਿਆਕਾਰ ਹੋਇਆ। ਬਹੁਤ ਸਪਸ਼ਟ ਤੌਰ ਤੇ ਦਿਸਿਆ ਕਿ ਇਕ ਪਾਸੇ ਬਾਬਰ ਖੜਾ ਸੀ ਮਾਸਪੁਰੀ ਦਾ ਰਾਜਾ, ਦੂਜੇ ਪਾਸੇ ਬਾਬਾ ਨਾਨਕ ਖੜਾ ਹੈ ਹਿੰਦੁਸਤਾਨ ਦਾ ਸ਼ਾਇਰ। ਇਕ ਪਾਸੇ ਹਰਨਾਖਸ ਖੜਾ ਹੈ ਦੂਜੇ ਬੰਨੇ ਪ੍ਰਹਿਲਾਦ। ਇਕ ਪਾਸੇ ਮਹਿਖਾ ਦੈਂਤ ਖੜਾ ਹੈ ਦਾਨਵੀ ਫੋਜਾਂ ਨਾਲ ਦੂਸਰੇ ਪਾਸੇ ਦੁਰਗਾ ਖੜੀ ਹੈ।

ਹਰਨਾਖਸ਼, ਬਾਬਰ ਅਤੇ ਮਹਿਖਾਸੁਰ ਦੀਆਂ ਫੌਜਾਂ ਵਿਚ ਕਈ ਰੰਗਾਂ ਵੇਸਾਂ ਰੂਪਾਂ ਦੇ ਲੋਕ ਹਨ ਜਾਣੇ ਪਹਿਚਾਣੇ ਚਿਹਰੇ ਵੀ ਹਨ ਤਰਸੂਲ ਫੜੀ ਹਰਿ ਹਰਿ ਮਹਾਂਦੇਵ ਗਾਉਣ ਵਾਲੇ, ਬੱਸਾਂ ਚੋਂ ਸਵਾਰੀਆਂ ਕੱਢ ਕੱਢ ਕੇ ਮਾਰਨ ਵਾਲੇ ਗੁਰਦੁਆਰਿਆਂ ਨੂੰ ਅੱਗਾ ਲਾਉਣ ਵਾਲੇ ਅਤੇ ਸਿਗਰਟਾਂ ਸੁਟਣ ਵਾਲੇ ਭਿਆਨਕ ਸ਼ਕਲਾਂ ਵਾਲੇ ਲਲਕਾਰੇ ਮਾਰਦੇ ਲੋਕ। ਇਹਨਾਂ ਦੇ ਸਾਥੀ ਇਹਨਾਂ ਨਾਲ ਇਕਠੇ ਹੋ ਕੇ ਲੜਣ ਲਈ ਤਿਆਰ ਬੋਲੇ ਸੋ ਨਿਹਾਲ, ਖਾਲਿਸਤਾਨ ਦੇ ਨਾਅਰੇ ਲੌਣ ਵਾਲੇ, ਮੋਟਰ ਸਾਈਕਲਾਂ ਦੀ ਗੂੰਜ ਵਿਚ ਬੱਚਿਆਂ ਬੁਢਿਆਂ ਗਰੀਬਾਂ ਨੂੰ ਸਟੇਣ ਗੰਨਾਂ ਰਾਹੀਂ ਦਾਣਿਆਂ ਵਾਂਗ ਭੁੰਨਣ ਵਾਲੇ, ਸੁਹਾਗਣਾਂ ਦੇ ਸਿਰ ਵਿਚ ਰਤ ਕਾ ਕੁੰਗੂ ਪਾਉਣ ਵਾਲੇ,ਮੰਦਰਾਂ ਵਿਚ ਗਊਆਂ ਦੇ ਸਿਰ ਸੁਟਣ ਵਾਲੇ, ਅਲਾਹ ਹੂ ਅਕਬਰ ਦੇ ਨਾਅਰੇ ਲੌਣ ਵਾਲੇ ਸਾਰੇ ਹੀ ਸ਼ਾਮਲ ਹਨ।

ਦੂਸਰੇ ਪਾਸੇ ਬਾਬਾ ਨਾਨਕ, ਗੁਰੂ ਅਰਜਨ ਸਾਈ ਮੀਆਂ ਮੀਰ, ਫਰੀਦ, ਕਬੀਰ, ਭਗਤ ਰਵਿਦਾਸ, ਨਾਮਦੇਵ, ਧਰੂ ਪ੍ਰਹਿਲਾਦ ਗੁਰੂ ਗੋਬਿੰਦ ਸਿੰਘ ਸਾਰੇ ਹੀ ਹਨ ਇਹਨਾਂ ਨਾਲ ਸਮੁਚੇ ਭਾਰਤ ਦੀ ਜਨਤਾ ਹੈ। ਦੈਂਤਾ ਦਾ ਨਾਸ ਕਰਨ ਲਈ ਮਹਿਖਾਸੁਰ ਨੂੰ ਮਾਰਨ ਲਈ। ਅਤੇ ਇਹਨਾਂ ਨਾਲ ਆਪ ਹਰਿ ਖਲੋਤਾ ਹੈ ਐਸਾ ਹਰਿ ਜਿਹੜਾ ਅੰਤਿ ਲਏ ਛੁਡਾਇਆ ਦਾ ਕਾਰਜ ਕਰਦਾ ਹੈ। ਇਹ ਲੋਕ ਬੜੇ ਚਿਰਾਂ ਪਿਛੋਂ ਉਠੇ ਹਨ। ਦੈਂਤ ਤੋਂ ਡਰਦੇ ਹੀ ਰਹੇ ਹੁਣ ਉਹਨਾਂ ਨੂੰ ਪਤਾ ਹੈ ਕਿ ਹਰਿ ਆਪ ਨਾਲ ਹੈ ਉਹਨਾਂ ਦੇ। ਅਤੇ ਹਮੇਸ਼ਾ ਹਰਿ ਹੀ ਜਿਤਦਾ ਹੈ।

---

ਬਿਹਾਰ ਦੇ ਸ਼ਹਿਰ ਹਜ਼ਾਰੀ ਬਾਗ ਵਿਚ ੧੦ ਜੂਨ ੧੯੭: ਨੂੰ ਸੂਬਾ ਸਾਹਿਬ ਸਿੰਘ ਅੰਗਰੇਜ਼ੀ ਕੈਦ ਵਿਚ ਹੀ ਸ਼ਹੀਦ ਹੋ ਗਏ ਸਨ। ਇਸ ਸਬੰਧ ਵਿਚ ਉਸ ਸ਼ਹਿਰ ਵਿਚ ਹਰ ਸਾਲ ਸ਼ਹੀਦੀ ਸਮਾਗਮ ਹੁੰਦਾ ਹੈ ਅਤੇ ਹੁਣ ਉਥੇ ਇਕ ਨਾਮਧਾਰੀ ਧਰਮਸਾਲਾ ਦੀ ਸਥਾਪਨਾ ਕਰਕੇ ਨਾਮ ਸਿਮਰਨ ਦੀ ਅਖੰਡ ਵਰਨੀ ਵੀ ਚਾਲੂ ਕਰ ਦਿਤੀ ਹੈ। ਉਪਰੋਕਤ ਤਸਵੀਰ ਵਿਚ ਪਿਛਲੇ ਸਾਲ ਇਸ ਵਰਨੀ ਵਿਚ ਭਾਗ ਲੈਣ ਵਾਲੇ ਸਿੰਘ ਦਿਖਾਈ ਦੇ ਰਹੇ ਹਨ।

ਬੈਠੇ ਹੋਏ ਖਬੇ ਤੋਂ : ਸੰਤ ਦੇਵਾ ਸਿੰਘ ਦਸੂਹਾ, ਸੰਤ ਇੰਦਰ ਸਿੰਘ ਲਾਂਗੜੀ, ਸੰਤ ਅਰਜਨ ਸਿੰਘ ਢਾਂਡਾ,ਮੁਖਤਿਆਰ।

ਖੜੇ ਹੋਏ ਖਬੇ ਤੋਂ : ਜਥੇਦਾਰ ਸੰਤਾ ਸਿੰਘ ਪੰਡੋਰੀ ਸੰਤ ਗੁਰਦੀਪ ਸਿੰਘ ਸਿੰਘਪੁਰਾ, ਸੰਤ ਬਹਾਦਰ ਸਿੰਘ ਬੇਹ ਬਰਨਾਲਾ ਅਤੇ ਸੰਤ ਅਮਰੀਕ ਸਿੰਘ ਸਿੰਘ ਪੁਰਾ।




Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ 'ਮਾਨਸਰੋਵਰ ਗਾਰਡਨ ਨਵੀਂ ਦਿੱਲੀ' ਸਰਘੀ ਦੇ ਤਾਰੇ ਵਾਂਗ ਦਿੱਲੀ ਦੇ ਵਿਦਿਅਕ ਆਕਾਸ਼ ਮੰਡਲ ਵਿਚ ਉਦੇ ਹੋਇਆ ਹੈ। ਬਹੁਤ ਹੀ ਸੰਖੇਪ ਸਮੇਂ ਵਿਚ ਇਸ ਨੇ ਚਮਤਕਾਰੀ ਪ੍ਰਾਪਤੀਆਂ ਕਰ ਕੇ ਭਵਿਖ ਦੇ ਸੁਪਨਿਆਂ ਨੂੰ ਬਹੁਤ ਹੀ ਛੇਤੀ ਰੂਪਮਾਨ ਕਰਨ ਦੀ ਆਸ ਬਨ੍ਹਾਈ ਹੈ। ਜਿਵੇਂ ਸੁਆਹ ਦੇ ਢੇਰ 'ਚੋਂ ਗੁਲਾਬ ਉਗ ਪਵੇ, ਇਹੋ ਜਿਹੀ ਕਰਾਮਾਤ ਇਸ ਸਕੂਲ ਦੇ ਪ੍ਰਕਾਸ਼ਮਾਨ ਹੋਣ ਨਾਲ ਹੋਈ ਹੈ। ਵਧੀਆ ਪੜ੍ਹਾਈ ਬੱਚਿਆਂ ਵਿਚ ਅਨੁਸ਼ਾਸਨ, ਆਪਣੇ ਧਰਮ ਅਤੇ ਸਮਾਜ ਪ੍ਰਤੀ ਚੇਤੰਨ ਪਹੁੰਚ, ਸਭਿਆਚਾਰਕ ਖੇਤਰ ਵਿਚ ਪ੍ਰਮੁਖਤਾ ਕਾਰਨ ਇਸ ਸਕੂਲ ਦੀ ਸੰਦਲੀ ਮਹਿਕ ਹਰ ਪਾਸੇ ਪਸਰ ਗਈ ਹੈ। ਬੱਚਿਆਂ ਨੂੰ ਘਰਾਂ ਤੋਂ ਲਿਆਉਣ ਅਤੇ ਵਾਪਸ ਪਹੁੰਚਾਉਣ ਵਾਸਤੇ ਮੈਟਾਡੋਰ ਗੱਡੀਆਂ ਦਾ ਇੰਤਜ਼ਾਮ ਹੈ। ਸਕੂਲ ਵਿਚ ਬੱਚਿਆਂ ਦੀਆਂ ਖੇਡਾਂ ਅਤੇ ਮਨੋਰੰਜਨ ਦਾ ਵਧੀਆ ਪ੍ਰਬੰਧ ਹੈ। ਹੁਣ ਇਸ ਸਕੂਲ ਦੀ ਵਿਸ਼ਾਲ ਨਵੀਂ ਇਮਾਰਤ ਵੀ ਉਸਾਰੀ ਅਧੀਨ ਹੈ, ਜਿਸ ਤੇ ਲਗਾਤਾਰ ਕੰਮ ਹੋ ਰਿਹਾ ਹੈ। ਇਹ ਭਵਿਖ ਦੇ ਵਿਦਿਅਕ ਮੰਦਰ ਦੀ ਉਸਾਰੀ ਹੈ ਅਤੇ ਲੱਖਾਂ ਰੁਪਏ ਦਾ ਪ੍ਰਾਜੈਕਟ ਹੈ। ਅਗੇ ਵੀ ਸਕੂਲ ਦੀ ਸਥਾਪਨਾ ਅਤੇ ਚਾਲੂ ਰਖਣ ਵਾਸਤੇ ਜੋ ਮਾਇਆ ਲਗੀ ਹੈ ਉਹ ਅੰਦਾਜ਼ੇ ਤੋਂ ਬਾਹਰ ਹੈ। ਦਿੱਲੀ ਦੀ ਨਾਮਧਾਰੀ ਸੰਗਤ ਨੇ ਆਪਣਾ ਸਹਿਯੋਗ ਦੇ ਕੇ ਉਤਸ਼ਾਹੀ ਪ੍ਰਬੰਧਕਾਂ ਦਾ ਹੱਥ ਵਟਾਇਆ ਹੈ। ਪਰ ਇਸ ਕਾਰਜ ਵਾਸਤੇ ਤਾਂ ਬਹੁਤ ਤਗੜੇ ਹੰਭਲੇ ਦੀ ਲੋੜ ਹੈ। ਇਸ ਇਕ ਕੰਮ ਦੇ ਸਿਰੇ ਚੜ੍ਹਨ ਨਾਲ ਤੁਹਾਡੇ ਸਾਰਿਆਂ ਦੇ ਬੱਚਿਆਂ ਦਾ ਭਵਿੱਖ

ਸਕੂਲ ਦੇ ਬੱਚੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੇ ਨਗਰ ਕੀਰਤਨ ਵਿਚ
ਨਾਲ ਮੈਨੇਜਰ ਡਾ: ਬਲਵੰਤ ਸਿੰਘ ਖੜੇ ਹਨ।



Sri Satguru Jagjit Singh Ji Elibrary NamdhariElibrary@gmail.com

ਉਜਲਾ ਹੋ ਜਾਵੇਗਾ। ਅਜੇ ਤਾਂ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ ਗਈ। ਸਕੂਲ ਦੀ ਵਿਸ਼ਾਲ ਨਵੀਂ ਇਮਾਰਤ ਖੇਡਣ ਵਾਸਤੇ ਮੈਦਾਨ, ਨਿੱਤ ਨਵੀਆਂ ਕਲਾਸਾਂ ਦਾ ਚਾਲੂ ਕਰਨਾ। ਬਾਹਰੋਂ ਆਏ ਵਿਦਿਆਰਥੀਆਂ ਦੀ ਰਿਹਾਇਸ਼ ਵਾਸਤੇ ਹੋਸਟਲ ਅਤੇ ਹੋਰ ਅਨੇਕਾਂ ਕਾਰਜਾਂ ਵਾਸਤੇ ਜਤਨ ਆਰੰਭ ਹਨ। ਸਕੂਲ ਵਿਚ ਅਗੋਂ ਕਈ ਜਕੂਲ ਜਿਵੇਂ ਸੰਗੀਤ, ਚਿੱਤਰਕਾਰੀ ਅਤੇ ਹੋਰ ਕੋਮਲ ਕਲਾਵਾਂ ਵਾਸਤੇ ਕਲਾਸਾਂ ਨੂੰ ਜਿਆਦਾ ਦ੍ਰਿੜ੍ਹ ਰੂਪ ਵਿਚ ਚਾਲੂ ਕਰਨ ਦੇ ਪ੍ਰੋਗਰਾਮ ਹਨ। ਹੁਣ ਵੀ ਇਸ ਸਕੂਲ ਦੇ ਬੱਚੇ ਕਦੇ ਪਬਲਿਕ ਪ੍ਰੋਗਰਾਮ, ਦੀਵਾਨ ਆਦਿ ਤੇ ਜਦੋਂ ਸ਼ਬਦ ਗਾਇਨ, ਡੀਬੇਟ ਜਾਂ ਲੈਕਚਰ ਆਦਿ ਦਾ ਪ੍ਰੋਗਰਾਮ ਦਿੰਦੇ ਹਨ ਤਾਂ ਸਕੂਲ ਦੀਆਂ ਵਿਵਿਧ ਸਰਗਰਮੀਆਂ ਦਾ ਗਿਆਨ ਹੁੰਦਾ ਹੈ। ਬੀਤੇ ਗਣਤੰਤਰ ਦਿਵਸ, ਛੱਬੀ ਜਨਵਰੀ ਦੇ ਅਵਸਰ ਤੇ ਸਕੂਲ ਵਿਚ ਵਿਸ਼ੇਸ਼ ਪ੍ਰੋਗਰਾਮ ਹੋਇਆ, ਜਿਸ ਵਿਚ ਸ: ਹਰਵਿੰਦਰ ਸਿੰਘ ਹੰਸਪਾਲ ਮੈਂਬਰ ਪਾਰਲੀਮੈਂਟ ਨੇ ਰਾਸ਼ਟਰੀ ਝੰਡਾ ਝੁਲਾਇਆ ਅਤੇ ਬੱਚਿਆਂ ਨੇ ਬਹੁਤ ਪ੍ਰਭਾਵਸ਼ਾਲੀ ਪ੍ਰੋਗਰਾਮ ਪੇਸ਼ ਕੀਤਾ ਅਤੇ ਇਵੇਂ ਹੀ ਬਸੰਤ ਪੰਚਮੀ ਤੇ ਇਨਾਮ ਵੰਡ ਸਮਾਗਮ ਸਮੇਂ ਵੀ ਸਕੂਲ ਨੇ ਆਪਣੀ ਪ੍ਰਤਿਭਾ ਦੀ ਛਾਪ ਛੱਡੀ।

ਸਮੂਹ ਨਾਮਧਾਰੀ ਅਤੇ ਵਿਸ਼ੇਸ਼ ਕਰ ਕੇ ਦਿੱਲੀ ਦੀ ਸੰਗਤ ਦਾ ਕਰਤੱਵ ਬਣਦਾ ਹੈ ਕਿ ਉਹ ਪ੍ਰਬੰਧਕਾਂ ਦਾ ਨਵੀਂ ਉਸਾਰੀ ਵਿਚ ਹੱਥ ਵਟਾਉਣ। ਸਾਨੂੰ ਪਤਾ ਹੈ ਕਿ ਕਈ ਪ੍ਰਬੰਧਕਾਂ ਨੇ ਪਲਿਓਂ ਲੱਖਾਂ ਲਾ ਦਿਤੇ ਹਨ। ਭਾਵੇਂ ਕਿੰਨੀ ਵੀ ਉਗਰਾਹੀ ਹੋਈ ਹੋਵੇ ਪਰ ਮਹਾਨ ਕਾਰਜ ਵਿਚ ਇਸ ਦੇ ਖਪਣ ਲਗਿਆਂ ਪਤਾ ਨਹੀਂ ਲਗਦਾ। ਲੋੜ ਹੈ ਆਮ ਲੋਕ ਵੀ ਜਿਵੇਂ ਆਪਣਾ ਘਰ ਬਨਾਉਂਦੇ ਹਨ, ਇਵੇਂ ਹਰ ਵਿਅਕਤੀ ਕੋਈ ਇਕ ਕਮਰਾ ਕੋਈ ਮੋਟਰ ਗੱਡੀ ਕੋਈ ਹੋਰ ਸਮਾਨ ਜੋਗੀ ਰਕਮ ਸਕੂਲ ਨੂੰ ਦੇਵੇ। ਏਡੇ ਵੱਡੇ ਅਹਿਸਾਸ ਨਾਲ ਤੁਰਿਆਂ ਇਹ ਗੱਲ ਸਿਰੇ ਚੜ੍ਹੇਗੀ। ਸਾਡੀ ਅਪੀਲ ਹੈ ਕਿ ਦੇਸ਼ ਧਰਮ ਤੋਂ ਮਲੂਕੜੀ ਜਾਨ ਨਿਛਾਵਰ ਕਰਨ ਵਾਲੇ ਵੀਰ ਬਹਾਦਰ, ਬਾਲਕ ਬਿਸ਼ਨ ਸਿੰਘ ਦੀ ਯਾਦ ਬਣੇ ਇਸ ਸਕੂਲ ਵਾਸਤੇ ਵੀ ਤਨ ਮਨ ਧਨ ਨਿਛਾਵਰ ਕਰ ਦੇਣਾ ਚਾਹੀਦਾ ਹੈ। ਅਸੀਂ ਵਰਿਆਮ ਵਿਚ ਤੁਹਾਡੇ ਉਦਮ ਦਾ ਜ਼ਿਕਰ ਕਰਦੇ ਰਹਾਂਗੇ।

—ਜਗਦੀਸ਼ ਸਿੰਘ

# ਇਕ ਅੰਕ

ਪੰਜਾਬ ਵਿਚ ਵਾਪਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਅਤੇ ਕਰਫਿਊ ਕਾਰਨ ਜਦੋਂ ਹਰ ਇਕ ਗਲ ਅਨਿਸਚਿਤ ਹੋ ਗਈ ਸੀ ਵਰਿਆਮ ਦੀ ਪ੍ਰਕਾਸ਼ਨਾਂ ਵੀ ਅਨਿਸਚਿਤ ਹੋ ਗਈ। ਇਸ ਵਾਸਤੇ ਹਥਲਾ ਅੰਕ, ਸਾਮਗਰੀ ਤਰਤੀਬ, ਸਮਾਂ ਅਤੇ ਬਹੁਤ ਸਾਰੇ ਹੋਰ ਪੱਖਾਂ ਤੋਂ ਆਪਣੀ ਪੂਰਵ ਨਿਸਚਿਤ ਵਿਉਂਤ ਤੋਂ ਹਿਲ ਗਿਆ ਹੈ। ਸਹਾਇਤਾ ਸੂਚੀ ਸਮੇਤ ਕਈ ਰਚਨਾਵਾਂ ਅਣ-ਛਪਿਆਂ ਰਹਿ ਗਈਆਂ ਹਨ। ਇਸ ਵਾਸਤੇ ਇਸ ਦੀਆਂ ਖਾਮੀਆਂ ਨੂੰ ਪਾਠਕ ਅਖੋਂ ਓਹਲੇ ਕਰਦੇ ਹੋਏ ਇਸ ਨੂੰ ਪਰਵਾਨ ਕਰਨ।

—ਸੰਪਾਦਕ

# ਅਫਜ਼ਲ ਅਹਿਸਨ ਰੰਧਾਵਾ ਨੂੰ ਸਦਮਾ

ਪੰਜਾਬੀ ਦੇ ਉੱਘੇ ਸਾਹਿਤ-ਕਾਰ ਚੋ: ਅਫ਼ਜ਼ਲ ਅਹਿਸਨ ਰੰਧਾਵਾ (ਪਾਕਿਸਤਾਨ) ਦੇ ਵਾਲਿਦ ਚੋਧਰੀ ਸਰਫ਼ਰਾਜ਼ ਅਹਿਮਦ ਰੰਧਾਵਾ ਫਰਵਰੀ ਮਹੀਨੇ ਦੀ ਦੋ ਤਾਰੀਖ ਨੂੰ ਮਿਓ ਹਸਪਤਾਲ ਲਾਹੌਰ ਵਿਚ ਚਲਾਣਾ ਕਰ ਗਏ ਹਨ। ਇਸ ਗੱਲ ਦਾ ਪਤਾ, ਸਰਹੱਦ ਪਾਰ ਤੋਂ ਚੋ: ਅਫ਼ਜ਼ਲ ਰੰਧਾਵਾ ਦੀ ਆਈ ਚਿੱਠੀ ਤੋਂ ਲਗਾ। ਪੰਜਾਬੀ ਵਿਚ ਅਫ਼ਜ਼ਲ ਨੇ, ਮੁਕੇਰੀਆਂ ਤੋਂ ੧੨ ਕਿਲੋਮੀਟਰ ਦੂਰ ਪਿੰਡ ਲਾਟਪੁਰ ਵਿਖੇ ਆ ਕੇ ਵਸੇ ਆਪਣੇ ਚਾਚਾ ਸ੍ਰ: ਟਹਿਲ ਸਿੰਘ ਰੰਧਾਵਾ ਨੂੰ ਲਿਖਿਆ ਹੈ, "ਚਾਚਾ ਜੀ ਅੱਧਾ ਕਿਆਮਪੁਰ ਉਸ ਦਿਨ ਉਜੜ ਗਿਆ ਸੀ, ਜਿਸ ਦਿਨ ਤੁਸੀਂ ਇਥੋਂ ਚਲੇ ਗਏ ਸਓ ਤੇ ਰਹਿੰਦਾ ਖੂੰਹਦਾ ਪਿੰਡ ਹੁਣ ਉੱਜੜ ਗਿਆ ਹੈ।" ਸ੍ਰ: ਟਹਿਲ ਸਿੰਘ ਰੰਧਾਵਾ ਆਪਣੇ ਭਰਾ ਤੇ ਉਸਦੇ ਪਰਿਵਾਰ ਨੂੰ ਮਿਲਣ ਲਈ ਇਹਨਾਂ ਦਿਨਾਂ ਅੰਦਰ ਪਾਕਿਸਤਾਨ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ ਕਿ ਅਚਾਨਕ ਉਹਨਾਂ ਦੀ ਮੌਤ ਦੀ ਚਿੱਠੀ ਆ ਗਈ।

ਅਸੀਂ ਰੰਧਾਵਾ ਜੀ ਦੇ ਇਸ ਗ਼ਮ ਵਿਚ ਸ਼ਰੀਕ ਹੁੰਦੇ ਹੋਏ ਵਰਿਆਮ ਵਲੋਂ ਹਮਦਰਦੀ ਪ੍ਰਗਟ ਕਰਦੇ ਹਾਂ। ਯਾਦ ਰਹੇ ਵਰਿਆਮ ਦਸੰਬਰ ਵਿਚ ਛਪੀ ਕਹਾਣੀ ਬੰਨੇ ਚੰਨੇ ਦੇ ਭਰਾ ਵਿਚ ਉਹਨਾਂ ਦੇ ਵਾਲਦ ਸਾਹਿਬ ਅਤੇ ਚਾਚਾ ਦਾ ਜ਼ਿਕਰ ਸੀ।

—ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

# ਸੁਤੰਤਰਤਾ ਸੰਗ੍ਰਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ

—ਮਾਸਟਰ ਨਿਹਾਲ ਸਿੰਘ

ਭਾਰਤ ਵਰਸ਼ ਨੂੰ ਬਦੇਸ਼ੀਆਂ ਦੇ ਜੂਲੇ ਹੇਠੋਂ ਕੱਢਣ ਲਈ ਕਈ ਕੌਮੀ ਲਹਿਰਾਂ ਨੇ ਸਿਰਤੋੜ ਯਤਨ ਕੀਤੇ, ਜਿਨ੍ਹਾਂ ਵਿਚੋਂ ਸਰਵ ਸਰੇਸ਼ਟ ਕੂਕਾ ਲਹਿਰ ਸੀ। ਇਸ ਨੇ ੧੪ ਅਪਰੈਲ ੧੮੫੭ ਤੋਂ ਨਾ ਮਿਲਵਰਤਨੀ ਢੰਗ ਨਾਲ ਪੁਰਅਮਨ ਰਹਿੰਦਿਆਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਸ੍ਰੀ ਗਨੇਸ਼ ਕੀਤਾ ਤੇ ਕੁਰਬਾਨੀਆਂ ਕੀਤੀਆਂ, ਇਸ ਬਾਰੇ ਦੇਸ਼ ਦੇ ਮਹਾਨ ਨੇਤਾ, ਪੰਡਤ ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ, "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤ ਭੂਮੀ ਨੂੰ ਸੁਤੰਤਰਤਾ ਦਿਵਾਉਣ ਲਈ ਅੱਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਤਾਸ਼ਾਲੀ ਪ੍ਰੋਗਰਾਮ ਚਾਲੂ ਕੀਤਾ ਸੀ, ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ।"

ਇਸ ਲਹਿਰ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ। ਜਿਨ੍ਹਾਂ ਦਾ ਅਵਤਾਰ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਘਰ ਬਸੰਤ ਪੰਚਮੀ ਵਾਲੇ ਦਿਨ (੧੮੧੬ ਈਸਵੀ ੧੮੭੨ ਬਿਕ੍ਰਮੀ) ਨੂੰ ਪਿੰਡ ਰਾਈਆਂ (ਜ਼ਿਲਾ ਲੁਧਿਆਣਾ) ਵਿਚ ਹੋਇਆ।

ਚੜ੍ਹਿਆ ਸੂਰਜ ਚੜ੍ਹਦਿਉਂ, ਹੋਇਆ ਅੰਬਰ ਲਾਲ
ਧਰਤੀ ਕੁਖੋਂ ਜਨਮਿਆਂ ਕੋਈ ਇਨਕਲਾਬੀ ਬਾਲ
ਉਹਦੀ ਹਿੱਕੇ ਦਰਦ ਸੀ ਦੇਸ਼ ਦਾ, ਉਹਦੇ ਸੀਨੇ ਵਿਚ ਉਬਾਲ
ਉਸ ਚਰਬੀ ਕਢਕੇ ਜਿਸਮ ਦੀ, ਇਕ ਦੀਵਾ ਦਿਤਾ ਬਾਲ
ਉਸ ਆਖਿਆ 'ਓਏ ਪ੍ਰਵਾਨਿਓਂ, ਅਜ ਗਾਵੋ ਨਵੇਂ ਖਿਆਲ
ਗਲਾਂ ਛੱਡ ਪੁਰਾਣੀਆਂ ਕਰੋ ਅਜ਼ਾਦੀ ਦੀ ਭਾਲ

ਆਪ ਨੇ ਸਿੱਖ ਰਾਜ ਦਾ ਪਤਨ ਅਤੇ ਦੇਸ਼ ਦੀ ਗੁਲਾਮੀ ਆਪਣੇ ਨੇਤਰਾਂ ਨਾਲ ਵੇਖੀ ਸੀ ਇਸ ਵਾਸਤੇ ਉਨ੍ਹਾਂ ਨੇ ਸਿੱਖੀ ਨੂੰ ਮੁੜ ਨਵੇਂ ਸਿਰੇ ਸੁਰਜੀਤ ਕਰਨ ਦਾ ਪ੍ਰੋਗਰਾਮ ਉਲੀਕਿਆ।

੧੯੧੪ ਬਿਕਰਮੀ ਦੀ ਵੈਸਾਖੀ (ਸੰਨ ੧੮੫੭) ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਚਿੱਟਾ ਝੰਡਾ ਲਹਿਰਾ ਸਭ ਕੌਮਾਂ ਨੂੰ ਹਥਿਆਰ ਸਮੁੰਦਰ ਵਿਚ ਸੁਟ ਕੇ ਸ਼ਾਂਤੀ ਪੂਰਵਕ ਜੀਵਨ ਗੁਜ਼ਾਰਨ ਦਾ ਪੈਗਾਮ ਸੁਣਾਇਆ। ਇਸ ਦੇ ਨਾਲ ਹੀ ਸਿਖੀ ਨੂੰ ਸੁਰਜੀਤ ਕਰਨ ਹਿਤ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਸੰਤ ਖਾਲਸੇ ਦੀ ਸਾਜਨਾ ਕੀਤੀ। ਦੇਸ਼ ਆਜ਼ਾਦੀ ਹਿਤ ਨਾਮਿਲਵਰਤਨ ਦਾ ਨਵਾਂ ਸ਼ਸਤਰ ਦਿਤਾ। ਬਦੇਸ਼ੀ ਚੀਜ਼ਾਂ ਦਾ ਬਾਈਕਾਟ, ਕਚਹਿਰੀਆਂ ਦਾ ਬਾਈਕਾਟ, ਸਕੂਲਾਂ ਦਾ ਬਾਈਕਾਟ। ਇਥੋਂ ਤੀਕ ਕਈ ਗੁਰੂ ਪਿਆਰਿਆਂ ਰੇਲ ਤੇ ਚੜਨਾ, ਸੜਕ ਤੇ ਤੁਰਨਾ ਤੇ ਨਹਿਰ ਦੇ ਪਾਣੀ ਵਰਤਣ ਦਾ ਸੰਕੋਚ ਕੀਤਾ। ਆਪ ਨੇ ਗਊ ਅਤੇ ਗਰੀਬ ਦੀ ਰਖਿਆ ਦੀ ਪ੍ਰੇਰਨਾ ਦਿਤੀ, ਲੜਕੀਆਂ ਨੂੰ ਮਾਰਨਾ, ਵੇਚਣਾ, ਵੱਟਾ ਕਰਨ ਦੇ ਕੁਕਰਮਾਂ ਤੋਂ ਰੋਕਿਆ। ਬਾਲ ਵਿਵਾਹ ਬੰਦ ਕੀਤਾ। ਵਿਧਵਾ ਵਿਵਾਹ ਦੀ ਰੀਤੀ ਟੋਰੀ। ੧੯੨੦ ਬਿਕਰਮੀ ਵਿਚ ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਮਰਦਾਂ ਦੇ ਬਰਾਬਰ ਸਨਮਾਨਤ ਕੀਤਾ।

ਸਤਿਗੁਰੂ ਜੀ ਦੇ ਪ੍ਰੋਗਰਾਮ ਤੋਂ ਬਹੁਤ ਸਾਰੇ ਲੋਕ ਪ੍ਰਭਾਵਤ ਹੋਏ। ਥੋੜੇ ਸਮੇਂ ਵਿਚ ਮਾਸ, ਸ਼ਰਾਬ, ਚੋਰੀ ਯਾਰੀ ਆਦਿ ਤਿਆਗ ਕੇ ਸਤਵਾਦੀ ਸਿਖ ਬਣ ਗਏ। ਸਿੱਖੀ ਦੀ ਇਹ ਉਚੀ ਅਵਸਥਾ ਜਾਣ ਕੇ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਨੇ ਇਹ ਆਖਿਆ ਸੀ "ਸ੍ਰੀ ਬਾਬਾ ਜੀ ਦੀ ਪਵਿੱਤਰ ਜੀਵਨੀ ਪੜ੍ਹਕੇ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਿੱਖ ਰਾਜ ਦੇ ਅੰਤ ਪਿਛੋਂ ਸਿੱਖੀ ਦਾ ਝੰਡਾ ਉਚਾ ਕਰਨ ਵਾਲੇ ਮਹਾਂਪੁਰਸ਼ਾਂ ਵਿਚੋਂ ਆਪ ਉਸ ਸ਼ਰੇਣੀ ਵਿਚੋਂ ਹੋਏ ਹਨ। ਆਪ ਨੇ ਸਭ ਤੋਂ ਪਹਿਲਾਂ ਸਿਖਾਂ ਨੂੰ ਭੁਲੀ ਹੋਈ ਸਿਖੀ ਦਾ ਚੇਤਾ ਕਰਾਇਆ ਤੇ ਨਾਮ ਬਾਣੀ ਦਾ ਲੜ ਜੋ ਉਹਨਾਂ ਦੇ ਹੱਥੋਂ ਛੁੱਟ ਚੁਕਾ ਸੀ ਬੜੇ ਪਿਆਰ ਨਾਲ ਉਨ੍ਹਾਂ ਦੇ ਹੱਥ ਵਿਚ ਦਿਤਾ।

੧੯੨੦ ਬਿਕਰਮੀ ਵਿਚ ਅਨੰਦ ਮਰਯਾਦਾ ਚਾਲੂ ਕੀਤੀ। ਇਸਦੇ ਵਿਰੁਧ ਬ੍ਰਾਹਮਣਾਂ ਰਪੋਰਟ ਕੀਤੀ। ਜਿਸ ਦੇ ਫਲਸਰੂਪ ਗੁਰੂ ਰਾਮ ਸਿੰਘ ਜੀ ਨੂੰ ਪੋਲੀਸ ਦੀ ਨਿਗਰਾਨੀ ਹੇਠਾਂ ਸ੍ਰੀ ਭੈਣੀ ਸਾਹਿਬ ਪਹੁੰਚਾ ਦਿਤਾ। ਇਨ੍ਹਾਂ ਉਤੇ ਸਰਕਾਰ ਵਲੋਂ ਪਾਬੰਦੀ ਲਾ ਦਿਤੀ ਗਈ । ਅਤੇ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿਤੇ। ਹੁਣ ਆਪ ਨੇ ਪ੍ਰੋਗਰਾਮ ਚਾਲੂ ਰੱਖਣ ਲਈ ੨੨ ਸੂਬੇ ਥਾਪੇ। ਇਨ੍ਹਾਂ ਵਿਚ ਇਕ ਮਾਈ ਹੁਕਮੀ ਸੀ, ਜਿਹੜੀ ਬੜੀ ਦਲੇਰ ਤੇ ਨਿਡੱਰ ਸੀ। ਉਸ ਦੇ ਪ੍ਰਭਾਵ ਹੇਠਾਂ ਕਈ ਵੱਡੇ ਵੱਡੇ ਘਰਾਨੇ ਆ ਗਏ। ਮਾਹਰਾਜ ਨਾਭਾ ਦਾ ਨਾਉਂ ਖਾਸ ਕਰਕੇ ਲਿਆ ਜਾ ਸਕਦਾ ਹੈ। ੧੯੬੭ ਵਿਚ


Sri Satguru Jagjit Singh Ji Elibrary NamdhariElibrary@gmail.com

ਇਨਸਪੈਕਟਰ ਜਨਰਲ ਪੋਲੀਸ ਨੇ ਪੰਜਾਬ ਗਵਰਨਮਿੰਟ ਨੂੰ ਲਿਖਿਆ ਹੈ। "ਭਾਵੇਂ ਮੇਰੀ ਰਾਏ ਹੈ ਕਿ (ਗੁਰੂ) ਰਾਮ ਸਿੰਘ ਜੀ ਦੀ ਸਰਗਰਮੀਆਂ ਤੇ ਅਜੇ ਬੰਦਸ਼ ਲਾਣ ਦੀ ਲੋੜ ਨਹੀਂ ਹੈ, ਪ੍ਰੰਤੂ ਫੇਰ ਵੀ ਮੈਂ ਸਮਝਦਾ ਹਾਂ ਕਿ ਉਸਦੀਆਂ ਤੇ ਉਸਦੇ ਸੂਬਿਆਂ ਦੀਆਂ ਕਾਰਵਾਈਆਂ ਵਲ ਚੰਗੀ ਤਰ੍ਹਾਂ ਧਿਆਨ ਰਖਣਾ ਚਾਹੀਦਾ ਹੈ।"

ਸਤਿਗੁਰੂ ਜੀ ਨੇ ਆਪਣੇ ਰਾਜਨੀਤਕ ਉਦੇਸ਼ ਦੀ ਪੂਰਤੀ ਲਈ ਨਿਪਾਲ, ਹੈਦਰਾਬਾਦ, ਅਤੇ ਰੂਸ ਨਾਲ ਸਬੰਧ ਜੋੜ ਲਏ। ਕਸ਼ਮੀਰ ਵਿਚ ਇੱਕ ਕੂਕਾ ਰੈਜਮੈਂਟ ਵੀ ਖੜੀ ਕੀਤੀ। ਚਿੱਠੀ ਪੱਤਰ ਦਾ ਵੀ ਆਪਣਾ ਮਹਿਕਮਾ ਕਾਇਮ ਕਰ ਲਿਆ ਜਿਸ ਬਾਰੇ ਮਿ: ਪ੍ਰਕਿਨਜ਼ ਲਿਖਦਾ ਹੈ, "ਕੂਕੇ ਜਿਨਾਂ ਨੂੰ ਸੰਤ ਖਾਲਸਾ ਵੀ ਕਿਹਾ ਜਾਂਦਾ ਹੈ ਉਹਨਾਂ ਦਾ ਡਾਕ ਦਾ ਮਹਿਕਮਾ ਵੀ ਪ੍ਰਾਈਵੇਟ ਹੈ। ਜੋ ਬੜਾ ਖੂਬੀ ਨਾਲ ਜਥੇਬੰਦ ਹੈ। ਇਕ ਕੂਕਾ ਜੋ ਡਾਕ ਲੈ ਕੇ ਦੂਜੇ ਪਿੰਡ ਦੇ ਕੂਕੇ ਪਾਸ ਪੁਜਦਾ ਹੈ। ਉਹ ਜੋ ਕੰਮ ਕਰਦਾ ਹੈ, ਛੱਡ ਦੇਂਦਾ ਹੈ। ਜੇ ਰੋਟੀ ਅੱਧੀ ਖਾਧੀ ਹੈ ਤਾਂ, ਦੂਜੀ ਗਰਾਹੀ ਮੂੰਹ ਵਿਚ ਨਹੀਂ ਪਾਉਂਦਾ ਅਤੇ ਕੋਈ ਪ੍ਰਸ਼ਨ ਪੁਛਣ ਤੋਂ ਬਿਨਾਂ ਹੀ ਚਿੱਠੀ ਲੈ ਕੇ ਦੌੜ ਪੈਂਦਾ ਹੈ। (ਅਰ ਦੂਜੇ ਪੜਾਅ ਤੇ ਪੁਜ ਕੇ ਦੂਜੇ ਕੂਕੇ ਦੇ ਹਵਾਲੇ ਕਰ ਦੇਂਦਾ ਹੈ)। ਇਨ੍ਹਾਂ ਦਿਨਾਂ ਵਿਚ ਤਿੰਨ ਵੇਰ ਹਕੂਮਤ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਦੋ ਵਾਰ ਅਨੰਦਪੁਰ ਸਾਹਿਬ ਤੇ ਇਕ ਵੇਰ ਅੰਮ੍ਰਿਤਸਰ ਪੁਜਕੇ ਆਪਣਾ ਪ੍ਰਚਾਰ ਕੀਤਾ, ਭਾਵ ਤਿੰਨ ਵਾਰ ਸਤਿਆਗ੍ਰਹਿ ਕੀਤਾ।

ਪੰਜਾਬ ਦੇ ਅੰਗਰੇਜ਼ਾਂ ਦੇ ਕਬਜੇ ਵਿਚ ਆਉਣ ਤੋਂ ਪਹਿਲਾਂ ਗਊ ਕਸ਼ੀ ਬਿਲ ਕੁਲ ਬੰਦ ਸੀ ਪਰ ਅੰਗਰੇਜ਼ਾਂ ਨੇ ਇਸ ਦੀ ਆਮ ਆਗਿਆ ਦੇ ਦਿਤੀ। ਇਕ ਪੱਥਰ ਨਾਲ ਦੋ ਨਿਸ਼ਾਨੇ। ਗਊ ਮਾਸ ਦੀ ਆਮ ਵਿਕਰੀ ਹਿੰਦੂ ਸਿਖਾਂ ਵਾਸਤੇ ਮਰਨ ਬਰਾਬਰ ਸੀ। ਅੰਮ੍ਰਿਤਸਰ ਵਾਲੇ ਬੁਚੜਖਾਨੇ ਕਾਰਨ ਸ੍ਰੀ ਦਰਬਾਰ ਸਾਹਿਬ ਦੀ ਪਵਿਤ੍ਰਤਾ ਭੰਗ ਹੁੰਦੀ ਕੂਕੇ ਬਰਦਾਸ਼ਤ ਨ ਕਰ ਸਕੇ ਤੇ ਉਨ੍ਹਾਂ ਸ੍ਰੀ ਅੰਮ੍ਰਿਤਸਰ, ਰਾਏਕੋਟ ਦੇ ਬੁਚੜਖਾਨਿਆਂ ਤੇ ਹਲਾ ਕਰ ਦਿਤਾ ਤੇ ਅੰਗਰੇਜ਼ ਦੇ ਗਊ-ਘਾਤਕੀ ਕਾਨੂੰਨ ਦੀ ਵਿਰੋਧਤਾ ਦਾ ਸਬੂਤ ਦਿਤਾ। ਹਕੂਮਤ ਪੰਜਾਬੀਆਂ ਨੂੰ ਸਬਕ ਸਖਾਉਣਾ ਚਾਹੁੰਦੀ ਸੀ, ਉਨ੍ਹਾਂ ੧੨ ਨਿਰਦੋਸ਼ ਬੰਦਿਆਂ ਨੂੰ ਫੜ ਲਿਆ ਤੇ ਉਹ ਤਸੀਹੇ ਦਿਤੇ ਕਿ ਉਨ੍ਹਾਂ ਨੇ ਜੁਰਮ ਮੰਨ ਲਿਆ, ਪਰ ਕੂਕੇ ਸਤਿਗੁਰੂ ਰਾਮ ਸਿੰਘ ਦਾ ਹੁਕਮ ਪਾਕੇ ਆਪ ਪੇਸ਼ ਹੋ ਗਏ ਤੇ ਬੇ ਦੋਸ਼ੀਆ ਨੂੰ ਛੁਡਾ ਆਪ ਆਪਣੀ ਗਲੀਂ ਰਸੇ ਪਾਏ। ਸ੍ਰੀ ਅੰਮ੍ਰਿਤਸਰ ਦੇ ਕੇਸ ਵਿਚ ਲਹਿਣਾ ਸਿੰਘ, ਹਾਕਮ ਸਿੰਘ, ਫਤਹ ਸਿੰਘ ਤੇ ਬੀਲਾ ਸਿੰਘ ਰੱਸੇ ਚੁਮੇ, ਰਾਏਕੋਟ ਮਸਤਾਨ ਸਿੰਘ, ਮੰਗਲ ਤੇ ਗੁਰਮੁਖ ਸਿੰਘ ਕੁਰਬਾਨ ਹੋਏ ਤੇ ਲੁਧਿਆਣੇ ਗਿਆਨੀ ਸਿੰਘ ਤੇ ਰਤਨ ਸਿੰਘ ਫਾਂਸੀਆਂ ਤੇ ਝੂਟੇ ਲਏ। ਇੱਕ ਹਿੰਦੂ-ਮੁਸਲਮਾਨਾਂ ਦੀ ਫੁਟ ਦੇ ਬੀਜ ਤੇ ਦੂਜੀ ਹਿੰਦੂ ਸਿੱਖਾਂ ਦੀ ਗੈਰਤ ਨੂੰ ਚੈਲੰਜ।

ਸਮਕਾਲੀ ਪ੍ਰਸਿਧ ਇਤਿਹਾਸ ਲੇਖਕ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :—

"ਦੇਨ ਲਾਗੇ ਫਾਂਸੀ ਜਬ ਆਇ ਖੁਦ ਕੂਕੇ ਤਬ
ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।
ਖੁਸੀ ਹੋਇ ਦਏ ਸੀਸ ਗਏ ਈਸ ਲੋਕ ਮਾਹਿ
ਕੋਟਲੇ ਮਲੇਰ ਫੇਰ ਸਾਕਾ ਥੀਓ ਔਰ ਪੈ" (ਪੰਥ ਪ੍ਰਕਾਸ਼)

ਇਹ ਲਹਿਰ ਜ਼ੋਰਾਂ ਤੇ ਸੀ। ਘਰ ਘਰ ਚਰਖੇ ਘੂਕਣ, ਬੱਚੇ ਧਰਮਸ਼ਾਲੀਂ ਵਿਦਿਆ ਪੜਣ ਕੋਈ ਝਗੜਾ ਹੋ ਜਾਵੇ ਤਾਂ ਉਹ ਆਪੋ ਵਿਚ ਨਿਪਟ ਲੈਣ, ਜਾਂ ਸੂਬੇ ਨਬੇੜ ਦੇਣ ਜਾਂ ਸਤਿਗੁਰੂ ਜੀ ਆਪ ਫੈਸਲਾ ਕਰ ਦੇਂਦੇ। ਇਹ ਲਹਿਰ ਇਤਨੀ ਹਰ ਮਨ ਪਿਆਰੀ ਹੋਈ ਕਿ ਛੇੜੂ ਡੰਗਰ ਚਾਰਦੇ ਹੇਕਾਂ ਲਾਂਦੇ ਸਨ :—

(ੳ) ਚੱਕ ਲੈ ਫਰੰਗੀਆਂ ਡੇਰਾ ਤੂੰ ਕਰ ਲਿਆ ਰਾਜ ਬਥੇਰਾ।

(ਅ) ਨਹੀਂ ਰਖਣੀ ਸਰਕਾਰ ਗੋਰੀ ਨਹੀਂ ਰਖਣੀ।

ਪੰਜਾਬ ਵਿਚ ਇਕ ਪ੍ਰਕਾਰ ਦੀ ਮੁਤਵਾਜ਼ੀ ਹਕੂਮਤ ਕਾਇਮ ਹੋ ਗਈ। ਜੇ. ਡਬਲਯੂ. ਮੈਕਨਬ ਨੇ ਆਪਣੀ ੧੪ ਨਵੰਬਰ ੧੮੭੧ ਦੀ ਰਿਪੋਰਟ ਵਿਚ ਲਿਖਿਆ : "ਪਹਿਲਾਂ ਗੁਰੂ ਰਾਮ ਸਿੰਘ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ ਪਰ ਹੁਣ ਉਹ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨਿਆ ਜਾਂਦਾ ਹੈ ਗੁਰੂ ਰਾਮ ਸਿੰਘ ਸਾਧਾਰਣ ਫਕੀਰਾਂ ਦੀ ਹੈਸੀਅਤ ਨਹੀਂ ਰਖਦਾ ਉਹ ਤੁਹਾਨੂੰ ਅਧੀ ਦਰਜਨ ਸਵਾਰਾਂ ਨਾਲ ਮਿਲਦਾ ਹੈ ਜਦ ਕਿ ਬੀਸੀਉਂ ਆਦਮੀ ਉਸ ਦੇ ਅਗੇ ਪਿੱਛੇ ਹੁੰਦੇ ਹਨ।"

ਇਤਿਹਾਸਕਾਰ ਇਸ ਰਿਪੋਰਟ ਤੋਂ ਕਿਆਸ ਕਰਦੇ ਹਨ ਕਿ ਕੂਕਿਆਂ ਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਪੱਕੀ ਧਾਰ ਲਈ। ੧੮੭੨ ਦੀ ਜਨਵਰੀ ਵਿਚ ਕੂਕਿਆਂ ਗਊ, ਧਰਮ ਤੇ ਦੇਸ਼ ਸੁਤੰਤਰਤਾ ਲਈ ਮਲੇਰਕੋਟਲੇ ਤੇ ਹੱਲਾ ਬੋਲਿਆ ਜਿਸ ਤੇ ਕੁਝ ਸਿੰਘ ਮਾਰੇ ਗਏ ਤੇ ਦੂਜੇ ਬੰਨੇ ਕੁਝ ਸਿਪਾਹੀ ਵੀ ਹਲਾਕ ਹੋਏ, ਪਰ ਸਿੰਘਾਂ ਦਾ ਹੱਥ ਉਪਰ


Sri Satguru Jagjit Singh Ji Elibrary NamdhariElibrary@gmail.com

ਰਹਿਆ । ਇਹ ਕਾਰਜ ਕਰਕੇ ਸਿੰਘਾਂ ਨੇ ਆਪਣੇ ਆਪ ਨੂੰ ਹਕੂਮਤ ਦੇ ਹਵਾਲੇ ਕਰ ਦਿਤਾ ।

ਜ਼ਿਲਾ ਲੁਧਿਆਣਾ ਦੇ ਡੀ ਸੀ 'ਕਾਵਨ' ਉਸੇ ਵੇਲੇ ਦੇਸੀ ਰਿਆਸਤਾਂ ਤੇ ਹਿੰਦ ਸਰਕਾਰ ਨੂੰ ਸੂਚਨਾ ਭੇਜ ਦਿਤੀ । ਜਿਸ ਕਾਰਨ ਸਿੰਘਾਂ ਨੂੰ ਮਲੇਰਕੋਟਲੇ ਦੇ ਰੱਕੜ ਵਿਚ ਲਿਆ ਕੇ ਤੋਪਾਂ ਬੀੜ ਕੇ ਬਿਨਾਂ ਮੁਕਦਮਾਂ ਚਲਾਏ ੧੭ ਜਨਵਰੀ ਨੂੰ ੪੯ ਸਿੰਘਾਂ ਨੂੰ ਤੋਪਾਂ ਨਾਲ ਉਡਾ ਦਿਤਾ । ਉਨ੍ਹਾਂ ਵਿਚ ਇੱਕ ਬਾਲਕ ਬਿਸ਼ਨ ਸਿੰਘ ਨਾਉਂ ਦਾ ਸੀ, ਜਿਸ ਨੂੰ ਛੱਡਣ ਵਾਸਤੇ ਲੇਡੀ ਕਾਵਨ ਨੇ ਡੀ. ਸੀ. ਨੂੰ ਕਹਿਆ । ਮਿ: ਕਾਵਲ ਨੇ ਕਹਿਆ "ਇਹ ਬੱਚਾ ਕਹਿ ਦੇਵੇ ਕਿ ਮੈਂ ਰਾਮ ਸਿੰਘ ਦਾ ਸਿੱਖ ਨਹੀਂ ਤਾਂ ਛੱਡ ਦਿਤਾ ਜਾਵੇਗਾ ਜਦ ਬਿਸ਼ਨ ਸਿੰਘ ਨੂੰ ਇਹ ਗੱਲ ਕਹੀ ਗਈ ਤਾਂ ਉਸ ਕਹਿਆ ਮੈਂ ਆਪ ਸਾਹਿਬ ਨਾਲ ਗੱਲ ਕਰਾਂਗਾ ।" ਜਦ ਬੱਚਾ ਕਾਵਨ ਕੋਲ ਗਿਆ ਤੇ ਕਾਵਨ ਨੇ ਆਪਣੀ ਸ਼ਰਤ ਰੱਖੀ ਤਾਂ ਉਸ ਨੇ ਕਾਵਨ ਦੀ ਦਾੜ੍ਹੀ ਪਕੜ ਲਈ ਤੇ ਇਤਨੇ ਜ਼ੋਰ ਨਾਲ ਖਿੱਚੀ ਕਿ ਕਾਵਨ ਦੀਆਂ ਅੱਖਾਂ ਉਭਰ ਆਈਆਂ ਤੇ ਪਾਸ ਖਲੋਤੇ ਸਿਪਾਹੀਆਂ ਨੇ ਬੱਚੇ ਦੇ ਹੱਥ ਕੱਟ ਦਿੱਤੇ ਤੇ ਸਿਰ ਵੀ ਧੜ ਤੋਂ ਵੱਖ ਕਰ ਦਿੱਤਾ । ੧੮ ਜਨਵਰੀ ਵਾਲੇ ਦਿਨ ਕਮਿਸ਼ਨਰ ਫੋਰਸਿਥ ਨੇ ਮਾਮੂਲੀ ਪੁੱਛ ਗਿੱਛ ਪਿਛੋਂ ਬਾਕੀ ੧੬ ਸਿੰਘਾਂ ਨੂੰ ਤੋਪ ਨਾਲ ਉਡਾ ਦਿਤਾ ਇਨ੍ਹਾਂ ਵਿਚ ਇਕ ਵਰਿਆਮ ਸਿੰਘ ਸੀ ਜਿਸ ਨੂੰ ਮਹਾਰਾਜਾ ਪਟਿਆਲਾ ਦੇ ਦੂਰ ਨੇੜੇ ਸਬੰਧਾਂ ਕਰਕੇ ਛੱਡਣ ਦੀ ਸਫਾਰਸ਼ ਸੀ । ਉਸ ਨੇ ਮਧਰੇ ਕਦ ਦਾ ਬਹਾਨਾ ਬਣਾ ਛਡਣ ਦਾ ਇਰਾਦਾ ਕੀਤਾ ਪਰ ਉਹ ਸੂਰਬੀਰ ਵਾਹਣ ਵਿਚੋਂ ਢੀਮਾਂ ਇਕੱਠੀਆਂ ਕਰਕੇ ਤੋਪ ਦੇ ਸਾਹਮਣੇ ਖੜਾ ਹੋ ਗਿਆ ਅਤੇ ਹਸਦਿਆਂ ਸ਼ਹੀਦੀ ਪ੍ਰਾਪਤ ਕੀਤੀ ।

ਇਸ ਸਾਕੇ ਉਪਰੰਤ ਕੂਕਾ ਲਹਿਰ ਗੈਰ ਕਾਨੂੰਨੀ ਜਮਾਤ ਕਰਾਰ ਦਿਤੀ ਗਈ । ਸ੍ਰੀ ਭੈਣੀ ਸਾਹਿਬ ਦੀ ਧਰਤੀ ਨੂੰ ਪਾਣੀ ਹਾਂਡੇ ਤੱਕ ਪੁੱਟਿਆ । ਡੇਰੇ ਦਾ ਸਾਰਾ ਸਮਾਨ ਲੁਟ, ਸਰਕਾਰੀ ਖਜ਼ਾਨੇ ਪਾ ਦਿਤਾ । ਸਤਿਗੁਰੂ ਰਾਮ ਸਿੰਘ ਜੀ ਅਤੇ ਮੁਖੀ ਸੂਬਿਆਂ ਨੂੰ ੧੮੧੮ ਬੰਗਾਲ ਰੈਗੂਲੇਸ਼ਨ III ਅਧੀਨ ਪਹਿਲਾਂ ਅਲਾਹਬਾਦ ਵਿਚ ਤੇ ਮੁੜ ਬਰਮਾ ਜਲਾਵਤਨ ਕਰ ਦਿਤਾ । ਸ੍ਰੀ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲਸ ਚੌਕੀ ਬਿਠਾ ਦਿਤੀ ਜਿਹੜੀ ਲਗਾਤਾਰ ੫੦ ਸਾਲ ਤਕ ਰਹੀ ।

ਇਸ ਤੋਂ ਉਪਰੰਤ ਉਨ੍ਹਾਂ ਦੇ ਉਤਰਾ ਅਧਿਕਾਰੀਆਂ ਨੇ ਹਰ ਸਮੇਂ ਆਜ਼ਾਦੀ ਸੰਗਰਾਮ ਦਾ ਸਾਥ ਦਿਤਾ ਅਤੇ ਦੇਸ਼ ਨੂੰ ੧੫ ਅਗਸਤ ੧੯੪੭ ਨੂੰ ਭਾਗਾਂ ਭਰਿਆ ਦਿਨ ਵੇਖਣਾ ਨਸੀਬ ਹੋਇਆ । ★

ਵਰਿਆਮ


**Approved By Department of :**
**AGRICULTURE PUNJAB GOVERNMENT**

**High Class Manufacturers of :**

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE PUNJAB GOVT QUALITY MARK

ਕੁਆਲਟੀ ਮਾਰਕਡ



**ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ ।**

TRADE MARK

# JASPAL

**Grams : HABI INDUSTRIES Phone : 2 37**

**HABI INDUSTRIES (Rsgd)**
**10, Industrial Area, PHAGWARA**




Sri Satguru Jagjit Singh Ji Elibrary NamdhariElibrary@gmail.com

# ਹੋਲੀ ਦਾ ਰੰਗ

—ਜਸਵੰਤ ਸਿੰਘ ਵਿਰਦੀ

ਕਹਿੰਦੇ ਨੇ ਕਿ ਬ੍ਰਹਮਾ ਜੀ ਦੇ ਸੁਖਾਵੇਂ ਸਾਹਵਾਂ ਨਾਲ ਬਸੰਤ ਦਾ ਜਨਮ ਹੁੰਦਾ ਹੈ। ਹਰ ਸਾਲ ਬਸੰਤ ਦਾ ਜਨਮ ਆਪਣੇ ਪੂਰੇ ਜਲਵੇ ਨਾਲ, ਮੌਲਦੇ ਮਹਿਕਦੇ ਫੁੱਲਾਂ ਅਤੇ ਸੁਗੰਧਤ ਹਵਾਵਾਂ ਸਮੇਤ, ਅਜ ਤਕ ਵੀ ਹੋਈ ਜਾ ਰਿਹਾ ਹੈ, ਇਸ ਲਈ ਬ੍ਰਹਮਾ ਜੀ ਦੇ ਸਾਹ ਵੀ ਲਗਾਤਾਰ ਸੁਖਾਵੇਂ ਹਨ ਅਤੇ ਉਹ ਧਰਤੀ ਦੇ ਲੋਕਾਂ ਤੇ ਮਿਹਰਬਾਨ ਵੀ ਸਦਾ ਵਾਂਗ ਹੀ ਹਨ। ਬ੍ਰਹਮਾ ਜੀ ਦੀ ਮਿਹਰ ਅਤੇ ਸਦਭਾਵਨਾ ਪ੍ਰਕਿਰਤੀ ਦੀ ਸੁੰਦਰਤਾ ਦੇ ਰੂਪ ਵਿਚ ਸਾਨੂੰ ਭਰਪੂਰ ਬਣਾਂਦੀ ਅਤੇ ਸਰਸ਼ਾਰ ਕਰਦੀ ਹੈ ! ਅਤੇ ਇਹ ਅਮਲ ਜੁਗਾਂ ਜੁਗਾਂਤਾਰਾਂ ਤੋਂ ਜਾਰੀ ਹੈ।

ਬਸੰਤ ਰੁੱਤ ਵਿਚ ਜਦੋਂ ਹਰ ਪਾਸੇ ਪ੍ਰਕਿਰਤੀ ਦੀ ਜੋਬਨਮਤੀ, ਬਹੁ ਬਹੁਰੰਗੀ ਦੇਹੀ ਅਤੇ ਮਹਿਕਦੀ ਸੁਖਾਵੇਂ ਸਾਹਵਾਂ ਦੀ ਵਾਸ਼ਤਨਾ ਨਾਲ ਧਰਤੀ 'ਤੇ ਥਿਰਕਦੀ ਹੈ ਤਾਂ ਧਰਤੀ ਤੇ ਵਸਣ-ਰਸਣ ਵਾਲੇ ਸਭਨਾਂ ਪ੍ਰਾਣੀਆਂ ਦਾ ਦਿਲ ਦਿਮਾਗ ਹੁਲਾਸ ਭਰਪੂਰ ਹੋ ਜਾਂਦਾ ਹੈ। ਜੇਕਰ ਅਜਿਹੇ ਸੁਖਾਵੇਂ ਵਾਤਾਵਰਣ ਵਿਚ ਮਨੁੱਖ-ਮਨ ਪ੍ਰਕਿਰਤੀ ਦੀ ਸੁਰ-ਲੈਅ ਨਾਲ ਆਪਣੀ ਥਿਰਕਣ ਨਾ ਰਲਾਵੇ ਤਾਂ ਫੇਰ ਮਾਹੌਲ ਖੁਸ਼ਗਵਾਰ ਨਹੀਂ ਬਣਦਾ। ਕਿਉਂਕਿ ਬ੍ਰਹਮਾ ਜੀ ਨੇ ਪ੍ਰਕਿਰਤੀ ਦੀ ਸਮੁੱਚੀ ਸ਼ੋਭਾ ਮਨੁਖ-ਮਨ ਨੂੰ ਆਨੰਦ ਦੇਣ ਲਈ ਹੀ ਸਿਰਜੀ ਹੈ।

ਪੁਰਾਣੇ ਵੇਲਿਆਂ ਵਿਚ ਸਾਡੇ ਬਜ਼ੁਰਗ-ਲੋਕ ਬਸੰਤ ਦੇ ਦਿਨਾਂ ਵਿਚ ਮਦਨ ਉਤਸਵ ਦਾ ਜਸ਼ਨ ਬੜੀ ਦਿਲਕਸ਼ੀ ਨਾਲ ਮਨਾਂਦੇ ਸਨ। ਜੋਬਨਮਤੀਆਂ ਮੁਟਿਆਰਾਂ ਅੰਬਾਂ ਦੇ ਬੂਰ ਦੇ ਝੁਮਕੇ ਪਹਿਨ ਕੇ ਨਿਕਲਦੀਆਂ ਤਾਂ ਪ੍ਰਕਿਰਤੀ ਦੀ ਦਿਲਕਸ਼ੀ ਹੋਰ ਵੀ ਵਧ ਜਾਂਦੀ। ਹਰ ਪਾਸੇ ਰੌਣਕ ਹੁੰਦੀ, ਜਿਵੇਂ ਧਰਤੀ ਹੀ ਸਵਰਗ ਲੋਕ ਬਣ ਗਈ ਹੋਵੇ।

ਹੋਲੀ ਵੀ ਮੂਲ ਰੂਪ ਵਿਚ ਬਸੰਤ ਰੁਤ ਦਾ ਹੀ ਤਿਉਹਾਰ ਹੈ। ਜਦੋਂ ਮਨੁੱਖੀ-ਮਨ ਪ੍ਰਕਿਰਤੀ ਨੂੰ ਬਹੁਰੰਗੇ ਰੂਪ ਵਿਚ ਵੇਖਦਾ ਸੀ ਤਾਂ ਉਹ ਆਪ ਵੀ ਉਸੇ ਰੂਪ ਦਾ ਹਿੱਸਾ ਬਣਨਾ ਲੋਚਦਾ ਸੀ। ਉਸ ਦੀ ਇਸ ਲੋਚਾ ਨੂੰ ਸਾਕਾਰ ਕਰਨ ਲਈ ਰੰਗ ਉਸ ਦਾ ਸਾਥ ਦਿੰਦੇ ਸਨ ਅਤੇ ਹਰ ਪਾਸੇ ਗਲੀਆਂ-ਬਾਜ਼ਾਰਾਂ ਤੇ ਘਰਾਂ ਵਿਚ ਰੰਗਾਂ ਦੀ ਵਰਖਾ ਸ਼ੁਰੂ ਹੋ ਜਾਂਦੀ ਸੀ। ਲੋਕ ਵਰ੍ਹੇ ਭਰ ਦੇ ਵੈਰ ਭਾਵ ਭੁੱਲ ਕੇ ਇਕ ਦੂਸਰੇ ਤੇ ਰੰਗ ਪਾਉਂਦੇ ਅਤੇ ਹੱਸ ਕੇ ਗਲੇ ਮਿਲਦੇ ਸਨ। ਇਕ ਤਰ੍ਹਾਂ ਨਾਲ ਮਨੁਖ ਆਪਣੇ ਆਪ ਨੂੰ ਪ੍ਰਕਿਰਤੀ ਦੀ ਸੁੰਦਰਤਾ ਦੇ ਮੇਚ ਕਰਨਾ ਲੋਚਦਾ ਸੀ, ਅਤੇ ਹੋਲੀ ਦਾ ਤਿਉਹਾਰ ਉਹਦੇ ਕੋਲ ਇਕ ਬਹੁਤ ਵਧੀਆ ਸਾਧਨ ਸੀ।

ਸਾਡੇ ਅਮੀਰ ਵਿਰਸੇ ਵਿਚੋਂ ਸੰਸਕ੍ਰਿਤ ਸਾਹਿਤ ਦੇ ਨਾਟਕਾਂ ਅਤੇ ਕਾਵਿਆਂ ਵਿਚ ਹੋਲੀ ਦੇ ਬੜੇ ਜੀਵੰਤ ਦ੍ਰਿਸ਼ ਸਿਰਜੇ ਹੋਏ ਮਿਲਦੇ ਹਨ, ਜਿਨ੍ਹਾਂ ਬਾਰੇ ਪੜਕੇ ਅਸੀਂ ਆਪਣੇ ਖੁਸ਼ ਰਹਿਣੇ ਬਜ਼ੁਰਗਾਂ ਦੇ ਠਾਠ-ਬਾਠ ਬਾਰੇ ਜਾਣ ਸਕਦੇ ਹਾਂ। ਕ੍ਰਿਸਨ-ਲੀਲਾ ਵਿਚ ਵੀ ਹੋਲੀ ਦਾ ਬੜਾ ਮਹੱਤਵਪੂਰਣ ਵਰਣਨ ਆਉਂਦਾ ਹੈ। ਸੰਸਕ੍ਰਿਤ ਸਾਹਿਤ ਤੋਂ ਮਗਰੋਂ ਹਿੰਦੀ ਅਤੇ ਪੰਜਾਬੀ ਦੇ ਕਾਵਿ ਸਾਹਿਤ ਵਿਚ ਵੀ ਹੋਲੀ ਦੀ ਸ਼ੋਭਾ ਬੜੀ ਦਿਲਕਸ਼ ਵਿਖਾਈ ਦਿੰਦੀ ਹੈ। ਹਿੰਦੂਆਂ ਦੇ ਨਾਲ-ਨਾਲ ਸਿੱਖਾਂ ਦੇ ਵੀ ਸਭਨਾਂ ਹੀ ਫਿਰਕਿਆਂ ਵਿਚ ਹੋਲੀ ਨੂੰ ਬੜੇ ਮਹੱਤਵਪੂਰਣ ਢੰਗ ਨਾਲ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੋਲੀ-ਹੋਲੇ ਦੇ ਤਿਉਹਾਰ ਨੂੰ ਪੰਜਾਬੀਆਂ ਦਾ, ਵਿਸਾਖੀ ਦੇ ਨਾਲ-ਨਾਲ ਇਕ ਕੌਮੀ ਤਿਉਹਾਰ ਹੀ ਬਣਾ ਦਿਤਾ। ਆਨੰਦਪੁਰ ਸਾਹਿਬ ਵਿਖੇ ਹੋਲੇ ਦੇ ਤਿਉਹਾਰ ਵੇਲੇ ਜਿਹੜੀ ਰੌਣਕ ਅਤੇ ਗਹਿਮਾ ਗਹਿਮੀ ਹੁੰਦੀ ਹੈ, ਉਹ ਦ੍ਰਿਸ਼ ਅੱਜ ਦੇ ਭਾਰਤ ਵਿਚ ਅਦੁਤੀ ਸ਼ਾਨ ਸ਼ੌਕਤ ਵਾਲਾ ਹੈ। ਨਾਮਧਾਰੀ ਸਮਾਜ ਵਿਚ ਵੀ ਹੋਲੀ-ਹੋਲੇ ਦੇ ਤਿਉਹਾਰ ਨੂੰ ਕੌਮੀ ਜਸ਼ਨ ਦੇ ਰੂਪ ਵਿਚ ਹੀ ਮਨਾਇਆ ਜਾਂਦਾ ਹੈ। ਇਹਨਾਂ ਮੇਲਿਆਂ ਦੀ ਰੌਣਕ ਵੇਖਣ ਯੋਗ ਹੁੰਦੀ ਹੈ। ਸਾਲ ਭਰ ਦੇ ਵੈਰ ਭਾਵ ਨੂੰ ਭੁੱਲ ਕੇ ਇਕ ਦੂਸਰੇ ਦੇ ਗਲੇ ਮਿਲਣਾ ਅਤੇ ਸਦਭਾਵਨਾ ਭਰੇ ਜੀਵਨ ਦੀ ਨਵੀਂ ਸ਼ੁਰੂਆਤ ਨਾਲ ਮਾਹੌਲ ਨੂੰ ਰੰਗੀਨ ਬਣਾਨਾ ਹੀ ਸਾਡੇ ਵਿਚਾਰ ਵਿਚ ਇਸ ਤਿਉਹਾਰ ਦਾ ਮੁਖ ਮਨੋਰਥ ਹੈ। ਹੋਲੀ ਵਾਲੇ ਦਿਨ ਸਭੇ ਹੀ ਸਦਭਾਵਨਾ ਦੇ ਰੰਗ ਲੈਕੇ ਘੁੰਮਦੇ ਹਨ। ਪਰ, ਪਿਛਲੇ ਕੁਝ ਸਮੇਂ ਤੋਂ ਸਾਡੇ ਮਾਹੌਲ ਵਿਚੋਂ ਸਦਭਾਵਨਾ ਦੀ ਰਸ ਭਿਨੇੜੀ ਮਹਿਕ ਖ਼ਤਮ ਹੁੰਦੀ ਜਾ ਰਹੀ ਹੈ ਅਤੇ ਉਸ ਦੀ ਥਾਂ ਤੇ ਨਫਰਤ ਦੇ ਮਾਰੂ ਤੁਫਾਨ ਝੁਲਦੇ ਵਿਖਾਈ ਦੇ ਰਹੇ ਹਨ। ਜਦੋਂ ਕਿਸੇ ਵੀ ਦੇਸ਼ ਦੇ ਜੀਵਨ ਵਿਚ ਅਜਿਹੇ ਦਿਨ ਆਉਂਦੇ ਹਨ ਤਾਂ ਪ੍ਰਕਿਰਤੀ ਦੀ ਜੋਬਨਮਤੀ ਮੁਟਿਆਰ ਵੀ ਆਪਣੇ ਹੱਸਦੇ-ਨਚਦੇ ਮੁਖੜੇ ਨੂੰ ਲੋਕਾਂ ਕੋਲੋਂ ਲੁਕਾ ਕੇ ਲੰਘ ਜਾਂਦੀ ਹੈ। ਹਰ ਪਾਸੇ ਤਲਖ਼ੀ ਹੀ ਤਲਖ਼ੀ ਨਜ਼ਰ ਆਉਂਦੀ ਹੈ ਅਤੇ ਲੋਕ ਇਕ ਦੂਸਰੇ ਨੂੰ ਵੱਢ-ਖਾਣ ਨੂੰ ਪੈਂਦੇ ਹਨ। ਅਜਿਹੇ ਬੇਦਰਦ ਦਿਨਾਂ ਤੋਂ ਸਾਨੂੰ ਬ੍ਰਹਮਾ ਜੀ ਦੀ ਮਿਹਰ ਭਰੀ, ਸੁਖਾਂਵੇਂ ਸਾਹਵਾਂ ਦੀ



Sri Satguru Jagjit Singh Ji Elibrary NamdhariElibrary@gmail.com

ਬਸੰਤੀ ਹਵਾ ਹੀ ਬਚਾ ਸਕਦੀ ਹੈ। ਪਰ ਅਸੀਂ ਤੇ ਹੁਣ ਹੋਲੀ ਦੇ ਰੰਗਾਂ ਨੂੰ ਵੀ ਤਿਲਾਂਜਲੀ ਦੇਣ ਬਾਰੇ ਸੋਚ ਰਹੇ ਹਾਂ। ਸਾਡੇ ਵਿਚ ਸਦਭਾਵਨਾ ਕਿਵੇਂ ਜੀਉਂਦੀ ਰਹੇਗੀ ?

ਇਸ ਦੇਸ਼ ਦਾ ਮਨੁਖ ਜਦੋਂ ਤਕ ਆਪਣੇ ਜੀਵਨ ਨੂੰ ਪ੍ਰਕਿਰਤੀ ਦੇ ਬਹੁ ਰੰਗੇ ਰੂਪ ਨਾਲ ਇਕ ਸੁਰ ਕਰਕੇ ਚਲਦਾ ਰਹੇਗਾ, ਉਦੋਂ ਤਕ ਉਹਦੇ ਜੀਵਨ ਵਿਚ ਸਦਭਾਵਾ ਕਾਇਮ ਰਹੇਗੀ ਅਤੇ ਉਹਨੂੰ ਹਰ ਪਾਸੇ ਬਸੰਤੀ ਰੂਪ ਅਤੇ ਸੁਗੰਧਤ ਵਾਤਾਵਰਣ ਹੀ ਵਿਖਾਈ ਦੇਵੇਗਾ। ਪਰ ਇਹਦੇ ਲਈ ਵੱਡੀ ਸ਼ਰਤ ਇਹ ਹੈ ਕਿ ਇਸ ਦੇਸ਼ ਦਾ ਮਨੁੱਖ ਆਪਣੇ ਆਲੇ ਦੁਆਲੇ ਦੇ ਜੀਵਨ ਵਿਚ ਸਦਭਾਵਨਾ ਕਾਇਮ ਰਖੇ ਅਤੇ ਸਭੋ ਮਨੁਖਾਂ ਨੂੰ ਅਕਾਲ ਪੁਰਖ ਦੀ ਅਦੁਤੀ ਸਿਰਜਣਾ ਸਮਝਕੇ, ਰੱਬ ਵਾਂਗ ਹੀ ਆਦਰ-ਮਾਣ ਦਿੰਦਾ ਰਹੇ ! ਇਹ ਕੰਮ ਔਖਾ ਨਹੀਂ ਹੈ ਕਿਉਂਕਿ ਸਾਡੇ ਸਾਰੇ ਹੀ ਧਾਰਮਿਕ ਅਤੇ ਸੰਸਕ੍ਰਿਤਿਕ ਵਡਿਆਈ ਵਾਲੇ ਮਹਾਨ ਗਰੰਥ ਆਪਸੀ ਵੈਰ ਭਾਵ ਦਾ ਵਿਰੋਧ ਕਰਦੇ ਅਤੇ ਸਦਭਾਵਨਾ ਦੀ ਮਹਿਮਾ ਕਰਦੇ ਹਨ। ਜੇਕਰ ਅਸੀਂ ਸਦਭਾਵਨਾ ਨੂੰ ਆਪਣੀ ਜੀਵਨ ਜਾਚ ਨਹੀਂ ਬਣਾਂਦੇ ਤਾਂ ਸਮਝਿਆ ਜਾਵੇਗਾ ਕਿ ਸਾਡਾ ਆਪਣੇ ਕਿਸੇ ਵੀ ਧਾਰਮਿਕ ਅਤੇ ਸੰਸਕ੍ਰਿਤਿਕ ਮਹਾਨ ਗਰੰਥ ਵਿਚ ਵਿਸ਼ਵਾਸ ਨਹੀਂ ਹੈ। ਪਰ ਮੇਰਾ ਖਿਆਲ ਹੈ ਕਿ ਸਾਡੇ ਦੇਸ਼ ਦੇ ਲੋਕ ਹਾਲੇ ਤਕ ਆਪਣੇ ਭਰਪੂਰ ਅਤੇ ਅਮੀਰ ਵਿਰਸੇ ਨਾਲੋਂ ਟੁੱਟਕੇ ਏਨੇ ਬੇਮੁਖ ਨਹੀਂ ਹੋਏ ! ਉਹ ਮਨੁਖੀ ਕਦਰਾਂ-ਕੀਮਤਾਂ ਦਾ ਆਦਰ ਮਾਣ ਕਰਦੇ ਅਤੇ ਆਪਸੀ ਪ੍ਰੇਮ-ਪਿਆਰ ਦੇ ਉਸਾਰੂ ਮਹੱਤਵ ਨੂੰ ਸਮਝਦੇ ਹਨ।

ਸਿਆਣਿਆਂ ਦਾ ਬਚਨ ਹੈ ਕਿ ਫੁੱਲ ਤਾਂ ਬੜੇ ਖਿੜਦੇ ਨੇ ਪਰ ਬਸੰਤੀ ਪ੍ਰਭਾਵ ਵਾਲੀ ਧਰਤੀ ਹਕੀਕਤ ਵਿਚ ਉਹੋ ਹੀ ਹੈ ਜਿਥੇ ਮਨੁਖੀ ਮਨ ਨਿਧੜਕ ਹੋ ਕੇ ਗਾਉਂਦਾ ਅਤੇ ਆਪਣੇ ਪਿਆਰਿਆਂ ਨੂੰ ਆਪਣੀ ਦਿਲੀ ਮੁਹੱਬਤ ਨਾਲ ਰਿਝਾਉਂਦਾ ਹੈ। ਇਸ ਧਰਤੀ ਦੇ ਲੋਕਾਂ ਦੀ ਮੁਹੱਬਤ ਦੇ ਗੀਤ ਤਾਂ ਸੱਤਾਂ ਸਮੁੰਦਰਾਂ ਦੇ ਪਾਰ ਵੀ ਗਾਵੇ ਜਾਂਦੇ ਹਨ। ਇਹ ਨਹੀਂ ਹੋ ਸਕਦਾ ਕਿ ਇਸ ਧਰਤੀ ਦਾ ਮਨੁਖ ਆਪਣੀ ਮੁਹੱਬਤ ਦੇ ਮਲੂਕੜੇ ਗੀਤਾਂ ਦਾ ਗਲਾ ਘੁਟ ਦੇਵੇ। ਸਾਨੂੰ ਮਨੁਖੀ ਦਿਲ ਦੀ ਮੁਹੱਬਤ ਤੇ ਪੂਰਾ ਵਿਸ਼ਵਾਸ ਹੈ। ਹੋਲੀ ਦੇ ਰੰਗ ਇਸੇ ਵਿਸ਼ਵਾਸ ਦੇ ਪ੍ਰਤੀਕ ਹਨ।

ਅਨੰਦਪੁਰ ਸਾਹਿਬ ਵਿਚ ਹੋਲੇ ਮਹੱਲੇ ਦਾ ਦ੍ਰਿਸ਼



Sri Satguru Jagjit Singh Ji Elibrary NamdhariElibrary@gmail.com

# ਗੱਲਾਂ ਗੱਲਾਂ 'ਚੋਂ ਤੁਰੀ ਵਰਿਆਮ ਦੀ ਗੱਲ

—ਵਰਿਆਮ ਦੇ ਦਸੰਬਰ ਅੰਕ ਵਿਚ ਅਸਾਂ 'ਵਰਿਆਮ ਬੰਦ' ਸਿਰਲੇਖ ਹੇਠ ਕੁਝ ਦਿਲ ਦੀਆਂ ਗਲਾਂ ਕੀਤੀਆਂ ਸਨ। ਇਸ ਲੇਖ ਦਾ ਵਿਆਪਕ ਪ੍ਰਤੀਕਰਮ ਹੋਇਆ ਹੈ। ਲੇਖਕ-ਮਿੱਤਰ ਵਰਗ ਚੋਂ ਬਹੁਤਿਆਂ ਦਾ ਹੌਕਾ ਸਿਰਲੇਖ ਪੜ੍ਹ ਕੇ ਹੀ ਨਿਕਲ ਗਿਆ। ਉਹਨਾਂ ਦਸਿਆ ਕਿ ਲੇਖ ਦੇ ਅੰਤ ਤਕ ਪੁਜਦਿਆਂ ਸਾਹ ਵਾਪਸ ਆਇਆ।

—ਇਕ ਮਹਿਫਲ ਵਿਚ ਸਾਡੇ ਮਿੱਤਰ ਅਤੇ ਨੇਤਾ ਸ: ਹਰਵਿੰਦਰ ਸਿੰਘ ਹੰਸਪਾਲ—ਲੇਖਕ ਡਾ: ਅਮਰ ਭਾਰਤੀ, ਕਲਾਕਾਰ ਗੁਰਦੇਵ ਸਿੰਘ, ਹਰਭਜਨ ਸਿੰਘ, ਇੰਗਲੈਂਡ ਤੋਂ ਸ. ਹਰਚਰਨ ਸਿੰਘ ਰੰਧਾਵਾ ਆਦਿਕ ਬੈਠੇ ਸਨ। ਹੰਸਪਾਲ ਜੀ ਨੇ ਵਿਨੋਦੀ ਸੁਰ ਵਿਚ ਪੁਛਿਆ ਕਿ ਇਹ 'ਵਰਿਆਮ ਬੰਦ' ਪੰਜਾਬ ਜਾਂ ਬੰਗਾਲ ਬੰਦ' ਵਰਗਾ ਬੰਦ ਤਾਂ ਨਹੀਂ ?

—ਭਾਰਤੀ ਜੀ ਨੇ ਦਸਿਆ ਕਿ ਉਹਨਾਂ ਇਕ ਪਰਚੇ ਵਿਚ ਐਡੀਟੋਰੀਅਲ ਲਿਖਿਆ ਕਿ ਪਰਚਾ ਚਾਲੂ ਰਹੇਗਾ ਅਤੇ ਉਸ ਬਾਦ ਅਗਲਾ ਇਸ਼ੂ ਨਾ ਨਿਕਲ ਸਕਿਆ। ਤੁਸਾਂ ਵਰਿਆਮ ਬੰਦ ਲਿਖਿਆ ਹੈ ਉਂਝ ਵੀ ਸਾਡੇ ਸਮਾਜ ਵਿਚ ਕਿਸੇ ਵਿਅਕਤੀ ਦੇ ਮਰਨ ਦੀ ਗਲਤ ਖਬਰ ਜਾਂ ਸੁਪਨਾ ਆ ਜਾਵੇ ਤਾਂ ਉਸ ਦੀ ਉਮਰ ਲੰਮੀ ਹੋ ਜਾਂਦੀ ਹੈ। ਸੋ ਇਸ ਵਰਿਆਮ ਬੰਦ ਦਾ ਅਸਰ ਉਲਟ ਹੋਵੇਗਾ ਭਾਵ ਵਰਿਆਮ ਚਲੇਗਾ।

—ਪਰ ਸਾਡੇ ਜਤਨਾਂ ਦੇ ਬਾਵਜੂਦ ਵੀ ਪੰਜਾਬ-ਬੰਗਾਲ ਵਰਗਾ 'ਵਰਿਆਮ ਬੰਦ' ਹੋ ਹੀ ਗਿਆ ਅਤੇ ਫਲਸਰੂਪ ਸਾਨੂੰ ਇਹ ਸਾਂਝਾ ਅੰਕ ਕਢਣਾ ਪੈ ਰਿਹਾ ਹੈ। ਤੁਸੀਂ ਸਾਰੇ ਅਰਦਾਸ ਕਰੋ ਕਿ ਮੁੜ ਇਹ ਗਲ ਨਾ ਹੋਵੇ।

—ਅਸੀਂ ਰੋਜ਼ ਪੰਜਾਬੀ ਦੇ ਬਹੁਤ ਵਧੀਆ ਪਰਚੇ ਨਿਕਲਦੇ ਵੇਖਦੇ ਹਾਂ। ਉਹਨਾਂ ਵਿਚ ਪਾਠਕਾਂ ਦੀਆਂ ਚਿਠੀਆਂ ਵੀ ਛਪਦੀਆਂ ਹਨ ਜਿਸ ਤੋਂ ਅੰਦਾਜ਼ੇ ਲਗਦੇ ਹਨ ਕਿ ਪਾਠਕਾਂ ਦੀ ਇਸ ਪਰਚੇ ਨੂੰ ਜ਼ਬਰਦਸਤ ਸਰਪ੍ਰਸਤੀ ਪ੍ਰਾਪਤ ਹੈ ਇਸ ਵਾਸਤੇ ਇਹ ਹਰਮਨ ਪਿਆਰਾ ਪਰਚਾ ਖੂਬ ਚਲੇਗਾ ਪਰ ਕੁਝ ਦੇਰ ਬਾਅਦ ਵਕਤੀ ਬੰਦ ਆਉਂਦੇ ਹਨ ਤੇ ਫੇਰ ਸਥਾਈ ਲਾਕ-ਅੱਪ।

—ਇਸ ਸਦੀ ਦੇ ਮਸ਼ਹੂਰ ਉਰਦੂ ਸ਼ਾਇਰ ਅਕਬਰ ਅਲਾਹਬਾਦੀ ਨੇ ਅਖਬਾਰਾਂ ਰਸਾਲਿਆਂ ਤੇ ਵੀ ਵਾਹਵਾ ਸ਼ੇਅਰ ਲਿਖੇ ਹਨ। ਅਖਬਾਰਾਂ ਦੀ ਅਹਿਮੀਅਤ ਬਾਰੇ ਤਾਂ ਉਹਨਾਂ ਲਿਖਿਆ।

ਖੀਂਚੋ ਨਾ ਕਮਾਨੋਂ ਕੋ ਨਾ ਤਲਵਾਰ ਨਿਕਾਲੋ
ਜਬ ਤੋਪ ਮੁਕਾਬਿਲ ਹੋ ਤੋ ਅਖਬਾਰ ਨਿਕਾਲੋ।

ਪਰ ਜਦੋਂ 'ਤੋਪ' ਦਾ ਮੁਕਾਬਲਾ ਅਖਬਾਰਾਂ ਰਾਹੀਂ ਕਰਨ ਲਈ ਸਰਫਰੋਸ਼ ਕਲਮਾਂ ਨੂੰ ਭਾਲੇ ਬਣਾ ਕੇ ਤੁਰੇ ਤਾਂ ਉਹਨਾਂ ਦਾ ਜੋ ਹਸ਼ਰ ਹੋਇਆ ਜਨਾਬ ਅਕਬਰ ਸਾਹਿਬ ਨੇ ਉਹ ਵੀ ਲਿਖਿਆ ਹੈ।

ਲੇ ਲੇ ਕੇ ਕਲਮ ਕੇ ਲੋਗ ਭਾਲੇ ਨਿਕਲੇ
ਹਰ ਸਿਮਤ ਸੇ ਬੀਸੀਓਂ ਰਸਾਲੇ ਨਿਕਲੇ
ਅਫਸੋਸ ਕਿ ਮੁਫਲਿਸੀ ਨੇ ਛਾਪਾ ਮਾਰਾ
ਆਖਰ ਅਹਿਬਾਬ ਕੇ ਦਿਵਾਲੇ ਨਿਕਲੇ

ਇਹ ਕਥਨ ਉਸ ਜ਼ਬਾਨ (ਉਰਦੂ) ਦੇ ਰਸਾਲਿਆਂ ਬਾਰੇ ਹੈ ਜੋ ਸਾਰੇ ਉਤਰੀ ਭਾਰਤ ਤੇ ਛਾਈ ਹੋਈ ਸੀ ਜੇ ਉਰਦੂ ਦੇ ਰਸਾਲਾ ਨਵੀਸ ਮੁਫਲਿਸੀ (ਗ਼ਰੀਬੀ) ਦੇ ਛਾਪੇ ਦੀ ਮਾਰ ਹੇਠ ਆ ਗਏ ਤਾਂ ਨਿੱਤ ਸਿਮਟਦੇ ਪੰਜਾਬੀ ਇਲਾਕਿਆਂ ਦੀ ਬੋਲੀ ਪੰਜਾਬੀ ਦੇ ਰਸਾਲਿਆਂ ਦੇ 'ਕੈ ਟਕੇ'।

—ਜਦੋਂ ਇਸ ਪ੍ਰਸੰਗ ਵਿਚ ਵਰਿਆਮ ਨੂੰ ਰੱਖ ਕੇ ਵੇਖਦੇ ਹਾਂ ਤਾਂ ਫਿਰ ਵੀ ਇਹ ਪਰਚਾ ਖੁਸ਼ਕਿਸਮਤ ਲਗਦਾ ਹੈ। ਐਡੀਟਰ ਵਰਿਆਮ ਦੇ ਦੋਸਤਾਂ ਵਿਚ ਇਹ ਚਰਚਾ ਹੈ ਕਿ ਜਗਦੀਸ਼ ਪਰਚਾ ਬਣਾ ਸਕਦਾ ਹੈ ਪਰ ਇਸ਼ਤਿਹਾਰ ਇਕੱਠੇ ਨਹੀਂ ਕਰ ਸਕਦਾ। ਜੀ ਹਾਂ ਇਹ ਸਚਾਈ ਹੈ। ਇਸ਼ਤਿਹਾਰ ਇਕੱਠੇ ਕਰਨਾ ਇਕ ਇੰਡਸਟਰੀ ਬਣ ਚੁੱਕੀ ਹੈ।



Sri Satguru Jagjit Singh Ji Elibrary NamdhariElibrary@gmail.com

ਅਤੇ ਉਸੇ ਤਰ੍ਹਾਂ ਦੇ ਦਾਅਪੇਚ ਵਰਤਨੇ ਪੈਂਦੇ ਹਨ ਅਤੇ ਜੋ ਹੋਰ ਕਰਨਾ ਪੈਂਦਾ ਹੈ ਉਹ ਜਗਦੀਸ਼ ਕੋਲੋਂ ਨਹੀਂ ਹੋ ਸਕਿਆ। ਪੰਜਾਬੀ ਦਾ ਮਸ਼ਹੂਰ ਰਸਾਲਾ ਹੈ 'ਆਰਸੀ'। ਉਸ ਦੇ ਮਾਲਕ ਭਾਪਾ ਪ੍ਰੀਤਮ ਸਿੰਘ ਨੂੰ ਮੂਡ ਵਿਚ ਕਹਿ ਬੈਠੇ "ਭਾਪਾ ਜੀ ਵਰਿਆਮ ਵਾਸਤੇ ਕੋਈ ਇਸਤਿਹਾਰਾਂ ਦੀ ਟੋਹ ਦਸੋ।" ਕਹਿਣ ਲਗੇ "ਜੇ ਆਰਸੀ ਵਿਚ ਛਪਦੇ ਹਨ ਤਾਂ ਤੁਹਾਨੂੰ ਵੀ ਦਸੀਏ।"

—ਜਿਵੇਂ ਅਸੀਂ ਪਿਛਲੇ ਪਰਚੇ ਵਿਚ ਲਿਖਿਆ ਸੀ ਕਿ ਕੁਝ ਦੋਸਤ ਇਸਦੇ ਜਨਮ ਦੇ ਸਾਥੀ ਹਨ। ਉਹਨਾਂ ਤੇ ਅਸੀਂ ਕੁਝ ਸਹਿੰਦਾ ਸਹਿੰਦਾ ਭਾਰ ਹੋਰ ਪਾ ਰਹੇ ਹਾਂ। ਬਕਾਇਆ ਚੰਦੇ ਕੁਝ ਆ ਗਏ ਹਨ ਬਾਕੀਆਂ ਦੇ ਪਰਚੇ ਅਸੀਂ ਹੁਣ ਬੰਦ ਕਰ ਦਿਤੇ ਹਨ। ਚੰਦਿਆਂ ਬਾਰੇ ਕੁਝ ਦੋਸਤਾਂ ਨੇ ਬਹੁਤ ਫਿਕਰਮੰਦੀ ਦੇ ਨਾਲ ਉਦਮ ਵੀ ਵਿਖਾਇਆ ਹੈ ਪਰ ਜਿਥੇ ਜ਼ਾਤੀ ਪਹੁੰਚ ਹੋ ਸਕੀ ਹੈ ਉਥੋਂ ਹੀ ਚੰਗੇ ਸਿਟੇ ਨਿਕਲੇ ਹਨ। ਇਸ ਵਾਸਤੇ ਆਪਣੇ ਬਕਾਇਆ ਚੰਦੇ ਅਤੇ ਨਵੇਂ ਮੈਂਬਰਾਂ ਪਾਸੋਂ ਲੈ ਕੇ ਭਿਜਵਾਓ।

—ਚੰਦਾ ਬਹੁਤ ਬਦਨਾਮ ਜਿਹਾ ਸ਼ਬਦ ਹੋ ਚੁਕਾ ਹੈ। ਚੰਦਿਆਂ ਬਾਰੇ ਵੀ ਅਕਬਰ ਨੇ ਲਿਖਿਆ ਹੈ।

ਦੇਖਤਾ ਏਕ ਉਮਰ ਸੇ ਹੈ ਬੰਦਾ
ਹੋਤਾ ਹੈ ਕੁਛ ਕਾਮ ਨ ਧੰਦਾ
ਬਸ ਯਹੀ ਬਾਤੇਂ ਔਰ ਯਹੀ ਫੰਦਾ
ਲਾਓ ਚੰਦਾ, ਲਾਓ ਚੰਦਾ

ਪਰ ਵਰਿਆਮ ਨੇ ਤਾਂ ਕੰਮ ਧੰਦਾ ਕਰ ਕੇ ਵਿਖਾਇਆ ਹੈ। ਇਸ ਵਾਸਤੇ ਹਰ ਹਾਲਤ 'ਚ ਲਾਓ, ਚੰਦਾ ਲਾਓ ਚੰਦਾ।

**ਜਗਦੀਸ਼ ਸਿੰਘ**

---

**ਭਮਰਾ ਸਨਮਾਨ**

ਇੰਗਲੈਂਡ ਦੇ ਪ੍ਰਸਿਧ ਨਾਮਧਾਰੀ ਸ: ਖੜਕ ਸਿੰਘ ਭਮਰਾ ਅਤੇ ਈਸਟ ਅਫਰੀਕਾ ਨਾਮਧਾਰੀ ਸੰਗਤ (ਨੈਰੋਬੀ) ਦੇ ਪ੍ਰਧਾਨ ਸ: ਸਰਵਨ ਸਿੰਘ ਸੋਖੀ ਦੇ ਸਨਮਾਨ ਵਿਚ ਇਕ ਸਨਮਾਨ ਸਮਾਰੋਹ ਫਗਵਾੜੇ ਦੇ ਰਾਮਗੜੀਆਂ ਵਲੋਂ ਕੀਤਾ ਗਿਆ। ਉਪ੍ਰੋਕਤ ਤਸਵੀਰ ਵਿਚ ਭਮਰਾ ਜੀ ਅਤੇ ਸੋਖੀ ਸਾਹਿਬ ਨਾਲ ਗਿਆਨੀ ਹਰੀ ਸਿੰਘ ਸਾਰੰਗ, ਸ: ਮਹਿੰਦਰ ਸਿੰਘ ਨਾਮਧਾਰੀ, ਸ: ਚਰਨ ਸਿੰਘ ਬੋਪਾਰਾਏ ਪੰਜਾਬੀ ਕਵੀ ਸ: ਨਾਜ਼ਰ ਸਿੰਘ ਤਰਸ ਅਤੇ ਹੋਰ ਸਜਣ ਖੜੇ ਹਨ।

---

**ਹ: ਸ: ਰੰਧਾਵਾ :** ਯੂ. ਕੇ. ਦੇ ਪ੍ਰਸਿਧ ਨਾਮਧਾਰੀ ਸ: ਹਰਚਰਨ ਸਿੰਘ ਰੰਧਾਵਾ ਪਿਛਲੇ ਦਿਨੀਂ ਭਾਰਤ ਆਏ ਸਨ। ਦਿਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਚ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਸ: ਹਰਵਿੰਦਰ ਸਿੰਘ ਹੰਸਪਾਲ ਐਮ.ਪੀ. ਨੇ ਰੰਧਾਵਾ ਜੀ ਦੇ ਵਿਅਕਤਿਤਵ ਤੇ ਸੰਖੇਪ ਤਕਰੀਰ ਵਿਚ ਚਾਨਣਾ ਪਾਇਆ। ਰੰਧਾਵਾ ਜੀ ਨੂੰ ਪੁਸਤਕਾਂ ਦੇ ਸੈਟ ਅਤੇ ਸਿਰੋਪਾ ਦਿਤੇ ਗਏ। ਇਸ ਤੋਂ ਪਹਿਲਾਂ ਸਕੂਲ ਦੀ ਨਵੀਂ ਬਣ ਰਹੀ ਇਮਾਰਤ ਵਾਲੀ ਥਾਂ ਰੰਧਾਵਾ ਜੀ ਗਏ ਅਤੇ ਉਹ ਸਕੂਲ ਦੀ ਤਰੱਕੀ ਦੇਖ ਬਹੁਤ ਪ੍ਰਭਾਵਿਤ ਹੋਏ।



Sri Satguru Jagjit Singh Ji Elibrary NamdhariElibrary@gmail.com

# ਇੰਗਲੈਂਡ ਵਿਚ ਨਾਮਧਾਰੀ ਹੋਲਾ ਮਹੱਲਾ

ਇੰਗਲੈਂਡ ਵਿਚ ਪਹਿਲੀ ਵਾਰ ਨਾਮਧਾਰੀ ਸਿੰਘਾ ਦਾ ਹੋਲੇ ਮਹੱਲੇ ਦਾ ਸਮਾਗਮ ਹੋ ਰਿਹਾ ਹੈ। ਇਹ ਸਮਾਗਮ ੨੦ ਤੋਂ ੨੩ ਅਪਰੈਲ ਤਕ ਬਰਮਿੰਘਮ ਵਿਖੇ ਹੋਵੇਗਾ। ਭਾਵੇਂ ਹੋਲਾ ਮਹੱਲਾ ਮਾਰਚ ਵਿਚ ਹੈ ਅਤੇ ਭਾਰਤ ਵਿਚ ਇਹ ਸਮਾਗਮ ਸ੍ਰੀ ਜੀਵਨ ਨਗਰ (ਸਰਸਾ) ਵਿਚ ੧੭, ੧੮, ੧੯, ੨੦, ਮਾਰਚ ਨੂੰ ਹੋ ਰਿਹਾ ਹੈ। ਪਰ ਇੰਗਲੈਂਡ ਵਿਚ ਇਹ ਅਪਰੈਲ ਮਹੀਨੇ ਹੀ ਹੋ ਰਿਹਾ ਹੈ। ਬਰਮਿੰਘਮ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਏਕਮ ਸਿੰਘ ਸੌਂਦ ਪਿਛਲੇ ਹੋਲੇ ਸਮੇਂ ਸ੍ਰੀ ਜੀਵਨ ਨਗਰ ਆਏ ਸਨ ਅਤੇ ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਇਸ ਹੋਲੇ ਦੀ ਪਰਵਾਨਗੀ ਲੈ ਲਈ ਸੀ ਅਤੇ ਇਸ ਦਾ ਐਲਾਨ ਹੋ ਗਿਆ ਸੀ। ਹੋਲਾ ਕਮੇਟੀ ਦੇ ਚੇਅਰਮੈਨ ਸ: ਏਕਮ ਸਿੰਘ ਸੌਂਦ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਹੋਲੇ ਵਾਸਤੇ ਸਰਗਰਮੀ ਨਾਲ ਤਿਆਰੀਆਂ ਸ਼ੁਰੂ ਹੋ ਗਈਆਂ ਹਨ ਅਤੇ ਇਕ ਵਰਨੀ ਨਿਰੰਤਰ ਜਾਰੀ ਹੋ ਗਈ ਹੈ। ਹੋਲੇ ਦੇ ਸਥਾਨ ਤੇ ਵਿਸ਼ੇਸ਼ ਤੰਬੂ ਲਾਏ ਜਾਣਗੇ ਜਿਨ੍ਹਾਂ ਨੂੰ ਗਰਮ ਕਰਨ ਦਾ ਖਾਸ ਪਰਬੰਧ ਹੋਵੇਗਾ। ਇਸ ਸਮਾਗਮ ਤੇ ਬਰਤਾਨੀਆ ਦੇ ਉਚ ਧਾਰਮਕ ਸਮਾਜਕ ਅਤੇ ਰਾਜਸੀ ਆਗੂ, ਐਮ. ਪੀ. ਮਨਿਸਟਰ ਹਾਈ ਕਮਿਸ਼ਨਰਾਂ ਦੇ ਪੁਜਣ ਦੀ ਵੀ ਆਸ ਹੈ। ਸ਼ਾਹੀ ਪਰਵਾਰ ਨੂੰ ਵੀ ਸੱਦੇ ਭੇਜੇ ਜਾ ਰਹੇ ਹਨ।

ਗੁੰਦਵੇ ਪ੍ਰੋਗਰਾਮ ਵਿਚ ਕੀਰਤਨ ਵਖਿਆਨ ਹੋਲੇ ਦੇ ਦੀਵਾਨ, ਸੰਗੀਤ ਦਰਬਾਰ, ਕਵੀ ਦਰਬਾਰ ਪ੍ਰਦਰਸ਼ਨੀਆਂ ਆਦਿ ਹੋਣਗੇ। ਕੈਨੇਡਾ, ਅਮਰੀਕਾ, ਮਿਡਲਈਸਟ ਅਫਰੀਕਾ ਜਰਮਨੀ, ਯੂਰਪ,ਭਾਰਤ ਅਤੇ ਥਾਈਲੈਂਡ ਆਦਿ ਮੁਲਕਾਂ ਤੋਂ ਸੰਗਤਾਂ ਵਿਸ਼ੇਸ਼ ਸਮਾਗਮ ਵਿਚ ਹਿਸਾ ਲੈਣਗੀਆਂ।



ਸੰਤ ਏਕਮ ਸਿੰਘ ਸੌਂਦ ਚੇਅਰਮੈਨ ਯੂ. ਕੇ. ਹੋਲਾ ਕਮੇਟੀ
ਸਤਿਗੁਰੂ ਜੀ ਪਾਸ ਹੋਲੇ ਲਈ ਬੇਨਤੀ ਕਰਦੇ ਹੋਏ



Sri Satguru Jagjit Singh Ji Elibrary NamdhariElibrary@gmail.com

# ਦੋ ਗ਼ਜ਼ਲਾਂ

**—ਗੁਰਭਜਨ ਗਿੱਲ—**

ਯਤਨ ਕਰਾਂਗਾ, ਮੱਥੇ ਵਿਚਲੀ ਬਲਦੀ ਅੱਗ ਨੂੰ ਠਾਰ ਦਿਆਂ।
ਆਪਣੇ ਵਿਚਲਾ ਅੱਥਰਾ ਘੋੜਾ, ਮਾਰ ਮਾਰ ਕੇ ਮਾਰ ਦਿਆਂ।
ਪਾਲਿਆਂ ਵੇਲੇ ਸੇਕ ਨਹੀਂ ਪਰ ਜੇਠ ਹਾੜ੍ਹ ਨੂੰ ਸਾੜਦਾ ਏ,
ਰੋਜ਼ ਸੋਚਨਾਂ, ਏਸ ਕਿਸਮ ਦੇ ਸੂਰਜ ਨੂੰ ਦੁਰਕਾਰ ਦਿਆਂ।
ਕੋਰੇ ਕਾਗਜ਼ ਤੇ ਨਾ ਐਵੇਂ ਨਵੀਆਂ ਲੀਕਾਂ ਵਾਹ ਦੇਵੇ।
ਪੁੱਤਰ ਕੋਲੋਂ ਕਾਪੀ ਖੋਹ ਕੇ ਰੱਦੀ ਚੋਂ ਅਖ਼ਬਾਰ ਦਿਆਂ।
ਵੱਖਰੇ ਵੱਖਰੇ ਮੋਰਚਿਆਂ ਤੇ ਵੰਨ ਸੁਵੰਨੇ ਦੁਸ਼ਮਣ ਨੇ,
ਇਕ ਇਕੱਲਾ ਕਿੱਧਰ ਕਿੱਧਰ, ਕਿਸ ਕਿਸ ਨੂੰ ਮੈਂ ਹਾਰ ਦਿਆਂ।
ਘਰੋਂ ਤੁਰਦਿਆਂ ਸੁਪਨੇ ਸੀ ਜੋ ਰਾਹਾਂ ਦੇ ਵਿਚ ਤਿੜਕ ਗਏ,
ਪੱਥਰਾਂ ਦੀ ਬਰਸਾਤ ਦੇ ਮਗਰੋਂ ਪੱਥਰਾਂ ਨੂੰ ਸਤਿਕਾਰ ਦਿਆਂ।
ਤਲਖ਼ ਤਜਰਬੇ ਕੋਲ ਗਵਾਹ ਨੇ, ਨਾ ਲਿਫ਼ਿਆ ਨਾ ਮੁੜਿਆ ਹਾਂ,
ਯਤਨ ਕਰਾਂਗਾ, ਏਦਾਂ ਤਣ ਕੇ, ਬਾਕੀ ਰਾਤ ਗੁਜ਼ਾਰ ਦਿਆਂ।
ਨ ਖ਼ਤ ਆਵੇ, ਨ ਖ਼ਤ ਜਾਵੇ ਫਿਰ ਵੀ ਸਾਂਝ ਜਹੀ ਬਾਕੀ,
ਕੇਹੇ ਧਾਗੇ ਨਾਲ ਜਕੜਿਆ, ਸੱਜਣਾਂ ਵਾਘਿਉਂ ਪਾਰ ਦਿਆਂ।

—0—

ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ ਵਿਚ ਉੱਗੀਆਂ ਛਾਵਾਂ ਨਾਲ।
ਕਦਮ ਜੋੜ ਕੇ ਜਿਨ੍ਹਾਂ ਤੁਰਨਾ, ਭਰ ਵਗਦੇ ਦਰਿਆਵਾਂ ਨਾਲ।
ਅੱਜ ਤੇਰੇ ਮੂੰਹ ਜੀਭ ਨਹੀਂ ਹੈ ਚਿਹਰਾ ਵੀ ਉਪਰਾਮ ਜਿਹਾ,
ਤੇਰੀ ਤਾਂ ਸੀ ਬਹਿਣੀ ਉਠਣੀ ਅੱਗ ਵਰੋਂਦੀਆਂ ਵਾਵਾਂ ਨਾਲ
ਸ਼ੀਸ਼ੇ ਸਨਮੁਖ ਕੋਲ ਖਲੋ ਕੇ ਮੇਰਾ ਬੁੱਤ ਘਬਰਾਉਂਦਾ ਹੈ।
ਆਪਣਾ ਆਪ ਪਕੜਨਾ ਚਾਹਵੇ, ਥੱਕੀਆਂ ਥੱਕੀਆਂ ਬਾਹਵਾਂ ਨਾਲ।
ਦਿੱਲੀ-ਦੱਖਣ ਗਾਹੁਣ ਮਗਰੋਂ ਘਰ ਵਿਚ ਆਣ ਖਲੋ ਜਾਈਏ,
ਛਾਵਾਂ ਖਾਤਰ ਜੁੜ ਜਾਨੇ ਆਂ, ਨਿੱਕੀਆਂ ਨਿੱਕੀਆਂ ਥਾਵਾਂ ਨਾਲ।
ਮੰਜ਼ਿਲ ਤਾਂ ਸੀ ਟੇਢੀ ਮੇਢੀ ਉਂਝ ਵੀ ਸੀ ਵੀਰਾਨ ਜਹੀ,
ਐਵੇਂ ਯਾਰੋ ਪਰਚ ਗਏ ਆਂ ਸਿੱਧ-ਮ-ਸਿੱਧੀਆਂ ਰਾਹਵਾਂ ਨਾਲ।
ਰਾਤ ਹਨੇਰੀ, ਬੱਦਲ ਕਣੀਆਂ, ਗੜ੍ਹੇਮਾਰ ਤੇ ਤੇਜ਼ ਹਵਾ,
ਪੱਕੀਆਂ ਫਸਲਾਂ ਕੌਣ ਉਡੀਕੇ, ਏਨੇ ਦੁਸ਼ਮਣ ਚਾਵਾਂ ਨਾਲ।
ਧਰਤੀ ਮਾਂ ਹੈ, ਸੋਨ ਚਿੜੀ ਹੈ, ਪਤਾ ਨਹੀਂ ਇਹ ਕੀ ਕੀ ਹੈ ?
ਬੇਘਰ ਵਿਧਵਾ ਜਾਣੀ ਜਾਵੇ, ਰੰਗ ਬਰੰਗੇ ਨਾਵਾਂ ਨਾਲ।

ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ।



Sri Satguru Jagjit Singh Ji Elibrary NamdhariElibrary@gmail.com

ਰਿਪੋਰਤਾਜ

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ 'ਚ ਗਰੇਟ ਬ੍ਰਿਟੇਨ ਵਿਖੇ

# ਪਹਿਲਾ ਨਾਮਧਾਰੀ ਸੰਗੀਤ ਸੰਮੇਲਨ



੧੪. ੯. ੧੯੮੩

ਸ਼ਾਂਤੀ, ਫਰਿਸ਼ਤਿਆਂ ਅਤੇ ਪਰੀਆਂ ਦੀਆਂ ਮੂਰਤੀਆਂ ਦਾ ਘਰ ਸੇਂਟ ਜਾਰਜਿਜ਼ ਈਸਾਈ ਚਰਚ ਅਜ ਲਗਭਗ ਡੇਢ ਹਜ਼ਾਰ ਸਰੋਤਿਆਂ ਦੀ ਗਿਣਤੀ ਨਾਲ ਭਰਿਆ ਜਗ ਮਗ ਜਗ ਮਗ ਕਰ ਰਿਹਾ ਸੀ ਜਿਨ੍ਹਾਂ ਵਿਚ ਸਿਖ, ਹਿੰਦੂ, ਮੁਸਲਮਾਨ, ਕਾਲੇ ਤੇ ਗੋਰੇ, ਬਾਉ ਈਸਾਈ ਸਿਆਸੀ, ਡਿਪਲੋਮੈਟਿਕ, ਵਿਦਿਅਕ ਅਦਾਰਿਆਂ ਚੋਂ ਵਿਅਕਤੀ ਸ਼ਾਮਲ ਸਨ। ਬਹੁਤਿਆਂ ਨੂੰ ਭਾਵੇਂ ਬੈਠਣ ਲਈ ਕੋਈ ਸੀਟ ਨਹੀਂ ਸੀ ਮਿਲ ਸਕੀ, ਉਹ ਆਲੇ ਦੁਆਲੇ ਖੜੇ ਹੀ ਬਾਰ ਬਾਰ ਟਿੱਕ ਟਿੱਕੀ ਲਗਾਕੇ ਅਜ ਅਨੋਖੇ ਢੰਗ ਨਾਲ ਚਿਟੇ ਸਫੇਦ ਬਸਤਰੀਂ ਸੱਜੀ ਸਟੇਜ ਤੋਂ ਮੋਹਤ ਹੋ ਹੋ ਉਸਦਾ ਇੰਤਜ਼ਾਰ ਕਰ ਰਹੇ ਸਨ. ਜਿਸ ਇਸ ਸਟੇਜ ਤੇ ਸਜੀ ਚਾਂਦੀ ਰੰਗੀ ਚਾਨਣੀ ਹੇਠਾਂ ਸਿੰਘਾਸਣ ਤੇ ਸੁਸ਼ੋਭਤ ਹੋਣਾ ਸੀ। ਸਾਹਮਣੇ ਇਕ ਪਾਸੇ ਸੰਗੀਤਕਾਰਾਂ ਲਈ ਪਲੇਟ ਫਾਰਮ ਸੀ ਅਤੇ ਕੋਨੇ ਵਿਚ ਅਨਾਉਂਸਰ ਲਈ ਰੋਸਟਰਮ। ਪਿਸ਼ਠ ਭੂਮੀ ਵਿਚ ਚਿਟੇ ਰੇਸ਼ਮੀ ਪਰਦੇ ਤੇ SANGEET SAMMELAN

A festival of Indian Classical music in the memory of

SRI SATGURU PARTAP SINGH JI MAHARAJ

ਦਹਿਕ ਰਿਹਾ ਸੀ।

ਇੰਨੇ ਨੂੰ ਜੈਕਾਰੇ ਨਾਲ ਹਾਲ ਗੂੰਜਿਆ, ਸਾਰੇ ਖੜੇ ਹੋ ਗਏ। ਬਹੁਤ ਅਦਬ ਅਤੇ ਖੁਸ਼ੀਆਂ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਅਤੇ ਸ੍ਰੀ ਸਤਿਗੁਰੂ ਜੀ ਦੇ ਸਿੰਘਾਸਣ ਤੇ ਬਿਰਾਜਮਾਨ ਹੋ ਜਾਣ ਤੇ ਪਿਛੋਂ ਹੁਕਮ ਅਨੁਸਾਰ ਫਿਰ ਸੀਟਾਂ ਤੇ ਬੈਠੇ।

ਸੰਤ ਅਜੀਤ ਸਿੰਘ ਹੁਰਾਂ ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਸਟੇਜ ਤੋਂ ਇਸ ਦੁਭਾਸ਼ੀ (ਪੰਜਾਬੀ ਅਤੇ ਅੰਗਰੇਜ਼ੀ) ਪ੍ਰੋਗਰਾਮ ਦੀ ਕਾਰਵਾਈ ਅਰੰਭ ਕੀਤੀ। ਸਾਰੀ ਸਾਧ ਸੰਗਤ ਵਲੋਂ ਹਿਰਦਿਆਂ ਰਾਹੀਂ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਦਾ ਜ਼ਿਕਰ ਅਤੇ ਸ੍ਰੀ ਸਤਿਗੁਰੂ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਿਆਂ ਉਨ੍ਹਾਂ ਆਖਿਆ "ਸਾਡੇ ਲਈ ਸਭ ਤੋਂ ਵੱਡੀ ਖੁਸ਼ੀ ਤਾਂ ਇਹ ਹੈ ਕਿ ਆਪ ਜੀ ਦੇ ਦਰਸ਼ਨ ਹੋ ਰਹੇ ਹਨ ਪਰ ਅਸੀਂ ਹੋਰ ਵੀ ਧੰਨਵਾਦੀ ਹਾਂ ਕਿ ਆਪ ਜੀ ਨੇ ਸੰਗਤ ਨੂੰ ਮਾਣ ਬਖਸ਼ਦਿਆਂ ਬਰਤਾਨੀਆਂ ਵਿਚ ਇਸ ਪਹਿਲੇ ਨਾਮਧਾਰੀ ਸੰਗੀਤ ਸੰਮੇਲਨ ਦੀ ਕਿਰਪਾ ਕੀਤੀ ਹੈ। ਇਸ ਸੰਮੇਲਨ ਦਾ ਪੱਛਮੀ ਲੰਡਨ ਸਾਊਥਾਲ ਵਿਖੇ ਹੋਣਾ ਸਾਡੇ ਸਾਰਿਆਂ ਲਈ ਹੋਰ ਵੀ ਮਹੱਤਵਪੂਰਨ ਹੈ। ਸਾਊਥਾਲ ਦੇ ਮਿਹਨਤਕਸ਼ ਕਾਲੇ ਤੇ ਗੋਰੇ ਲੋਕਾਂ ਇਸ ਦੇਸ਼ ਦੀ ਉਸਾਰੀ ਵਿਚ ਬੜਾ ਵੱਡਾ ਹਿੱਸਾ ਪਾਇਆ ਹੈ ਅਤੇ ਮੇਰਾ ਪੱਕਾ ਵਿਸ਼ਵਾਸ ਹੈ, ਕਿ ਉਹ ਆਪਣੀਆਂ ਸਖਤ ਮਿਹਨਤ ਨਾਲ ਕਮਾਈਆਂ ਅਤੇ ਸਤਿਕਾਰੀਆਂ ਜਾਂਦੀਆਂ ਰਵਾਇਤਾਂ ਕਾਇਮ ਰਖਣਗੇ। ਸਾਊਥਾਲ ਸਮਾਜਕ ਸਭਿਆਚਾਰਕ ਅਮੀਰੀ ਅਤੇ ਭਿੰਨਤਾ ਦਾ ਮਾਡਲ ਹੁੰਦਿਆਂ ਹੋਇਆਂ ਐਸਾ ਸੰਗਮ ਵੀ ਹੈ ਜਿਹੜਾ ਬਰਤਾਨਵੀ ਸਮਾਜ ਦੀ ਭਵਿਖਤ ਦੀ ਰੂਪ ਰੇਖਾ ਦੀ ਉਸਾਰੀ ਵਿਚ ਬੜਾ ਵੱਡਾ ਹਿੱਸਾ ਪਾ ਰਿਹਾ ਹੈ। ਅੱਜ ਦਾ ਇਹ ਸੰਗੀਤ ਸੰਮੇਲਨ ਆਪ ਜੀ ਦੀ ਕਿਰਪਾ ਨਾਲ ਪੂਰਬ



Sri Satguru Jagjit Singh Ji Elibrary NamdhariElibrary@gmail.com

ਲੰਡਨ ਬਾਰੋ ਆਫ ਈਲਿੰਗ ਦੀ ਡਿਪਟੀ ਮੇਅਰ ਕੌਂਸਲਰ ਮਿਸਿਜ਼ ਮੇਅ ਹੇਅਵੁਡ
ਦੁਆਰਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਭਿਨੰਦਨ

ਵਲੋਂ ਪੱਛਮ ਨੂੰ ਆ ਰਹੀ ਇਕ ਬਹੁਤ ਵੱਡੀ ਦੇਣ ਹੈ। ਸੰਗੀਤ ਪ੍ਰੋਗਰਾਮ ਦੀ ਅਰੰਭਤਾ ਤੋਂ ਪਹਿਲਾਂ ਆਪ ਜੀ ਦੀ ਸੇਵਾ ਵਿਖੇ ਬੇਨਤੀ ਹੈ ਕਿ ਬਹੁਤ ਮੁੱਦਤ ਦੀ ਇੰਤਜ਼ਾਰ ਪਿਛੋਂ ਅੱਜ ਸਾਨੂੰ ਆਪਣੇ ਵਿਚਕਾਰ ਆਪ ਜੀ ਦੇ ਸਾਕਾਰ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਿਹੜਾ ਸਦਾ ਤਾਂਘ ਹੀ ਬਣਿਆ ਰਹਿੰਦਾ ਹੈ। ਨਾਮਧਾਰੀ ਤੇ ਆਪਣੇ ਅਥਾਹ ਜਜ਼ਬਾਤ ਨੂੰ ਠੱਲ, ਲਾ ਲੈਣਗੇ, ਪਰ ਹੋਰ ਇਥੇ ਆਏ ਬਹੁਤ ਸਾਰੇ ਪਤਵੰਤੇ ਮਿੱਤਰਾਂ ਨੂੰ ਜੇਕਰ ਨਮਸਕਾਰ ਦਾ ਸੁਭਾਗ ਪ੍ਰਾਪਤ ਨ ਹੋਇਆ ਤਾਂ ਉਨ੍ਹਾਂ ਦੇ ਮਨਾਂ ਵਿਚ ਇਕ ਖਲਾਅ ਬਣਿਆ ਰਹਿ ਜਾਵੇਗਾ''

ਸਭ ਤੋਂ ਪਹਿਲਾਂ ਭਾਰਤੀ ਹਾਈ ਕਮਿਸ਼ਨ ਦੇ ਖਾਸ. ਨੁਮਾਇੰਦੇ ਸ੍ਰੀ ਜੀ. ਐਸ. ਭਾਟੀਆ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਹਾਰ ਪਹਿਨਾਕੇ His Ex. The High Commissioner Dr. ਸਈਅਦ ਮੁਹੰਮਦ ਵਲੋਂ ਸੁਆਗਤ ਕਰਦਿਆਂ ਉਨ੍ਹਾਂ ਦਾ ਸੰਦੇਸ਼ ਪੜ੍ਹਕੇ ਸੁਣਾਇਆ। ਇਸੇ ਤਰ੍ਹਾਂ ਹੀ ਯੁਗੰਡਾ ਅਤੇ ਕੁਝ ਹੋਰ ਦੂਤਵਾਸਾਂ ਵਲੋਂ ਵੀ ਸੰਦੇਸ਼ ਪੁਜੇ।

ਲੰਡਨ ਬਾਰੋ ਆਫ ਈਲਿੰਗ ਦੀ ਡਿਪਟੀ ਮੇਅਰ ਕੌਂਸਲਰ ਮਿਸਿਜ਼ ਮੇਅ ਹੇਅਵੁਡ ਅਤੇ ਮੇਅਰੈਸ ਮਿਸਿਜ਼ ਐਚ ਰੈਂਟਲ ਨੇ ਸ੍ਰੀ ਸਤਿਗੁਰੂ ਜੀ ਨੂੰ ਹਾਰ ਪਹਿਨਾ ਨਮਸਕਾਰ ਕਰਕੇ ਸ਼ੁਭ ਇਛਾਵਾਂ ਪੇਸ਼ ਕੀਤੀਆਂ।

ਮਿਸਟਰ ਟੋਨੀ ਬੈਂਕ ਐਮ ਪੀ, ਚੇਅਰਮੈਨ ਗਰੇਟਰ ਲੰਡਨ ਕੌਂਸਲ ਆਰਟਸ ਕਮੇਟੀ ਅਤੇ ਉਨ੍ਹਾਂ ਦੇ ਨਾਲ ਆਏ ਹੋਰ ਕੌਂਸਲਰਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਹਾਰ ਪਹਿਨਾਂ ਨਮਸਕਾਰ ਕੀਤੀ। ਸ: ਹਰਵਿੰਦਰ ਸਿੰਘ ਹੰਸਪਾਲ ਮੈਂਬਰ ਰਾਜ ਸਭਾ ਭਾਰਤ, ਪਹਿਲਾਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਖੇ ਹਾਰ ਪੇਸ਼ ਕੀਤਾ ਅਤੇ ਫਿਰ ਮਿਸਟਨ ਟੋਨੀ ਬੈਂਕ ਨੂੰ ਹਾਰ ਪਹਿਨਾ ਕੇ ਉਨ੍ਹਾਂ ਦਾ ਸੁਆਗਤ ਕੀਤਾ। (ਦੋ ਦਿਨ ਪਹਿਲਾਂ ਮਿਸਟਰ ਟੋਨੀ ਬੈਂਕ ਐਮ ਪੀ ਅਤੇ ਗਰੇਟਰ ਲੰਡਨ ਕੌਂਸਲ ਦੇ ਲੀਡਰ ਮਿਸਟਰ ਕੈਨ ਲਿਵਿੰਗਸਟਨ ਹੁਰਾਂ ਗਰੇਟਰ ਲੰਡਨ ਕੌਂਸਲ ਵਿਖੇ ਸ੍ਰੀ ਸਤਿਗੁਰੂ ਜੀ ਦਾ ਬੜਾ ਨਿਘਾ ਸੁਆਗਤ ਕੀਤਾ ਸੀ)

ਇਸੇ ਤਰਾਂ ਸ੍ਰੀ ਤਰਸੇਮ ਸਿੰਘ ਤੂਰ ਜਨਰਲ ਸਕੱਤਰ ਇੰਡੀਅਨ ਵਰਕਰਜ਼ ਐਸੋਸੀਏਸ਼ਨ,ਸ੍ਰੀ ਹਰਬੰਸ ਸਿੰਘ ਰੂਪਰਾਏ,



Sri Satguru Jagjit Singh Ji Elibrary NamdhariElibrary@gmail.com

ਪ੍ਰਧਾਨ ਇੰਡੀਅਨ ਓਵਰਸੀਜ਼ ਕਾਂਗਰਸ, ਸਾਊਥਾਲ ਸ: ਮਲਵਿੰਦਰ ਸਿੰਘ ਸਹੋਸ, ਪ੍ਰਧਾਨ ਰਾਮਗੜ੍ਹੀਆ ਸਭਾ ਸਾਊਥਾਲ ਸ: ਜਸਪਾਲ ਸਿੰਘ ਭੋਵਰਾ ਜਨਰਲ ਸਕੱਤਰ ਰਾਮਗੜ੍ਹੀਆ ਸਭਾ ਸਾਊਥਾਲ ਅਤੇ ਕਾਨੂੰਨੀ ਕੇਂਦਰ ਦੇ ਆਰਗਨਾਈਜ਼ਰ ; ਕੌਂਸਲਰ ਡੈਰਿਕ ਹੈਰਿਸ ਆਫ ਸੇਂਟ ਜਾਰਜਿਸ ਚਰਚ; ਮਿਸਿਜ਼ ਸੈਲੀ ਮਰੇ-ਕਿੰਗਸਟਨ ਗਰੁਪ ਆਫ ਰੇਸ਼ਲ ਅੰਡਰ ਸਟੈਂਡਿੰਗ;

ਹਰ ਰਾਇਲ ਹਾਈਨੈਸ ਸ਼ਹਿਜ਼ਾਦੀ ਅਸੋਕਾ ਮਾਲਾ ਡੈਲਗੋਡਾ-ਬੁਧ-ਵਿਹਾਰ, ਕਮਾਂਡਰ ਗੁਰਨਾਮ ਸਿੰਘ
ਮਿਸਟਰ ਡੇਵਿਡ ਬਾਲਡਵਿਨ-ਈਲਿੰਗ ਐਜੂਕੇਸ਼ਨਿਸਟਸ
ਮਿਸਟਰ ਅਵਿਨਾਸ਼ ਅਜ਼ਾਦ-ਸੰਦੇਸ਼ ਇੰਟਰਨੈਸ਼ਨਲ
ਮਿਸਟਰ ਦਿਲਬਾਗ ਸਿੰਘ ਚਾਨਾ-ਚੇਅਰਮੈਨ-ਜਾਇੰਟ ਕੌਂਸਲ ਫਾਰ ਵੈਲਫੇਅਰ ਆਫ ਇਮੀਗਰੈਂਟਸ
ਸ੍ਰੀ ਹਰਮਿੰਦਰ ਸਿੰਘ ਸੋਹਲ—ਪ੍ਰਧਾਨ ਰਾਮਗੜ੍ਹੀਆ ਕੌਂਸਲ ਯੂ. ਕੇ.

ਸ. ਭੋਲਾ ਸਿੰਘ ਮੁਣਕ—ਜਨਰਲ ਸਕੱਤਰ ਰਾਮਗੜ੍ਹੀਆ ਕੌਂਸਲ ਯੂ.ਕੇ., ਸ੍ਰੀ ਤਰਸੇਮ ਸਿੰਘ ਫਲੋਰਾ—ਆਰਕੀਟੈਕਟ । ਡਾਕਟਰ ਚਮਨ ਲਾਲ ਗੁਪਤਾ, ਕੌਂਸਲਰ ਅਮਰਜੀਤ ਸਿੰਘ ਆਫ ਨਿਯੂਹੈਮ, ਕੌਂਸਲਰ ਮਿਸਿਜ਼ ਗਰੈਹਮ ਲੰਡਨ ਬਰਾ ਆਫਈਲਿੰਗ । ਆਦਿ ਸਭ ਨੇ ਸ੍ਰੀ ਸਤਿਗੁਰੂ ਜੀ ਨੂੰ ਹਾਰ ਪਹਿਨਾ ਨਮਸਕਾਰਾਂ ਕੀਤੀਆਂ ਡਾਕਟਰ ਜ਼ਵੇਰੀ ਲੀਡਜ਼ ਕਲਾਸੀਕਲ ਮਯੂਜ਼ਿਕ ਐਸੋਸੀਏਸ਼ਨ ਵਲੋਂ ਸ੍ਰੀ ਸਤਿਗੁਰੂ ਜੀ ਦੀ ਸੰਗੀਤ ਨੂੰ ਦੇਣ ਦੀ ਪ੍ਰਸੰਸ਼ਾ ਕਰਦਿਆਂ ਸੌ ਪੌਂਡ ਅਰਪਿਤ ਕੀਤੇ ।

ਸੇਂਟ ਜਾਰਜਿਸ ਚਰਚ ਦੇ ਵਿਕਰ (ਪਾਦਰੀ) ਸ੍ਰੀ ਮਨੂੰ ਰਮਲ ਸ਼ਾਹ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆਂ ਆਖਦਿਆਂ ਸ੍ਰੀ ਸਤਿਗੁਰੂ ਜੀ ਦੇ ਬਰਤਾਨੀਆਂ ਆਉਣ ਨੂੰ ਇਨਸਾਨੀ ਭਾਈਚਾਰੇ ਦੀ ਸਹਿਹੋਂਦ ਤੇ ਅਮਨ ਵਲ ਇਕ ਵੱਡਾ ਕਦਮ ਮੰਨਿਆ ।

ਇਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਏ ਸਰੋਤਿਆਂ ਨੂੰ ਇਸ ਤਰ੍ਹਾਂ ਉਪਦੇਸ਼ ਨਾਲ ਨਿਵਾਜਿਆ :—

"ਮਾਨਨੀਆ ਮੈਂਬਰ ਸਾਹਿਬ ਪਾਰਲੀਮੈਂਟ ਅਤੇ ਦੂਸਰੇ ਸਾਡੇ ਆਏ ਪਤਵੰਤੇ ਸੱਜਨੋ । ਮੈਨੂੰ ਪੂਰਾ ਪਤਾ ਨਹੀਂ ਇਥੇ ਕੌਂਸਲਰ ਸਾਹਿਬ ਕਈ ਆਏ ਹੋਣਗੇ । ਮੈਂ ਅਰਜ਼ ਕਰਨੀ ਚਾਹੁੰਣਾ ਜਿਵੇਂ ਹਰ ਦੇਸ਼ ਦੇ ਵਿਚ ਹਰ ਪੱਖ ਦੇ ਲੋਕਾਂ ਨੂੰ ਹਰ ਧਰਮ ਤੇ ਹਰ ਸਿਆਸਤ ਦੇ ਲੋਕਾਂ ਨੂੰ ਹਰ ਤਰ੍ਹਾਂ ਕਰਕੇ ਰੋਟੀ ਕਪੜੇ ਦੀ ਰਹਿਣ ਦੇ ਮਕਾਨਾਂ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਹੀ ਆਪਣੀ ਸਭਿਅਤਾ ਨੂੰ ਜਿਉਂਦੇ ਰਖਣ ਦੀ ਵੀ ਨਾਲ ਹੀ ਉਨ੍ਹਾਂ ਨੂੰ ਲੋੜ ਹੁੰਦੀ ਹੈ । ਸਾਨੂੰ ਬਹੁਤ ਖੁਸ਼ੀ ਹੁੰਦੀ ਹੈ, ਕਿ ਬਹੁਤ ਸਾਰੀਆਂ ਗੱਲਾਂ ਸਾਡੀਆਂ ਆਪਸ ਵਿਚ ਸਾਂਝੀਆਂ ਹਨ । ਜੋ ਇਥੋਂ ਦੀ ਆਪਣੀ ਸਭਿਅਤਾ ਅਤੇ ਉਹਦੇ ਮੁਤਾਬਿਕ ਭਾਰਤ ਦੀ ਆਪਣੀ ਸਭਿਅਤਾ ਹੈ ਜੋ ਇਨ੍ਹਾਂ ਦਾ ਆਪਣਾ ਸੰਗੀਤ ਹੈ ਤੇ ਭਾਰਤ ਦਾ ਆਪਣਾ ਸੰਗੀਤ ਹੈ । ਆਪਸ ਵਿਚ ਮੇਲ ਮਿਲਾਪ ਪੈਦਾ ਹੁੰਦੇ ਨੇ, ਇਹੋ ਜਿਹੀਆਂ ਚੰਗੀਆਂ ਸਭਾਵਾਂ ਕਰਨ ਨਾਲ । ਅਜ ਜਿਸ ਗਲ ਦੀ ਬਹੁਤ ਘਾਟ ਹੈ ਉਹ ਆਪਸ ਵਿਚ ਮੇਲ ਮਿਲਾਪ ਹੈ, ਜਿੰਨੀ ਦੇਰ ਆਪਸ ਵਿਚ ਮੇਲ ਮਿਲਾਪ ਦੀ ਘਾਟ ਰਹੇਗੀ, ਉਨਾਂ ਚਿਰ ਦੁਨੀਆਂ ਵਿਚ ਖਿਲਾਉ ਬਣਿਆ ਰਹੇਗਾ । ਜਦੋਂ ਆਪਸ ਵਿਚ ਇਕ ਦੂਜੇ ਨੂੰ ਸਮਝਕੇ, ਕਿਸੇ ਦੇ ਦੁਖ ਤਕਲੀਫ ਨੂੰ ਆਪਣਾ ਜਾਣ ਕੇ ਉਸਦੇ ਵਿਚ ਸਹਾਇਤਾ ਕਰਨ ਦੀ ਲੋੜ ਉਪਜੇਗੀ ਉਸੇ ਤਰਾਂ ਹੀ ਸਾਡੇ ਤਨਾਉ ਜਿਹੜੇ ਆਪਸ ਵਿਚ ਘਟਦੇ ਜਾਣਗੇ । ਤੁਹਾਨੂੰ ਬਹੁਤ ਕੁਝ ਦਸਿਆ ਵੀ ਗਿਆ ਨਾਮਧਾਰੀ ਸੰਪਰਦਾ ਦੇ ਬਾਰੇ ਪਰ ਮੈਂ ਪਿਛੋਕੜ ਬਹੁਤਾ ਨਹੀਂ ਦਸਦਾ । ਮੈਂ ਇੰਨਾਂ ਹੀ ਦਸਾਂਗਾ, ਕਿ ਜੋ ਕੁਝ ਨਾਮਧਾਰੀ ਸੰਪਰਦਾ ਨੇ ਆਪਣੇ ਦੇਸ਼ ਦੀ ਅਜ਼ਾਦੀ ਵਾਸਤੇ ਅਤੇ ਉਸਦੇ ਵਿਚ ਆਪਣੇ ਵਿਤ ਅਨੁਸਾਰ ਉਸਾਰੀ ਵਾਸਤੇ ਵੱਖ ਵੱਖ ਪੱਖਾਂ ਹੋ ਹਿੱਸਾ ਪਾਇਆ ਉਹ ਆਪਣੀ ਮਿਸਾਲ ਆਪ ਹੈ, ਇਹ ਗੱਲ ਮੈਂ ਆਖਦਾ ਇੰਨਾ ਚੰਗਾ ਨਹੀਂ ਲਗਦਾ, ਜੇ ਤੁਸੀਂ ਅਖਬਾਰਾਂ ਜਾਂ ਇਤਿਹਾਸ ਨੂੰ ਪੜ੍ਹੋ, ਜਾਂ ਉਨ੍ਹਾਂ ਲੋਕਾਂ ਤੋਂ ਜਾਣੋਂ ਜਿਹੜੇ ਮੇਰੇ ਨਾਲੋਂ ਜ਼ਿਆਦਾ ਇਹ ਗੱਲਾਂ ਤੁਹਾਨੂੰ ਦਸ ਸਕਦੇ ਨੇ ਤਾਂ ਤੁਸੀਂ ਜ਼ਰੂਰ ਇਸ ਨਤੀਜੇ ਤੇ ਪਹੁੰਚੋਗੇ, ਜਿਹੜਾ ਮੈਂ ਤੁਹਾਨੂੰ ਦਸਿਆ ਹੈ ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਦੋ ਹਜ਼ਾਰ ਏਕੜ ਦੇ ਕਰੀਬ ਵਧੀਆ ਜ਼ਮੀਨ ਉਨਾਂ ਗਰੀਬਾਂ ਨੂੰ ਦਿਤੀ ਜਿਨਾਂ ਕੋਲ ਜ਼ਮੀਨ ਜਾਂ ਬਿਲਕੁਲ ਹੈ ਨਹੀਂ ਸੀ ਜਾਂ ਇਕ ਅੱਧਾ ਏਕੜ ਹੋਵੇਗੀ । ਸਿਰਫ ਜ਼ਮੀਨ ਹੀ ਨਹੀਂ ਦਿਤੀ ਸਗੋਂ ਵਾਹੀ ਵਾਸਤੇ ਉਨਾਂ ਨੂੰ ਵਾਹੀ ਦੇ ਸੰਦ ਤੇ ਵਾਹੀ ਦੇ ਸਾਧਨ ਪੈਦਾ ਕਰਕੇ ਦਿਤੇ । ਨਾਲ ਉਨਾਂ ਨੂੰ ਗਊਆਂ ਦੁਧ ਵਾਸਤੇ ਵੀ ਦਿਤੀਆਂ ਤੇ ਵਾਹੀ ਦੇ ਨਾਲ ਸਾਧਨ ਪੈਦਾ ਕਰਕੇ ਦਿਤੇ । ਇਥੇ ਹੀ ਨਹੀਂ ਬਸ ਸਗੋਂ ਜਿੰਨਾ ਨੂੰ ਲੋੜ ਸੀ ਆਪਣੇ ਕੋਲੋਂ ਪੱਠਾਂ ਤੇ ਚਾਰਾ ਵੀ ਉਨਾਂ ਦੇ ਡੰਗਰਾਂ ਵਾਸਤੇ ਦਿਤਾ । ਆਪਣੀ ਸਭਿਅਤਾ ਨੂੰ ਹੋਂਦ ਵਿਚ ਰਖਣ ਵਾਸਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੀਵਨ ਨਗਰ ਜਿਹੜਾ ਅਜ-



Sri Satguru Jagjit Singh Ji Elibrary NamdhariElibrary@gmail.com

ਸੇਂਟ ਜਾਰਜਿਜ਼ ਚਰਚ ਲੰਡਨ ਦੇ ਵਿਸ਼ਾਲ ਹਾਲ ਵਿਚ ਸੰਗੀਤ ਸਰੋਤਿਆਂ ਦਾ ਦ੍ਰਿਸ਼

ਕਲ ਹਰਿਆਣਾ ਵਿਚ ਹੈ ਉਹਦੇ ਵਿਚ ਬੜਾ ਵਧੀਆ ਸਕੂਲ ਬਣਾਇਆ ਜਿਹਦੇ ਵਿਚ ਫੀਸ ਬਚਿਆਂ ਕੋਲੋਂ ਨਹੀਂ ਲਈ ਜਾਂਦੀ ਸਗੋਂ ਉਹਨਾਂ ਵਿਚੋਂ ਕਈਆਂ ਬਚਿਆਂ ਨੂੰ ਰੋਟੀ ਕਪੜਾ ਅਤੇ ਰਹਿਣ ਦੀ ਥਾਂ ਤੇ ਕਿਤਾਬਾਂ ਆਦਿ ਦਾ ਖਰਚਾ ਦਿਤਾ ਜਾਂਦਾ ਹੈ ।

ਇਸੇ ਤਰਾਂ ਹੀ ਘੋੜਿਆਂ ਵਿਚ ਬਹੁਤ ਪਹਿਲਾਂ ਨੰਬਰ ਹਾਸਲ ਕੀਤਾ'ਰੇਸਾਂ ਜਿਤਕੇ। ਐਉਂ ਸਮਝ ਲਓ ਕਿ ਜਿਨਾਂ ਦੇ ੪੦ ਘੋੜੇ ਸਨ ਇਕ ਮਿਸਟਰ ਬਰਨਾਰਡ ਸ਼ਾ ਕੁਝ ਐਸਾ ਨਾਮ ਸੀ, ਲਾਹੌਰ ਹੁੰਦੇ ਹਨ, ਉਨਾਂ ਦੇ ਕਰੀਬ ੪੦ ਘੋੜੇ ਹੋਣਗੇ ਤੇ ਇਧਰ ਆਪਣੇ ਕੋਲ ਸਤਿਗੁਰੂ ਜੀ ਦੇ ਕੋਈ ਅੱਠ ਜਾਂ ਦਸ ਘੋੜੇ ਸਨ ਪਰ ਜਿਹੜਾ ਜੇਤੂ ਗਰਾਫ ਬਣਦਾ ਸੀ ਉਹ ਆਪਣੇ ਘੋੜਿਆਂ ਦਾ ਉਨਾਂ ਨਾਲੋਂ ਜ਼ਿਆਦਾ ਸੀ। ਇਸੇ ਤਰਾਂ ਹੀ ਗਊਆਂ ਦੇ ਵਿਚ ਪਹਿਲਾ ਥਾਂ ਪ੍ਰਾਪਤ ਕੀਤਾ। ਹਰ ਸਾਲ ਦੀਆਂ ਸਾਲਾਨਾ ਨੁਮਾਇਸ਼ਾਂ ਦੇ ਵਿਚ ਉਨਾਂ ਦੇ ਜਿਹੜੇ ਅੰਕ breeding Points ਤੇ ਦੁਧ ਦੇ ਵਿਚ ਦੋਨਾਂ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਗਿਆ। ਇਹ ਇਉਂ, ਸਮਝ ਲਓ ਕਿ ਜੇ ੧੦੦੦੦ ਰੁਪਯਾ ਸਾਰੀ ਨੁਮਾਇਸ਼ ਦਾ ਇਨਾਮ ਹੋਵੇ ਤੇ ਉਹਦੇ ਚੋਂ ੨੮-੩੦ ਸੌ ਯਾਨੀ ਤਿੰਨ ਚਾਰ ਹਜ਼ਾਰ ਰੁਪਿਆ ਸਾਡੇ ਹਿਸੇ ਆਉਂਦਾ ਸੀ। ਫੇਰ ਜੇ ਕਹੋ ੪੦ ਕੈਂਪ ਨੇ ਤਾਂ ਉਨਾਂ ਵਿਚੋਂ ੨੦ ਜਾਂ ਇਸ ਤੋਂ ਵਧ ੨੪ ਸਾਡੇ ਹਿਸੇ ਆ ਜਾਂਦੇ ਸੀ। ਆਲ ਇੰਡੀਆ ਪਸ਼ੂ ਪ੍ਰਦਰਸ਼ਨ ਦੇ ਵਿਚ ਸਾਡੀ ਹਰਿਆਣਾ ਨਸਲ ਦੀ ਗਾਂ ਨੇ ਜਿਹੜੀ ਬੈਲ ਤੇ ਦੁਧ, ਦੋਵੇਂ ਮਤਲਬ ਹਲ ਕਰਦੀ ਹੈ ਤੀਸਰੇ ਸੂਏ ਵਿਚ ੨੮ ਕਿਲੋਗ੍ਰਾਮ ਦੁਧ ਕੀਤਾ ਤੇ ਇਨਾਮ ਪ੍ਰਾਪਤ ਕੀਤਾ। ਇਸ ਤਰਾਂ ਇਕ ਹੋਰ ਗਾਂ ਸੀ ਜਿਹੜੀ ਹਰਿਆਣਾ ਨਸਲ ਦੀ ਉਸਨੇ ਸਾਰੇ ਇਨਾਮ ਜਿੱਤ ਜਿਤਕੇ ਚਾਰ ਪੰਜਾਂ ਸਾਲਾਂ ਵਿਚ ੧੧੦੦੦ ਰੁਪਿਆ ਇਨਾਮਾਂ ਦਾ ਪ੍ਰਾਪਤ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਾਡੀ ਸਭਿਅਤਾ ਦੀ ਖਿਦੋ ਖੂੰਡੀ ਦੀ ਖੇਡ ਬਹੁਤ ਪਿਆਰੀ ਸੀ। ਇਸ ਕਰਕੇ ਉਹ ਹਾਕੀ ਨਾਲ ਬੜਾ ਪਿਆਰ ਕਰਦੇ ਸਨ। ਉਸ ਹਾਕੀ ਦੀ ਇਕ ਟੀਮ ਆਪਣੇ ਬਚਿਆਂ ਦੀ ਟੀਮ ਜਿਹੜੀ ਪੰਦਰਾਂ ਸਾਲ ਦੇ ਬਚਿਆਂ ਦੀ ਟੀਮ ਹੈ, ਉਸਨੇ ਸਾਰੇ ਹਿੰਦੁਸਤਾਨ ਨੂੰ ਆਪਣੇ ਉਮਰ ਦੇ ਬਚਿਆਂ ਵਿਚੋਂ ਜਿਤਿਆ ਅਤੇ ਜਿਹੜੀ ਅਠਾਰਾਂ ਸਾਲ ਵਾਲੀ ਟੀਮ ਹੈ ਉਸਨੇ ਦੂਜਾ ਥਾਂ ਪ੍ਰਾਪਤ ਕੀਤਾ ਜਾਂ ਬਰਾਬਰ ਰਹੇ। ਇਸ ਤਰਾਂ, ਹੀ ਜਿਹੜੇ ਵਡੀ ਉਮਰ ਦੇ ਸਰੀਰ ਹੋ ਜਾਂਦੇ ਨੇ ਜਾਂ



Sri Satguru Jagjit Singh Ji Elibrary NamdhariElibrary@gmail.com

ਜਿਨਾਂ ਕੋਲ ਘਰ ਵਿਚ ਸਾਧਨ ਐਸੇ ਨਹੀਂ ਜਾਂ ਜਿਨਾਂ ਨੂੰ ਘਰ ਦੇ ਕਿਸੇ ਲੜਾਈ ਦੇ ਕਾਰਣ ਘਰ ਉਨਾਂ ਨੂੰ ਘਰ ਵਿਚ ਨਹੀਂ ਰਹਿਣ ਦਿੰਦੇ, ਉਨਾਂ ਸਾਰਿਆਂ ਨੂੰ ਉਥੇ ਪਨਾਹ ਦਿਤੀ ਜਾਂਦੀ ਹੈ। ਉਨਾਂ ਦੀ ਸੇਵਾ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਅਸੀਂ ਆਪਣੇ ਧਾਰਮਕ ਪੱਖ ਨੂੰ ਪੂਰੀ ਤਰਾਂ ਦ੍ਰਿੜ ਕਰੀਏ ਜਿਹੜਾ ਸਾਡੇ ਮਰਨ ਤੋਂ ਬਾਅਦ ਅਤੇ ਇਥੇ ਵੀ ਸਾਡੇ ਕੰਮ ਆਏਗਾ। ਆਪਣੇ ਧਰਮ ਨੂੰ ਕਾਇਮ ਰਖਦਿਆਂ ਹੋਇਆਂ ਦੂਜੇ ਸਾਰੇ ਧਰਮਾਂ ਦੀ ਇੱਜ਼ਤ ਤੇ ਮਾਣ ਕਰਨਾ ਇਹ ਸਾਡਾ ਕੰਮ ਬਣਦਾ ਹੈ ਜਿਹਦੇ ਬਿਨਾਂ ਅਸੀਂ ਧਰਮਾਂ ਵਾਲੇ ਵੀ ਆਪਸ ਵਿਚ ਕਈ ਵੇਰਾਂ ਗੁੱਸੇ ਹੋ ਜਾਂਦੇ ਹਾਂ। ਉਨਾਂ ਸਾਰੀਆਂ ਗਲਾਂ ਦੀ ਕੜੀ ਵਿਚ ਇਕ ਸੰਗੀਤ ਦਾ ਵੀ ਬੜਾ ਵੱਡਾ ਥਾਂ ਹੈ ਜਿਹੜਾ ਛੋਟੇ ਛੋਟੇ ਬਚੇ ਤੁਹਾਡੇ ਕੋਲ ਇਥੇ ਆਪਣਾ ਪਰਦਰਸ਼ਨ ਕਰਨਗੇ ਇਹ ਬਹੁਤ ਵਡੇ ਉਸਤਾਦਾਂ ਕੋਲੋਂ ਸਿਖ ਸਕੇ ਨੇ ਜਿਹੜੇ ਉਸਤਾਦਾਂ ਕੋਲ ਪਹੁੰਚਣਾ ਬਹੁਤ ਔਖਾ ਹੈ ਤੇ ਪਹੁੰਚ ਕੇ ਉਨਾਂ ਕੋਲੋਂ ਵਿਦਿਆ ਪਰਾਪਤ ਕਰਨੀ ਹੋਰ ਵੀ ਔਖੀ ਹੈ। ਉਸਤਾਦ ਪਿਆਰਾ ਸਿੰਘ ਜੀ, ਤਾਰ ਸ਼ਹਿਨਾਈ ਵਾਲੇ ਉਸਤਾਦ, ਉਨਾਂ ਨੂੰ ਤੁਸਾਂ ਅਗੇ ਵੀ ਇਥੇ ਵੇਖਿਆ ਹੋਵੇਗਾ ਸਿਖ ਗੁਰਦੁਆਰਿਆਂ ਵਿਚ ਜਾਂਦੇ ਵੀ ਹਨ। ਇਕ ਲੜਕਾ ਕਿਸ਼ਨ ਮਹਾਰਾਜ ਜੀ ਦਾ ਤਬਲੇ ਦਾ ਸ਼ਗਿਰਦ ਹੈ। ਗੁਰਦੇਵ ਸਿੰਘ ਵੀ ਆਏਗਾ ਇਥੇ। ਉਹ ਉਸਤਾਦ ਅਮਜਦ ਅਲੀ ਜਿਹੜੇ ਬਹੁਤ ਵਡੇ ਉਸਤਾਦ ਹਨ ਸਰੋਦ ਦੇ ਉਨਾਂ ਦਾ ਸ਼ਗਿਰਦ ਹੈ। ਧਰਮਵੀਰ ਸਿੰਘ ਇਥੇ ਮੈਨੂੰ ਨਹੀਂ ਪਤਾ ਉਨਾਂ ਨੂੰ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ ਪਰ ਉਹ ਉਸਤਾਦ ਵਲਾਇਤ ਖਾਂ ਜੋ ਸਿਤਾਰ ਦੇ ਮੰਨੇ ਹੋਏ ਉਸਤਾਦ ਨੇ, ਉਹਨਾਂ ਦੇ ਸ਼ਗਿਰਦ ਨੇ। ਇਸੇ ਤਰਾਂ ਹੀ ਪੰਡਤ ਸ਼ਿਵ ਕੁਮਾਰ ਜੀ ਸ਼ਰਮਾ ਸੰਤੂਰ ਵਾਲੇ, ਬੰਸਰੀ ਵਾਲੇ ਚੋਰਸੀਆ ਜੀ ਇਸ ਤਰ੍ਹਾਂ ਸਾਰੇ ਵਡੇ ਵਡੇ ਉਸਤਾਦ ਜਿਹੜੇ ਨੇ ਉਨਾਂ ਦੇ ਕੋਲ ਬਚੇ ਸਿਖਦੇ ਨੇ। ਆਪਣੀ ਜਿਹੜੀ ਸਭਿਅਤਾ ਹੈ ਉਹਦੀ ਹੋਂਦ ਨੂੰ ਕਾਇਮ ਰਖਣ ਵਾਸਤੇ ਪੂਰਾ ਯਤਨ ਕੀਤਾ ਜਾਂਦਾ ਹੈ। ਮੈਂ ਫੇਰ ਅਖੀਰ ਵਿਚ ਇਹ ਗਲ ਆਖਣੀ ਚਾਹਵਾਂਗਾ ਕਿ ਇਕ ਦੂਜੇ ਦੀ ਸਹਿਹੋਂਦ ਨੂੰ ਪੂਰੀ ਤਰ੍ਹਾਂ ਜਾਣਿਆ ਜਾਵੇ। ਜੇ ਕਿਸੇ ਨਾਲ ਦੇ ਕੋਲ ਰੋਟੀ ਨਹੀਂ ਤੇ ਥੋੜੀ ਜਿਹੀ ਆਪਣੇ ਕੋਲੋਂ ਦੇ ਦਿਤੀ ਜਾਵੇ। ਜਿਹੜਾ ਸਤਿਗੁਰੂ ਰਾਮ ਸਿੰਘ ਨੇ ਹੁਕਮ ਦਿਤਾ ਹੈ ਕਿ ਭੁੱਖੇ ਨੂੰ ਰੋਟੀ, ਨੰਗੇ ਨੂੰ ਕਪੜਾ, ਇਹ ਦੇਣਾ ਸਾਡੇ ਧਰਮ ਵਿਚ ਸ਼ਾਮਲ ਹੈ। ਤੁਹਾਡਾ ਸਭ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਆਪਣਾ ਕੀਮਤੀ ਸਮਾਂ ਕਢਕੇ ਇਥੇ ਆਏ ਹੋ ਤੇ ਇਨਾਂ ਬਚਿਆਂ ਨੂੰ ਤੁਸਾਂ ਸੁਣਨਾਂ ਹੈ। ਬਹੁਤ ਖੁਸ਼ੀ ਹੈ ਇਸ ਗਲ ਦੀ ਇਸ ਵਾਸਤੇ ਮੈਂ ਫੇਰ ਆਖਾਂਗਾ। ਆਪਣੇ ਆਪਣੇ ਧਰਮ ਨੂੰ ਪੂਰੀ ਤਰਾਂ ਦ੍ਰਿੜ ਕਰਕੇ, ਇਕ ਦੂਜੇ ਦੇ ਧਰਮ ਦੀ ਇਜ਼ਤ ਮਾਣ ਕੀਤੀ ਜਾਵੇ ਤਾਂ ਕਿ ਅਸੀਂ ਆਪਸ ਵਿਚ ਕੱਠੇ ਮਿਲਕੇ ਆਪਣੇ ਧਰਮਾਂ ਵਾਲੇ ਬੈਠ ਸਕੀਏ ਤੇ ਇਥੇ ਜਿਹੜੇ ਸਾਡੇ ਖਿਚਾਓ ਨੇ ਉਹ ਸਾਡੇ ਸਭ ਤੋਂ ਛੇਤੀ ਦੂਰ ਕੀਤੇ ਜਾਣ ਤੇ ਅਸੀਂ ਜੀਵਨ ਯਾਤਰਾ ਨੂੰ ਸਫਲ ਕਰ ਸਕੀਏ। ਮੈਂ ਇਹੋ ਅਰਜ਼ ਕਰਕੇ ਆਗਿਆ ਲਵਾਂਗਾ।''

ਉਪਰੰਤ ਵਾਰੀ ਵਾਰੀ ਇਹ ਹੇਠ ਲਿਖੇ ਸੰਗੀਤਕਾਰਾਂ ਦੀ ਸੰਤ ਅਜੀਤ ਸਿੰਘ ਹੁਰਾਂ ਅੰਗਰੇਜ਼ੀ ਵਿਚ ਬੜੇ ਗੁੰਦਵੇਂ ਸ਼ਬਦਾਂ ਵਿਚ ਸਰੋਤਿਆਂ ਨਾਲ ਜਾਣਕਾਰੀ ਕਰਾਈ। ਅਤੇ ਸੰਗੀਤਕਾਰ ਸ੍ਰੀ ਸਤਿਗੁਰੂ ਚਰਨਾਂ ਵਿਚ ਨਮਸਕਾਰ ਕਰਕੇ ਸਟੇਜ ਤੇ ਆ ਕਾਰਜ ਕ੍ਰਮ ਪੇਸ਼ ਕਰਦੇ ਰਹੇ।

ਸੰਗੀਤ ਸਭਾ ਦੇ ਆਰੰਭ ਵਿਚ ਸੰਤ ਹਰਭਜਨ ਸਿੰਘ ਅਤੇ ਸੁਰਜੀਤ ਸਿੰਘ ਨੇ ਰਾਗ ਪੂਰੀਆ ਧਨਾਸਰੀ ਵਿਚ (ਧਰੁਪਦ) ਗਾਇਨ ਕੀਤਾ, ਜਿਨ੍ਹਾਂ ਨਾਲ ਸੁਖਵਿੰਦਰ ਸਿੰਘ ਪਿੰਕੀ ਹੁਰਾਂ ਤਬਲੇ ਤੇ ਸੰਗਤ ਕੀਤੀ। ਤਾਨਪੂਰਾ ਤੇ ਸੰਤ ਜਗਦੀਸ਼ ਸਿੰਘ ਸਨ।

ਕਿਰਨਪਾਲ ਸਿੰਘ ਨੇ ਸੰਤੂਰ ਤੇ ਰਾਗ ਯਮਨ ਵਜਾਇਆ ਸੁਖਵਿੰਦਰ ਸਿੰਘ ਪਿੰਕੀ ਤਬਲੇ ਤੇ ਸਗੰਤ ਕੀਤੀ। ਤਾਨਪੂਰੇ ਤੇ ਡਾ: ਦਵਿੰਦਰ ਸਿੰਘ ਪਲਾਹਾ ਹੁਰੀਂ ਸਨ।

ਸੰਤ ਹਰਭਜਨ ਸਿੰਘ ਹੁਰਾਂ ਸਿਤਾਰ ਤੇ ਰਾਗ ਪੂਰੀਆ ਕਲਿਆਣ ਪੇਸ਼ ਕੀਤਾ। ਅਤੇ ਇਨ੍ਹਾਂ ਨਾਲ ਤਬਲੇ ਤੇ ਸੰਗਤ ਸੰਤ ਅਵਤਾਰ ਸਿੰਘ ਹੁਰਾਂ ਕੀਤੀ।

ਸੰਤ ਬਲਜੀਤ ਸਿੰਘ ਨੇ ਤਾਰ ਸ਼ਹਿਨਾਈ ਤੇ ਰਾਗ ਮਧੂਵੰਤੀ ਅਤੇ ਰਾਗ ਮਿਸ਼ਰ ਪੀਲੂ ਪੇਸ਼ ਕੀਤੇ, ਜਿਨ੍ਹਾਂ ਨਾਲ ਤਬਲੇ ਤੇ ਸੰਗਤ ਸੰਤ ਸੁਖਵਿੰਦਰ ਸਿੰਘ ਪਿੰਕੀ ਹੁਰਾਂ ਕੀਤੀ।

ਕਿੰਨਾ ਕਿੰਨਾ ਚਿਰ ਹਾਲ ਤਾੜੀਆਂ ਨਾਲ ਗੂੰਜਦਾ ਰਿਹਾ। ਸਰੋਤੇ ਅਸ਼ ਅਸ਼ ਕਰ ਉਠੇ। ਇਹੀ ਆਵਾਜ਼ ਸੀ ਕਿ ਸਚੇ ਪਾਤਸ਼ਾਹ ਜੀਉ, ਆਪ ਜੀ ਦੀ ਕਿਰਪਾ ਦੇ ਹੀ ਇਹ ਚਮਤਕਾਰੇ ਹਨ, ਕਿ ਇਹ ਛੋਟੇ ਛੋਟੇ ਬਚੇ ਇਨ੍ਹਾਂ ਉਚਾਈਆਂ ਨੂੰ ਛੂਹ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

ਸੰਗੀਤ ਸੰਮੇਲਨ ਦੇ ਅੰਤ ਤੇ ਸਰੋਤਿਆਂ ਦਾ ਸਤਿਕਾਰ ਸਵੀਕਾਰਦੇ ਕਲਾਕਾਰ
ਬਲਜੀਤ ਸਿੰਘ, ਸੁਖਵਿੰਦਰ ਸਿੰਘ, ਗੁਰਦੇਵ ਸਿੰਘ, ਹਰਭਜਨ ਸਿੰਘ, ਗੁਲਾਮ ਸਰਵਰ ਆਦਿ

ਸੰਤ ਗੁਰਦੇਵ ਸਿੰਘ ਨੇ ਸਰੋਦ ਤੇ ਰਾਗ ਮਲਕੋਂਸ ਅਤੇ ਰਾਗ ਭੈਰਵੀ ਪੇਸ਼ ਕੀਤੇ, ਜਿਨ੍ਹਾਂ ਨਾਲ ਤਬਲੇ ਤੇ ਸੰਗਤ ਸ੍ਰੀ ਗੁਲਾਮ ਸਟਵਰ ਸਾਬਰੀ ਹੁਰਾਂ ਕੀਤੀ।

ਇਹ ਇਕ ਐਸਾ ਸਵਰਗੀ ਦਰਬਾਰ ਸੀ ਕਿ ਸੰਗਤ ਵਿਚੋਂ ਹੀ ਸੁਫੇਦ ਪੋਸ਼ ਦੇਵਤੇ ਉਠ ਸ੍ਰੀ ਸਤਿਗੁਰੂ ਜੀ ਦੇ ਚਰਨ ਕਮਲਾਂ ਤੇ ਨਮਸਕਾਰ ਕਰਕੇ ਇਲਾਹੀ ਸੰਗੀਤ ਦੀ ਬਰਖਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਅੰਤ ਆਪਣੀ ਆਪਣੀ ਵਾਰੀ ਦੇ ਅੰਤ ਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ ਫਿਰ ਸੰਗਤਾਂ ਵਿਚ ਹੀ ਲੁਕੀ ਜਾਂਦੇ। ਸਰੋਤੇ ਬਾਰ ਬਾਰ ਖੁਸ਼ੀਆਂ ਨਾਲ ਤਾੜੀਆਂ ਵਜਾ ਹਾਲ ਗੂੰਜਾਂਦੇ ਰਹੇ।

ਅੰਤ ਵਿਚ ਸਾਰੇ ਆਰਟਿਸਟ ਫਿਰ ਇਕੱਠੇ ਸਟੇਜ ਤੇ ਆ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਜਿਥੇ ਉਨਾਂ ਦੇ ਗਲਾਂ ਵਿਚ ਫੁਲਾਂ ਦੇ ਹਾਰ ਪਾਕੇ ਉਹਨਾਂ ਨੂੰ ਨਿਵਾਜਿਆ ਗਿਆ। ਸ. ਹਰਵਿੰਦਰ ਸਿੰਘ ਹੰਸਪਾਲ ਹੋਰਾਂ ਨਾਮਧਾਰੀ ਸੰਗੀਤ ਸੰਮੇਲਨਾਂ ਦਾ ਪਿਛੋਕੜ ਦਸਦਿਆਂ ਆਏ ਸਰੋਤਿਆਂ ਦਾ ਧੰਨਵਾਦ ਕੀਤਾ।

ਇੰਗਲੈਂਡ ਵਿਚ ਇਹ ਪਹਿਲੀ ਵਾਰ ਸੀ ਕਿ ਇੰਨੇ ਉਚ ਕੋਟੀ ਦੇ ਸੰਮੇਲਨ ਤੇ ਨਾ ਸਿਰਫ ਦਾਖਲਾ ਮੁਫਤ ਸੀ ਸਗੋਂ ਆਏ ਸਰੋਤਿਆਂ ਦੀ ਨਾਮਧਾਰੀ ਸੰਗਤ ਸਾਊਥਾਲ ਵਲੋਂ ਲੰਗਰ ਰਾਹੀਂ ਵੀ ਖੂਬ ਸੇਵਾ ਕੀਤੀ ਗਈ।

ਅਨੰਦ-ਮਈ ਸਰੋਤੇ ਜਦੋਂ ਹਾਲ ਚੋਂ ਬਾਹਰ ਨਿਕਲ ਰਹੇ ਸਨ, ਪਰਬੰਧਕਾਂ ਕੋਲੋਂ ਪੁਛ ਰਹੇ ਸਨ, "ਅਗਲਾ ਸੰਗੀਤ ਸੰਮੇਲਨ ਕਦੋਂ ਹੋਏਗਾ ?"

ਇਸ ਸੰਗੀਤ ਸੰਮੇਲਨ ਦੇ ਸੰਬੰਧ ਵਿਚ ਅੰਗਰੇਜ਼ੀ ਵਿਚ ਇਕ ਬੜਾ ਸੁੰਦਰ ਬਰੋਛਰ (Brochure) ਛਾਪਿਆ ਗਿਆ, ਜਿਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਫੋਟੋ, ਸੰਗੀਤਕਾਰਾਂ ਦੀ ਜਾਣਕਾਰੀ ਅਤੇ ਮਿਸਿਜ਼ ਚਰਨਜੀਤ ਅਜੀਤ ਸਿੰਘ M. A. ਦਾ ਲਿਖਿਆ ਆਰਟੀਕਲ MUSIC AND THE NAMDHARIS ਸ਼ਾਮਲ ਹਨ। ਇਸ ਦੀਆਂ ਕਾਪੀਆਂ ਸੰਤ ਹਰਚਰਨ ਸਿੰਘ ਜੀ ਰੰਧਾਵਾ ਲੰਡਨ ਵਾਲਿਆਂ ਪਾਸੋਂ ਮੰਗਵਾਈਆਂ ਜਾਂ ਸਕਦੀਆਂ ਹਨ। (—ਪ੍ਰਾਪਤ)



Sri Satguru Jagjit Singh Ji Elibrary NamdhariElibrary@gmail.com

# ਦੋ ਗ਼ਜ਼ਲਾਂ

—ਸੁਰਿੰਦਰ ਸਾਗਰ—

ਦਰਦ ਦੇ ਇਸ ਥਲ ਨੂੰ ਮੇਰੇ ਖ਼ਾਬ ਲੰਘਣਗੇ ਕਿਵੇਂ।
ਸਬਜ ਤਾਬੀਰਾਂ ਦੇ ਮਧੁਵਣ ਤੱਕ ਪਹੁੰਚਣਗੇ ਕਿਵੇਂ ?

ਉਡਦਿਆਂ ਹੀ ਪਰ ਜਿਨ੍ਹਾਂ ਦੇ ਲੂਹ ਗਈ ਕਾਲੀ ਹਵਾ,
ਉਹ ਪਰਿੰਦੇ ਦਿਨ ਢਲੇ ਛਤਰੀ ਤੇ ਪਰਤਣਗੇ ਕਿਵੇਂ ?

ਫੁੱਲ, ਜੋ ਟਹਿਣੀ ਤੋਂ ਟੁਟ ਕੇ ਕਾਲਰਾਂ ਤੇ ਸਜ ਗਏ,
ਦਰਦ ਹੀ ਵੰਡਣਗੇ, ਉਹ ਹੁਣ ਮਹਿਕ ਵੰਡਣਗੇ ਕਿਵੇਂ ?

ਪੈਰੀਂ ਮੇਰੇ ਪੁੜ ਗ਼ਮਾਂ ਦੇ, ਸਿਰ ਤੇ ਦੁੱਖਾਂ ਦੇ ਪਹਾੜ,
ਤੇਰੀ ਬੈਠਕ ਦੇ ਗਲੀਚੇ ਭਾਰ ਝੱਲਣਗੇ ਕਿਵੇਂ ?

ਐਵੇਂ ਨਾ ਦੁਹਰਾਈ ਜਾ ਕਿ ਉਮਰ ਭਰ ਦਾ ਸਾਥ ਹੈ,
ਛਾਂ ਹਟੀ ਤਾਂ ਪੈਰ ਤੇਰੇ ਥਲ 'ਚ ਭੁੱਜਣਗੇ ਕਿਵੇਂ ?

—0—

ਯਾਰੀ ਦਾ ਲਬਾਦਾ ਹੈ, ਨੀਅਤ ਹਰਜਾਈ ਹੈ,
ਆਪਣੀ ਅੱਖ ਹੈ ਤੇਰੀ, ਪਰ ਨਜ਼ਰ ਪਰਾਈ ਹੈ।

ਇਸ ਤੇਰੀ ਸਾਜ਼ਸ਼ ਦੀ ਤਾਰੀਫ ਨਹੀਂ ਸਜਨਾ,
ਕਿਆ ਖ਼ੂਬ ਬੁਲੰਦੀ ਹੈ, ਔਰ ਕਿਆ ਗਹਿਰਾਈ ਹੈ।

ਸੌਂ ਗਏ ਹੁੰਗਾਰੇ ਵੀ ਬੁੱਲ੍ਹਾਂ ਤੇ ਸਰੋਤੇ ਦੇ,
ਇਸ ਪਹਿਰ ਕਥਾ ਮੇਰੀ ਕਿਸ ਮੋੜ ਤੇ ਆਈ ਹੈ।

ਇਹ ਰੰਗ ਨਹੀਂ ਸਜਨਾਂ, ਰੰਗਾਂ ਦਾ ਲਹੂ ਡੁਲ੍ਹਿਐ,
ਮੈਂ ਆਪਣੇ ਖ਼ਾਬਾਂ ਦੀ ਤਸਵੀਰ ਬਣਾਈ ਹੈ।

ਜ਼ਖ਼ਮਾਂ ਦੀ ਇਬਾਰਤ ਹੈ ਅਹਿਸਾਸ ਦੇ ਕਾਗਜ਼ ਤੇ,
ਇਹ ਤੂੰ ਜੋ ਗ਼ਜ਼ਲ ਮੇਰੀ ਹੱਸ ਹੱਸ ਕੇ ਗਾਈ ਹੈ।

ਸੈਕਟਰੀ, ਮਿਉਂਸਪੈਲਿਟੀ ਐਲਨਾਬਾਦ (ਹਰਿਆਣਾ)



Sri Satguru Jagjit Singh Ji Elibrary NamdhariElibrary@gmail.com

# ਵਿਸ਼ਵ ਪੰਜਾਬੀ ਕਾਨਫਰੰਸਾਂ
## —ਬੈਂਕੋਕ
## —ਦਿੱਲੀ

ਪਿਛਲੇ ਸਾਲ ਬੈਂਕੋਕ ਵਿਚ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਹੋਈ ਸੀ। ਉਸ ਕਾਨਫਰੰਸ ਤੇ ਸੰਪਾਦਕ ਵਰਿਆਮ ਨੂੰ ਜਾਣ ਦਾ ਅਵਸਰ ਮਿਲਿਆ ਸੀ ਫਲ ਸਰੂਪ ਵਰਿਆਮ ਦਾ ਇਕ ਪੂਰਾ ਅੰਕ ਕਾਨਫਰੰਸ ਨੂੰ ਸਮਰਪਤ ਸੀ। ਪਿਛਲੇ ਦਸੰਬਰ ਵਿਚ ਹੀ ਦਿਲੀ ਵਿਚ ਵਿਸ਼ਵ ਪੰਜਾਬੀ ਲੇਖਕ ਕਾਨਫਰੰਸ ਹੋਈ। ਉਥੋਂ ਦਾ ਹਾਲ ਕੇਵਲ ਅਸੀਂ ਡਾ: ਅਮਰ ਭਾਰਤੀ ਜੀ ਨੂੰ ਚਿੱਠੀ ਲਿਖ ਕੇ ਹੀ ਪਤਾ ਕਰ ਸਕੇ ਹਾਂ ਉਹ ਪ੍ਰਕਾਸ਼ਤ ਕਰ ਰਹੇ ਹਾਂ। ਆਯੋਜਕਾਂ ਵਲੋਂ ਜੋ ਕੁਝ ਆਇਆ ਤਾਂ ਪ੍ਰਕਾਸ਼ਤ ਕਰ ਸਕਾਂਗੇ। —ਸੰਪਾਦਕ

੨-੧-੮੪
ਦਿਲੀ

੧ਓ

ਪਿਆਰੇ ਜਗਦੀਸ਼ ਜੀ,

ਤੁਸਾਂ ਦਿੱਲੀ ਵਿਖੇ ੨੩-੨੪ ਦਿਸੰਬਰ ਨੂੰ ਹੋਈ ਵਿਸ਼ਵ ਪੰਜਾਬੀ ਲੇਖਕ ਕਾਨਫਰੰਸ ਬਾਰੇ ਜੋ ਜਾਣਕਾਰੀ ਦੇਣ ਲਈ ਕਿਹਾ ਹੈ ਉਸ ਬਾਰੇ ਏਹੋ ਅਰਜ਼ ਹੈ ਕਿ ਜਿੰਨਾ ਕੁ ਤੁਸਾਂ ਅਖਬਾਰਾਂ ਵਿਚ ਉਸ ਬਾਰੇ ਪੜ੍ਹ ਲਿਆ ਹੈ ਉਸ ਤੋਂ ਵੱਧ ਕੁਝ ਲਿਖ ਸਕਣਾ ਜ਼ਿਆਦਤੀ ਜਿਹੀ ਹੀ ਲਗਦਾ ਹੈ। ਜੇ ਆਪਣੇ ਆਪ ਨੂੰ ਕਿਸੇ ਭੁਲੇਖੇ ਦਾ ਸ਼ਿਕਾਰ ਹੋਣੋ ਬਚਾਉਣਾ ਹੋਵੇ ਤਾਂ ਕਹਿਣਾ ਪਵੇਗਾ ਕਿ ਇਹ ਕਾਨਫਰੰਸ ਜੁਲਾਈ ਮਹੀਨੇ ਵਿਚ ਬੈਂਕੌਕ ਵਿਖੇ ਹੋਈ 'ਤੀਜੀ ਵਿਸ਼ਵ ਪੰਜਾਬੀ ਕਾਨਫਰੰਸ' ਦੀ ਰੀਸ ਕਰਨ ਲਈ ਆਯੋਜਿਤ ਕੀਤੀ ਗਈ ਸੀ—ਪਰ ਰੀਸ ਵਿਚ ਮੂਲ ਮੁੱਦਾ ਵੀ ਗਵਾ ਬੈਠੀ।

ਬੈਂਕੋਕ ਕਾਨਫਰੰਸ ਨਾਮ, ਵਲੋਂ 'ਤੀਜੀ ਵਿਸ਼ਵ ਪੰਜਾਬੀ ਕਾਨਫਰੰਸ' ਸੀ ਪਰ ਉਸ ਵਿਚ ਪੰਜਾਬੀ ਬੋਲੀ ਤੇ ਸਾਹਿਤ ਦੀਆਂ ਸਮੱਸਿਆਵਾਂ, ਰੂਪਾਂ ਦੇ ਵਿਕਾਸ ਤੇ ਪਸਾਰ ਬਾਰੇ ਕਈ ਪੇਪਰ ਪੜ੍ਹੇ ਵਿਚਾਰੇ ਗਏ ਸਨ। ਦੇਸ ਤੇ ਬਦੇਸ ਵਿਚ ਪੰਜਾਬੀ ਬੋਲੀ, ਸਾਹਿਤ ਤੇ ਕਲਾ ਦੀ ਨਿਤ ਵਿਗਸਦੀ, ਬਦਲਦੀ ਨੁਹਾਰ ਦੀ ਭਰਪੂਰ ਚਰਚਾ ਹੋਈ ਸੀ। ਬਦੇਸ਼ਾਂ ਅਤੇ ਖ਼ਾਸ ਕਰਕੇ ਜਿਸ ਭੂ-ਖੰਡ (ਦੱਖਣ ਪੂਰਬੀ ਏਸ਼ੀਆ) ਵਿਚ ਉਹ ਕਾਨਫਰੰਸ ਹੋਈ, ਉਸ ਭੂ-ਖੰਡ ਵਿਚ ਜਾ ਕੇ ਵੱਸੇ ਪੰਜਾਬੀਆਂ ਦੀਆਂ ਭਾਰਤ ਨਾਲ ਤੇ ਭਾਰਤ ਦੀ ਆਜ਼ਾਦੀ ਨਾਲ ਸੰਬਧਿਤ ਕੋਸ਼ਿਸ਼ਾਂ ਦੀ ਚਰਚਾ ਹੋਈ ਸੀ। ਭਾਰਤੀ ਤੇ ਸਿਆਮੀ ਸੰਸਕ੍ਰਿਤੀਆਂ ਦੀ ਸਮਝ ਦੀ ਗੱਲ ਹੋਈ ਸੀ ਤੇ ਦੇਸ-ਬਦੇਸ ਦੇ ਉੱਘੇ ਪੰਜਾਬੀਆਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਤੇ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ ਸੀ।

ਉਸਦੇ ਮੁਕਾਬਲੇ ਵਿਚ ਦਿੱਲੀ ਵਾਲੀ ਕਾਨਫਰੰਸ ਆਪਣੇ ਨਾਮ ਨਾਲ ਵੀ ਇਨਸਾਫ਼ ਨਹੀਂ ਕਰ ਸੱਕੀ। ਨਾਮ ਤਾਂ 'ਵਿਸ਼ਵ ਪੰਜਾਬੀ ਲੇਖਕ ਕਾਨਫਰੰਸ' ਸੀ—ਪਰ ਚਰਚਾ ਲੇਖਣ ਦਾ, ਬੋਲੀ ਦਾ ਤੇ ਸਾਹਿਤ ਦਾ ਨਾ ਹੋ ਕੇ ਇਸ ਵਿਚ 'ਪੰਜਾਬੀਅਤ' ਦਾ ਹੋਇਆ ਹੈ।

**ਪੰਜਾਬੀਅਤ**—ਜਿਹੜੀ ਨਾ ਖ਼ਤਰੇ ਵਿਚ ਹੈ, ਨਾ ਕਿਸੇ ਸਮੱਸਿਆ ਦੇ ਘੇਰੇ ਵਿਚ—ਇਸ ਬਾਰੇ ਕੋਈ ਕੀ ਤੇ ਕਿੰਨਾ ਕੁ ਆਖ ਸਕਦਾ ਸੀ? ਫਿਰ ਵੀ ਬੁਲਾਰਿਆਂ ਨੇ ਕੋਸ਼ਿਸ਼ ਕੀਤੀ। ਕਿਸੇ ਨੇ ਪੰਜਾਬੀਅਤ ਨੂੰ ਬੋਲੀ ਤੇ ਸਾਹਿਤ ਨਾਲ ਜੋੜਕੇ ਇਸ ਦੀ ਵਿਆਖਿਆ ਕੀਤੀ, ਕਿਸੇ ਨੇ ਸੂਰਮਗਤੀ ਦੇ ਰੂਪ ਵਿਚ, ਕਿਸੇ ਨੇ ਉਦਾਰਤਾ ਤੇ ਜ਼ਿੰਦਾ ਦਿਲੀ ਦੇ ਰੂਪ ਵਿਚ, ਕਿਸੇ ਨੇ ਖੇਤੀਬਾੜੀ ਵਿਚ ਅਮੀਰੀ ਹਾਸਿਲ ਕਰਨ ਦੇ ਰੂਪ ਵਿਚ, ਕਿਸੇ ਨੇ ਸਨਅਤ ਦੇ ਖੇਤਰ ਵਿਚ ਤਰੱਕੀ ਦੀ ਗੱਲ ਕਰਕੇ ਕਿਸੇ ਨੇ ਧਰਮ ਨਾਲ ਜੋੜਕੇ ਤੇ ਕਿਸੇ ਨੇ ਆਪਸ ਵਿਚ ਲੜਨ ਦੀ ਸਿਫ਼ਤ ਨੂੰ ਆਧਾਰ ਬਣਾਕੇ ਇਸ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦਾ ਸਾਰ ਇਸ ਕਾਨਫਰੰਸ ਦੇ ਕਨਵੀਨਰ ਸ੍ਰੀ ਗੁਰਨਾਮ ਸਿੰਘ ਤੀਰ ਦੇ ਭਾਸ਼ਣ ਵਿਚੋਂ ਇੰਜ ਪਰਗਟ ਹੋਇਆ ਕਿ ਕਾਨਫਰੰਸ ਦੀਆਂ ਸਾਰੀਆਂ ਤਕਰੀਰਾਂ ਤੇ ਵਿਆਖਿਆ ਬਾਰੇ ਹੀ ਇਕ ਪ੍ਰਸ਼ਨ ਚਿੰਨ੍ਹ ਖੜਾ ਹੋ ਗਿਆ। ਤੀਰ ਸਾਹਿਬ ਨੇ ਸਪਸ਼ਟ ਤੌਰ ਤੇ, ਇਹ ਭਾਵ ਪ੍ਰਗਟ ਕੀਤਾ ਕਿ ਪੰਜਾਬੀਅਤ ਦੇ ਜਿਸ ਮੁੱਦੇ ਬਾਰੇ ਏਨਾ ਕੁਝ ਆਖਿਆ ਗਿਆ ਤੇ ਜਿਸਦੀ ਵਿਆਖਿਆ ਕੀਤੀ ਗਈ ਹੈ—



Sri Satguru Jagjit Singh Ji Elibrary NamdhariElibrary@gmail.com

ਉਹ ਮੁੱਦਾ ਕਹਿਣ ਕਥਨ ਤੋਂ ਬਾਹਰ ਹੈ। ਪੰਜਾਬੀਅਤ ਨੂੰ ਸਮਝਿਆ ਤੇ ਜਾ ਸਕਦਾ ਹੈ ਪਰ ਉਸਦਾ ਬਿਆਨ ਜਾਂ ਵਿਆਖਿਆ ਨਹੀਂ ਹੋ ਸਕਦੀ।

ਜਿਸ ਕਾਨਫਰੰਸ ਦੇ ਕਨਵੀਨਰ ਦੀ ਕਾਨਫਰੰਸ ਦੇ ਮੂਲ ਮੁੱਦੇ ਬਾਰੇ ਇਹੋ ਜਿਹੀ ਰਾਏ ਪ੍ਰਗਟ ਹੋਈ—ਉਸ ਕਾਨਫਰੰਸ ਬਾਰੇ ਕੋਈ ਕੀ ਲਿਖੇਗਾ ? ਪੰਜਾਬੀ ਸਾਹਿਤ ਜਾਂ ਬੋਲੀ ਬਾਰੇ ਇਸ ਵਿਚ ਘੱਟ ਤੋਂ ਘੱਟ ਕਿਹਾ ਸੁਣਿਆ ਤੇ ਵੇਖਿਆ ਗਿਆ ਹੈ ਅਤੇ ਪੰਜਾਬੀਅਤ ਬਾਰੇ ਜ਼ਿਆਦਾ ਤੋਂ ਜ਼ਿਆਦਾ।

ਦਿੱਖ ਵੱਲੋਂ ਇਹ ਕਾਨਫਰੰਸ ਤਗੜਾ ਸਰਕਾਰੀ ਪ੍ਰਦਨਸ਼ਨ ਸੀ। ਰਾਸ਼ਟਰਪਤੀ ਜੀ ਤੇ ਲੋਕ ਸਭਾ ਦੇ ਸਪੀਕਰ ਸਾਹਿਬ ਤੋਂ ਅਲਾਵਾ ਪਰਧਾਨ ਮੰਤਰੀ ਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਕਈ ਗ਼ੈਰ ਪੰਜਾਬੀ ਮੰਤਰੀਆਂ ਨੇ ਕਾਨਫਰੰਸ ਦੇ ਮੰਚ ਦੀ ਸ਼ੋਭਾ ਵਧਾਈ ਹੈ।

ਬੈਂਕੋਕ ਕਾਨਫਰੰਸ ਵਿਚ ਵੀ ਬੇਸ਼ਕ ਭਾਰਤ ਸਰਕਾਰ ਦਾ ਸਹਿਯੋਗ ਰਿਹਾ ਸੀ ਅਤੇ ਕੇਂਦਰੀ ਮੰਤਰੀ ਸਰਦਾਰ ਬੂਟਾ ਸਿੰਘ ਵੀ ਕਾਨਫਰੰਸ ਵਿਚ ਸ਼ਾਮਲ ਸਨ—ਇਸ ਦੇ ਬਾਵਜੂਦ ਉਹ ਕਾਨਫਰੰਸ ਦਿੱਖ ਤੇ ਪ੍ਰਭਾਵ ਵਲੋਂ ਪੰਜਾਬੀ ਲੇਖਕਾਂ ਤੇ ਪੰਜਾਬੀ ਸਭਿਆਚਾਰ ਦੇ ਪ੍ਰਤੀਨਿਧਾਂ ਦੀ ਕਾਨਫਰੰਸ ਲਗਦੀ ਸੀ—ਪਰ ਇਹ ਕਾਨਫਰੰਸ ਦਿੱਲੀ ਜਿਹੇ ਪੰਜਾਬੀ ਬਹੁਲ ਸ਼ਹਿਰ ਵਿਚ ਹੋ ਕੇ ਵੀ ਸਰਕਾਰੀ ਪ੍ਰਦਰਸ਼ਨ ਹੀ ਲਗਦਾ ਸੀ। ਡੈਲੀਗੇਟ ਇਸ ਕਾਨਫਰੰਸ ਵਿਚ ਬੈਂਕੋਕ ਨਾਲੋਂ ਕੁਝ ਵੱਧ ਜ਼ਰੂਰੀ ਹੋਣਗੇ—ਪਰ ਬੈਂਕੋਕ ਵਿਚ ਦਰਸ਼ਕਾਂ—ਸਰੋਤਿਆਂ ਤੇ ਡੈਲੀਗੇਟਾਂ ਦੀ ਕੁਲ ਗਿਣਤੀ ਇਸ ਦਿੱਲੀ ਵਿਚਲੀ ਕਾਨਫਰੰਸ ਦੇ ਸਾਰੇ ਸਮਾਗਮਾਂ ਦੇ ਮੁਕਾਬਲੇ ਊਣੀ ਨਹੀਂ, ਸਵਾਈ ਹੀ ਸੀ। ਬੈਂਕੋਕ ਕਾਨਫਰੰਸ ਵਿਚ ਪੰਜਾਬ ਤੇ ਪੰਜਾਬੀ ਦੇ ਬਹੁਤੇ ਰੋਜ਼ਾਨਾ, ਹਫਤਾਵਾਰੀ ਅਖਬਾਰਾਂ ਤੇ ਮਾਸਿਕ ਪੱਤਰਾਂ ਦੇ ਮੁਖ ਸੰਪਾਦਕ, ਮਾਲਿਕ ਜਾਂ ਪ੍ਰਤੀਨਧੀ ਆਪਣੀ ਆਪਣੀ ਵਿਲੱਖਣ ਪਛਾਣ ਨਾਲ ਮੌਜੂਦ ਸਨ—ਪਰ ਦਿੱਲੀ ਕਾਨਫਰੰਸ ਵਿਚ ਇਨ੍ਹਾਂ ਦੀ ਗਿਣਤੀ ਘੱਟ ਤੋਂ ਘੱਟ ਸੀ। ਬੈਂਕੋਕ ਕਾਨਫਰੰਸ ਵਿਚ ਜਾਂ ਉਸ ਸਬੰਧੀ ਜੋ ਕੁਝ ਵੀ ਹੋਇਆ, ਉਸ ਬਾਰੇ ਰੋਜ਼ਾਨਾ, ਹਫਤਾਵਾਰੀ ਤੇ ਮਾਸਿਕ ਪੱਤਰਾਂ ਵਿਚੋਂ ਬਹੁਤਿਆਂ ਨੇ ਕੁਝ ਨਾ ਕੁਝ ਲਿਖਿਆ। ਉਥੇ ਏਹੋ ਜਿਹਾ ਕੁਝ ਹੋਇਆ ਸੀ ਕਿ ਵਿਰੋਧ ਜਾਂ ਹੱਕ ਵਿਚ ਏਨਾ ਜ਼ਿਆਦਾ ਲਿਖਿਆ ਤੇ ਛਾਪਿਆ ਗਿਆ ਕਿ ਉਹ ਆਪਣੀ ਮਿਸਲ ਆਪ ਸੀ। ਪਰ ਦਿੱਲੀ ਦੀ ਉਸ ਕਾਨਫਰੰਸ ਸਬੰਧੀ ਇਹੋ ਜਿਹੀ ਗਲ ਘੱਟ ਤੋਂ ਘੱਟ ਹੋਈ ਹੈ।

ਫਿਰ ਵੀ ਇਹ ਗੱਲ ਧਿਆਨ ਖਿੱਚਣ ਵਾਲੀ ਹੈ ਤੇ ਸਵਾਲ ਜਗਾਉਂਦੀ ਹੈ ਕਿ ਜਿਸ 'ਪੰਜਾਬੀਅਤ' ਦੇ ਮੁੱਦੇ ਦੁਵਾਲੇ ਇਸ ਕਾਨਫਰੰਸ ਦੀ ਸਾਰੀ ਕਾਰਵਾਈ ਕੇਂਦਰਿਤ ਰਹੀ—ਆਖਿਰ ਉਹ ਮੁੱਦਾ ਉਠਾਇਆ ਕਿਉਂ ਗਿਆ ? ਅਤੇ ਭਵਿੱਖ ਵਿਚ ਉਸ ਨੂੰ ਕਿਸ ਦ੍ਰਿਸ਼ਟੀ ਨਾਲ ਉਭਾਰਿਆ ਜਾਵੇਗਾ ?

**'ਪੰਜਾਬੀਅਤ'**—ਅੱਜ ਦੇ ਅੰਤਰਰਾਸ਼ਟਰੀਯਤਾ ਦੇ ਦੌਰ ਵਿਚ ਇਕ ਅਤਿ ਸੌੜੀ ਰੁਚੀ ਤੇ ਪ੍ਰਭਾਵ ਨੂੰ ਪ੍ਰਗਟਾਉਂਦਾ ਇਕ ਸ਼ਬਦ ਹੈ। ਇਹੋ ਜਿਹੇ ਸ਼ਬਦਾਂ ਦਾ ਪ੍ਰਗਟਾਵਾ ਹਿੰਦੁਸਤਾਨ ਤੇ ਹਿੰਦੁਸਤਾਨ ਦੇ ਗੁਵਾਂਢ ਵਿਚ ਪਹਿਲਾਂ ਤੋਂ ਹੀ ਅਮਲੀ ਰੂਪ ਵਿਚ ਤੇ ਆਪਣੇ ਤਿੱਖੇ ਪਰਭਾਵਾਂ ਨਾਲ ਮੌਜੂਦ ਹੈ। ਮਹਾਂਰਾਸ਼ਟਰ ਪ੍ਰਾਂਤ ਦੀ ਸ਼ਿਵ ਸੈਨਾ ਕੁਝ ਸਾਲ ਪਹਿਲਾਂ ਇਸੇ ਤਰ੍ਹਾਂ ਦੇ ਨਾਅਰੇ ਨੂੰ ਲੈਕੇ ਮੈਦਾਨ ਵਿਚ ਆਈ ਸੀ। ਬੰਗਲਾ ਦੇਸ਼ ਦੀ ਵੱਖਰੀ ਹੋਂਦ ਇਸੇ ਤਰ੍ਹਾਂ ਦੇ ਨਾਅਰੇ ਦਾ ਹੀ ਨਤੀਜਾ ਹੈ। ਤਮਿਲ ਭਾਸ਼ਾ ਵਾਲਿਆਂ ਨੇ ਇਹੋ ਜਿਹੇ ਨਾਅਰਿਆਂ ਨਾਲ ਹੀ ਡੀ. ਐਮ. ਕੇ ਅਤੇ ਅੰਨਾ ਡੀ. ਐਮ. ਕੇ. ਜਿਹੀਆਂ ਪਾਰਟੀਆਂ ਖੜੀਆਂ ਕੀਤੀਆਂ ਸਨ, ਅਸਾਮ ਵਿਚ ਇਹੋ ਜਿਹੇ ਨਾਅਰੇ ਅਧੀਨ ਹੀ ਇਕ ਅੰਦੋਲਨ ਚੱਲ ਰਿਹਾ ਹੈ। ਨਾਗਾਲੈਂਡ ਤੇ ਮਿਜ਼ੋਰਮ ਵਿਚ ਇਹੋ ਜਿਹੇ ਨਾਅਰਿਆਂ ਅਧੀਨ ਚਲਦੀਆਂ ਲਹਿਰਾਂ ਸਰਗਰਮ ਹਨ। ਕਸ਼ਮੀਰ ਵਿਚ ਇਹੋ ਜਿਹਾ ਨਾਅਰਾ ੧੯੪੭ ਤੋਂ ਹੀ ਵਜੂਦ ਵਿਚ ਹੈ।

ਕੌਮਾਂਤਰੀ ਖੇਤਰ ਵਿਚ ਸੰਸਾਰ ਭਰ ਨੇ ਇਹੋ ਜਿਹੇ ਨਾਅਰੇ ਨੂੰ ਹੀ ਹਿਟਲਰ ਦੇ ਜਰਮਨੀ ਤੇ ਟੋਜੋ ਦੇ ਜਾਪਾਨ ਰਾਹੀਂ ਰੂਪਮਾਨ ਹੁੰਦਿਆ ਵੇਖਿਆ ਤੇ ਭੋਗਿਆ ਹੈ। ਸ੍ਰੀ ਲੰਕਾ ਦੇ ਤਮਿਲ ਭਾਸ਼ੀ ਅੱਜਕੱਲ ਇਸੇ ਤਰ੍ਹਾਂ ਦੇ ਨਾਅਰੇ ਨੂੰ ਅਪਣਾਈ ਬੈਠੇ ਹਨ।

ਸਵਾਲ ਹੈ ਦਿੱਲੀ ਵਿਚ ਹੋਈ ਇਸ ਵਿਸ਼ਵ ਪੰਜਾਬੀ ਲੇਖਕ ਕਾਨਫਰੰਸ ਦੇ ਆਯੋਜਕਾਂ ਸਾਹਮਣੇ—ਕਿ ਉਹ ਇਸ ਕਾਨਫਰੰਸ ਦੇ ਮੂਲ ਮੁੱਦੇ 'ਪੰਜਾਬੀਅਤ' ਸ਼ਬਦ ਉਪਰ ਦੋ ਦਿਵਸੀ ਕਾਨਫਰੰਸ ਨੂੰ ਕੇਂਦਰਿਤ ਕਰਕੇ ਕੀ ਦੱਸਣਾ ਤੇ ਕੀ ਹਾਸਿਲ ਕਰਨਾ ਚਾਹੁੰਦੇ ਸਨ ?

**—ਅਮਰ ਭਾਰਤੀ**



Sri Satguru Jagjit Singh Ji Elibrary NamdhariElibrary@gmail.com

# ਠਾਕਰ ਦਲੀਪ ਸਿੰਘ

ਸਵੇਰੇ ਜਦੋਂ ਤੁਸੀਂ ਆਪਣੇ ਨਿਕੇ ਜਿਹੇ ਪਿਆਰੇ-ਪਿਆਰੇ ਘਰ ਦੀ ਸਫਾਈ ਲਈ ਹੱਥ ਵਿਚ ਝਾੜੂ ਫੜਕੇ ਬੂਹੇ-ਬਾਰੀਆਂ ਤੋਂ ਕੋਨੇ ਸਾਫ ਕਰਨ ਲਗਦੇ ਹੋ ਤਾਂ ਜ਼ਰੂਰ ਕਿਤੇ ਨ ਕਿਤੇ ਤੁਹਾਨੂੰ ਮਕੜੀ ਦਾ ਜਾਲਾ ਤੁਹਾਡੀ ਰੋਜ਼ ਦੀ ਸਫ਼ਾਈ ਦਾ ਮਖੌਲ ਉਡਾਉਂਦਾ ਨਜ਼ਰ ਪੈਂਦਾ ਹੋਵੇਗਾ ਤੇ ਉਸ ਤੋਂ ਪਹਿਲਾਂ ਕਿ ਤੁਹਾਡੇ ਝਾੜੂ ਦੀਆਂ ਖੂੰਖਾਰ ਤੀਲਾਂ ਅੱਗੇ ਵਧਕੇ ਮਕੜੀ ਦੇ ਜਾਲੇ ਨੂੰ ਆਪਣੇ ਵਿਚ ਉਲਝਾ ਲੈਣ ਤੇ ਮਕੜੀ ਨੂੰ ਮਸਲ ਸੁਟਣ, ਤੁਹਾਡੇ ਹੱਥ ਰੁੱਕ ਜਾਂਦੇ ਨੇ ਤੇ ਤੁਹਾਡੇ ਦਿਮਾਗ ਵਿਚ, ਏਸ ਦਾਣੇ ਕੁ ਜਿਡੇ ਜੀਵ ਦੀ ਛੋਟੀ ਜਿਹੀ ਜ਼ਿੰਦਗੀ ਦੇ ਹੈਰਾਨੀ ਭਰੇ ਕੰਮ ਇਕ ਫਿਲਮ ਦੇ ਦ੍ਰਿਸ਼ਾਂ ਵਾਂਗੂ ਬਦਲਣ ਲਗਦੇ ਨੇ ਜਿਹੜੇ ਤੁਸੀਂ "ਵਰਿਆਮ" ਦੇ ਅਕਤੂਬਰ ਅੰਕ ਵਿਚ "ਮਕੜੀ" ਦੇ ਸਿਰਲੇਖ ਹੇਠ ਪੜੇ ਸਨ । ਤੁਹਾਨੂੰ ਤੰਗ ਕਰਨ ਵਾਲੇ ਜੀਵ ਦੀ ਅਦਭੁਤ ਜੀਵਨ ਲੀਲਾ ਦੇ ਪਰੀਚੇ ਲਈ ਤੁਸੀਂ ਠਾਕੁਰ ਦਲੀਪ ਸਿੰਘ ਜੀ ਦਾ ਕੋਟਿ ਕੋਟਿ ਧੰਨਵਾਦ ਕਰਦੇ ਹੋ ਤੇ ਫਿਰ ਤੁਹਾਡੇ ਵਿਚਾਰਾਂ ਦੀ ਲੜੀ ਟੁਟਦੀ ਹੈ ਤੇ ਝਾੜੂ ਅੱਗੇ ਵਧਕੇ ਆਪਣਾ ਕੰਮ ਪੂਰਾ ਕਰਦਾ ਹੈ ।

'ਵਰਿਆਮ' ਵਿਚ ਠਾਕੁਰ ਜੀ ਦਾ ਇਹ ਪਹਿਲਾ ਹੀ ਲੇਖ ਸੀ, ਜਿਸ ਨੂੰ ਪੜ੍ਹਕੇ ਤੁਹਾਨੂੰ ਇਹਸਾਸ ਹੋਇਆ ਹੋਵੇਗਾ ਕਿ ਏਨੀ ਜਾਣਕਾਰੀ ਲਈ ਤੇ ਏਨੇ ਲੰਮੇ ਲੈਕਚਰ ਲਈ, ਤੇ ਫੇਰ ਪੰਜਾਬੀ ਵਿਚ ਇਹੋ ਜਿਹੇ ਗੰਭੀਰ ਲੇਖ ਨੂੰ ਏਨਾਂ ਦਿਲ-ਚਸਪ ਬਣਾਉਣ ਲਈ ਕਿੰਨੀ ਮਿਹਨਤ ਕਰਨੀ ਪਈ ਹੋਵੇਗੀ ਜਿਹੜਾ ਲੇਖ ਤੁਸੀਂ ਕੁਝ ਹੀ ਮਿੰਟਾਂ ਵਿਚ ਪੜ੍ਹ ਲਿਆ ਹੋਵੇਗਾ ਉਹ ੬ ਕੁ ਕਿਤਾਬਾਂ ਦੀ ਸਹਾਇਤਾ ਨਾਲ ੬ ਮਹੀਨਿਆਂ ਵਿਚ ਲਿਖਿਆ ਗਿਆ ਸੀ ।

ਚਲੋ ਆਪਾਂ ਏਸ ਗੱਲ ਨੂੰ ਏਥੇ ਹੀ ਖਤਮ ਕਰ ਦੇਈਏ, ਉਹਨਾਂ ਦਾ ਲੇਖ ਆਪਣੇ ਆਪ ਵਿਚ ਉਹਨਾਂ ਦੀ ਉੱਤਮ ਸੋਚ ਤੇ ਕਲਮ ਦੇ ਧਨੀ ਹੋਣ ਦੀ ਗਵਾਹੀ ਭਰਦਾ ਹੈ । ਆਪ ਜੀ ਤੇ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੀ ਅਪਾਰ ਕਿਰਪਾ ਹੈ । ਜੇ ਅਸੀਂ ਅਤਿ ਦੀ ਗਰਮੀ ਚੋਂ ਨਿਕਲ ਕੇ ਕਿਸੇ ਪਹਾੜੀ ਸਥਾਨ ਤੇ ਚਲੇ ਜਾਈਏ ਤਾਂ ਸਾਨੂੰ ਪਹਾੜਾਂ ਦੀ ਵਿਸ਼ਾਲ ਸੁੰਦਰਤਾ ਤੇ ਬੇ-ਨਜ਼ੀਰ ਮੌਸਮ ਦਾ ਆਨੰਦ ਮਾਨਣ ਦਾ ਮੌਕਾ ਮਿਲਦਾ ਹੈ । ਬਿਲਕੁਲ ਏਵੇਂ ਦੇ ਸੰਗ ਦਾ ਸੁਭਾਗ ਸ੍ਰੀ ਠਾਕੁਰ ਜੀ ਨੂੰ ਪਹਾੜਾਂ ਵਰਗੇ ਵਿਸ਼ਾਲ ਹਿਰਦਈ, ਮਨਮੋਹਣੇ ਮੁਖ-ਮੰਡਲ ਵਾਲੇ, ਸੁੱਚ-ਸੋਧ ਦੇ ਭਜਨ-ਬੰਦਗੀ ਵਿਚ ਲਿਪਤ ਸ੍ਰੀ ਸਤਿਗੁਰੂ ਜੀ ਦਾ ਪ੍ਰਾਪਤ ਹੈ । ਸ੍ਰੀ ਸਤਿਗੁਰੂ ਜੀ ਗਿਆਨ ਤੇ ਮੁਸਕਾਨਾ ਦਾ ਅਮੁੱਕ ਭੰਡਾਰ ਆਪਣੇ ਵਿਚ ਏਵੇਂ ਸਮੋਏ ਬੈਠੇ ਨੇ ਮਾਨੋਂ ਜਿਵੇਂ ਵਿਸ਼ਾਲ ਹਿਮਾਲਿਆ ਪਰਬਤ, ਬਰਫ਼ ਦੀ ਸਫੇਦ ਰੇਸ਼ਮੀ ਚਾਦਰ ਲਈ ਆਪਣੇ ਅੰਦਰ ਦੇ ਗਹਰੇ ਭੇਤਾਂ ਨੂੰ ਛੁਪਾਈ ਅਡੋਲ ਖੜਾ ਹੈ । ਠਾਕੁਰ ਜੀ, ਇਸੇ ਸੰਗਤ ਦੇ ਪ੍ਰਭਾਵ ਨਾਲ ਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਹੁਣ ਪ੍ਰਤਿਭਾ ਸੰਪਨ ਹਨ । ਆਪ ਜੀ ਦੇ ਪਿਤਾ ਜੀ ਮਹਾਰਾਜ ਬੀਰ ਸਿੰਘ ਜੀ ਵੀ ਇਕ ਉੱਚ ਕੋਟੀ ਦੇ ਲਿਖਾਰੀ ਦੇ ਵਿਦਵਾਨ ਹਨ, ਠਾਕੁਰ ਜੀ ਦੀ ਸ਼ਖਸੀਅਤ ਦੀ ਨੀਂਹ ਉਸਾਰੀ ਵਿਚ ਉਹਨਾਂ ਦੀਆਂ ਇਟਾਂ ਵੀ ਲਗੀਆਂ ਹੋਈਆਂ ਹਨ । ਉਮੀਦ ਹੈ ਆਪਾਂ ਠਾਕੁਰ ਜੀ ਦੇ ਇਹੋ ਜਿਹੇ (ਮਕੜੀ ਵਰਗੇ) ਵਿਗਿਆਨਕ ਲੇਖ ਤੇ ਹੋਰ ਦੂਸਰੇ ਲੇਖ ਵੀ ਪੜ੍ਹਦੇ ਰਹਾਂਗੇ ।

ਹੁਣ ਠਾਕੁਰ ਜੀ ਦਾ ਇਕ ਦੂਸਰਾ ਪਹਿਲੂ ਵੀ ਵੇਖੀਏ । ਉਹ ਹੈ ਪ੍ਰਕ੍ਰਿਤੀ ਦੇ ਫੋਟੋਗਰਾਫ਼ਰ ਦਾ । ਫੋਟੋਗਰਾਫਰ ਤੇ ਖਾਸ ਕਰਕੇ ਪ੍ਰਕ੍ਰਿਤੀ ਪਰੇਮੀ ਵੀ ਕਿਸੇ ਮਹਾਨ ਲੇਖਕ ਤੋਂ ਘੱਟ ਨਹੀਂ ਹੁੰਦੇ । ਜਿੰਨੀ ਮਿਹਨਤ ਕਿਸੇ ਲੇਖਕ ਨੂੰ ਕੋਈ ਰਚਨਾ ਲਿਖਣ ਵਿਚ ਕਰਨੀ ਪੈਂਦੀ ਹੈ । ਉਨੀ ਹੀ ਮਿਹਨਤ ਤੇ ਸੋਚ ਦਾ ਇਸਤੇਮਾਲ ਇਕ ਪ੍ਰਕ੍ਰਿਤੀ-ਪਰੇਮੀ ਫੋਟੋਗ੍ਰਾਫਰ ਨੂੰ ਕਰਨਾ ਪੈਂਦਾ ਹੈ । ਇਕ ਚੀਨੀ ਕਹਾਵਤ ਹੈ "ਇਕ ਚਿੱਤਰ ਦੱਸ ਹਜ਼ਾਰ ਸ਼ਬਦਾਂ ਦੇ ਬਰਾਬਰ ਹੁੰਦਾ ਹੈ । ਏਸ ਹਿਸਾਬ ਨਾਲ ਠਾਕੁਰ ਜੀ ਕਈ ਮੋਟੇ ਮੋਟੇ ਗਰੰਥ ਲਿਖ ਚੁਕੇ ਹਨ । ਮੇਰਾ ਮਤਲਬ ਹੈ ਕਿ ਏਨੇ ਚਿੱਤਰ ਖਿੱਚ ਚੁਕੇ ਨੇ ਪ੍ਰਕ੍ਰਿਤੀ ਦੇ ਸੁੰਦਰ ਨਜ਼ਾਰਿਆਂ ਬਾਰੇ, ਜਾਨਵਰਾਂ ਤੇ ਪੰਛੀਆਂ ਬਾਰੇ ਕਿ ਹਰ ਇਕ ਚਿੱਤਰ ਕੁਝ ਨ ਕੁਝ ਕਹਿੰਦਾ ਹੋਇਆ ਮਹਿਸੂਸ ਹੁੰਦਾ ਹੈ ।

ਠਾਕੁਰ ਜੀ ਇਕ ਸੰਸਾਰ ਪ੍ਰਸਿਧ ਫੋਟੋਗਰਾਫ਼ਰ ਨੇ ।



Sri Satguru Jagjit Singh Ji Elibrary NamdhariElibrary@gmail.com

ਭਾਰਤ ਵਿਚ ਹੋਈਆਂ ਨੌਂਵੀਆਂ ਏਸ਼ੀਅਨ ਖੇਡਾਂ ਦੇ ਸੋਵੀਨਾਰ ਵਿਚ ਖੇਡਾਂ ਸਬੰਧੀ ਪਹਿਲੀਆਂ ੧੪ ਫੋਟੋ (ਬੈਂਕੋਕ ਏਸ਼ੀਅਨ ਗੇਮਜ਼ ਦੀਆਂ) ਠਾਕੁਰ ਜੀ ਦੀਆਂ ਹੀ ਹਨ।

ਆਪ ਜੀ ਨੂੰ ਫੋਟੋਗਰਾਫੀ ਦਾ ਸ਼ੌਕ ਸ੍ਰੀ ਸਤਿਗੁਰੂ ਜੀ ਦੀ ਸ੍ਰੀ ਮਹਾਰਾਜ ਜੀ ਦੀ ਕਿਰਪਾ ਤੇ ਪ੍ਰੇਰਨਾ ਨਾਲ ਪਿਆ। ਸਤਿਗੁਰੂ ਜੀ ਸੁੰਦਰਤਾ ਦੇ ਮਹਾਨ ਪੁਜਾਰੀ ਹਨ। ਆਪ ਜੀ ਵੀ ਸੁੰਦਰਤਾ ਦੀ ਨਿਰਾਲੀ ਲੀਲਾ ਨੂੰ ਸਾਂਭਣ ਲਈ ਫੋਟੋਗਰਾਫੀ ਕਰਦੇ ਰਹਿੰਦੇ ਹਨ। ਠਾਕੁਰ ਜੀ ਨੇ ਫੋਟੋਗਰਾਫੀ ਦੀ ਪਹਿਲੀ ਪੋਥੀ ਸ੍ਰੀ ਸਤਿਗੁਰੂ ਜੀ ਕੋਲੋਂ ਹੀ ਪੜ੍ਹੀ। ਉਦੋਂ ਆਪ ਜੀ ਦੀ ਉਮਰ ੧੦ ਕੁ ਸਾਲ ਦੀ ਸੀ। ੧੯੭੯ ਵਿਚ ਸ੍ਰੀ ਸਤਿਗੁਰੂ ਜੀ ਨੇ ਠਾਕੁਰ ਜੀ ਨੂੰ ਫੋਟੋਗਰਾਫੀ ਵਿਚ ਮਾਸਟਰੀ ਕਰਨ ਦਾਂ ਹੁਕਮ, ਦਿਤਾ। ਬਸ ਫੇਰ ਕੀ ਸੀ ਜੁਟ ਪਏ ਏਸ ਹੁਕਮ ਦੀ ਪਾਲਣਾਂ ਵਿਚ ਤੇ ਸਤਿਗੁਰੂ ਜੀ ਨੇ ਜੁਟਾ ਦਿਤੇ ਸਾਧਨ। ਉਹ ਸ਼ੌਕ ਜਿਨਦੇ ਬਚਪਨ ਵਿਚ ਬੀ ਬੀਜੇ ਗਏ ਸਨ ਉਹ ਪੁੰਗਰਦੇ ਪੁੰਗਰਦੇ ਏਨੇ ਵੱਡੇ ਹੋ ਗਏ ਹਨ ਕਿ ਹੁਣ ਠਾਕੁਰ ਜੀ ਕਈ ਅੰਤਰ-ਰਾਸ਼ਟਰੀ ਤੇ ਅੰਤਰ ਭਾਰਤੀ ਇਨਾਮ ਜਿੱਤ ਚੁੱਕੇ ਹਨ ਤੇ ਕਈ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ। ਸੰਸਾਰ ਦੇ ਪ੍ਰਸਿੱਧ ਫੋਟੋਗ੍ਰਾਫਕ ਰਸਾਲਿਆਂ ਵਲੋਂ ਠਾਕੁਰ ਜੀ ਨੂੰ ਕਿਸੇ ਨ ਕਿਸੇ ਵਿਸ਼ੇ ਤੇ ਲੇਖ ਭੇਜਣ ਲਈ ਪੱਤਰ ਆਉਣੇ ਇਕ ਸੁਭਾਵਕ ਜਿਹੀ ਹੀ ਗੱਲ ਹੈ। ਭਾਰਤ ਦੇ ਕਈ ਚੰਗੇ ਫੋਟੋਗ੍ਰਾਫਰ ਜਿਵੇਂ ਸ੍ਰੀ ਮਦਨ-ਮਾਧ (ਜਿੰਨਾਂ ਨੂੰ ਉਹ ਆਪਣਾ ਗੁਰੂ ਮੰਨਦੇ ਹਨ), ਸ੍ਰੀ ਓ, ਪੀ. ਸ਼ਰਮਾ ਸ੍ਰੀ ਮਿੱਤਰ ਬੇਦੀ, ਸ੍ਰੀ ਰਾਜੇਸ਼ ਬੇਦੀ ਤੇ ਸ੍ਰੀ ਆਰ. ਕੇ. ਚਿੱਬ ਆਦਿਕ ਆਪ ਜੀ ਦੇ ਸ਼ੁਭ-ਚਿੰਤਕ ਨੇ ਤੇ ਸਮੇਂ ਸਮੇਂ ਸਿਰ ਸਹਾਇਤਾ ਕਰਦੇ ਰਹਿੰਦੇ ਹਨ।

ਪੂਸਾ ਰੋਡ ਕੋਠੀ ਦੇ ਇਕ ਕਮਰੇ ਵਿਚ ਆਰਾਮ ਨਾਲ ਲੇਟੇ ਹੋਏ ਠਾਕੁਰ ਜੀ ਨੇ ਮੇਰੇ ਪੁਛਣ ਦੇ ਦਸਿਆ ਕਿ ਮੈਨੂੰ ਕੁਦਰਤ ਦੀ ਫੋਟੋਗ੍ਰਾਫੀ ਦਾ ਸ਼ੌਕ ਹੋਰ ਚੜ੍ਹ ਗਿਆ ਜਦੋਂ ਮੈਂ ਇਕ ਪ੍ਰਸਿੱਧ ਫੋਟੋਗ੍ਰਾਫੀ ਮੈਗੀਜ਼ਨ "ਹੈਸਲਬਲੈਡ" ਵਿਚ ਇਕ ਫੋਟੋ ਵੇਖੀ—ਇਕ ਸੁੰਦਰ ਫੁੱਲ ਤੇ ਤਰੇਲ ਦੇ ਤੁਪਕੇ ਪਏ ਸਨ ਇਸ ਦਾ ਮੇਰੇ ਤੇ ਬੜਾ ਪ੍ਰਭਾਵ ਪਿਆ।

ਠਾਕੁਰ ਜੀ ਨੇ ਦਸਿਆ "ਕੁਦਰਤ ਵਿਚ ਏਨਾਂ ਕੁਝ ਹੈ ਕਿ ਸਾਨੂੰ ਦੂਰ ਜਾਣ ਦੀ ਜ਼ਰੂਰਤ ਨਹੀਂ ਪੈਂਦੀ। ਘਰੋਂ ਬਾਹਰ ਆਪਣੇ ਬਗੀਚੇ ਵਿਚ ਹੀ ਪੈਰ ਧਰੋ ਤਾਂ ਅਨੇਕਾਂ ਅਨੇਕਾਂ ਖੂਬਸੂਰਤ ਸੰਭਾਵਨਾਵਾਂ ਤੁਹਾਡੇ ਸਾਹਮਣੇ ਹੁੰਦੀਆਂ ਹਨ। ਸਿਰਫ ਇਕ ਚੰਗੀ ਅੱਖ ਚਾਹੀਦੀ ਹੈ ਜਿਹੜੀ ਉਹਨਾਂ ਨੂੰ ਵੇਖ ਸਕੇ।

ਠਾਕੁਰ ਜੀ ਨੇ ਆਪਣਾ ਪਹਿਲਾ ਇਨਾਮ ੧੯੮੧ ਵਿਚ ਚੰਡੀਗੜ੍ਹ "ਰੋਜ਼ (Rose) ਫੈਸਟੀਵਲ" ਵਿਚ ਜਿਤਿਆ-ਤੇ ਉਦੋਂ ਤੋਂ ਲੈਕੇ ਹੁਣ ਤਕ ਕਈ ਇਨਾਮ, ਅਲੱਗ ਅਲੱਗ ਭਾਰਤੀ ਤੇ ਅੰਤਰ ਰਾਸ਼ਟਰੀ ਮੁਕਾਬਲਿਆਂ ਵਿਚ ਪ੍ਰਾਪਤ ਕਰ ਚੁਕੇ ਹਨ। ਲਗਭਗ ਹੁਣ ਤਕ ਆਪ ਜੀ ਨੇ ੧੫ ਦੇਸ਼ਾਂ ਦੀ ਸੈਰ ਕਰ ਲਈ ਹੈ ਜਿਵੇਂ—ਥਾਈਲੈਂਡ, ਸਿੰਘਾਪੁਰ, ਕੈਨੇਡਾ, ਅਮਰੀਕਾ, ਜਰਮਨੀ, ਜਾਪਾਨ, ਕੀਨਿਆ, ਡੈਨਮਾਰਕ, ਮਿਸਰ ਤੇ ਹੋਰ ਕਈ ਦੇਸ਼। ਕੈਮਰੇ ਆਪ ਜੀ ਕੋਲ ਹਮੇਸ਼ਾ ਤਿਆਰ ਰਹਿੰਦੇ ਹਨ। ਹੁਣ ਤਕ ਆਪ ਜੀ ਕੋਲ ਲੱਗਪਗ ੫੦੦੦ ਨੈਗੇਟਿਵ ਤੇ ਏਨੀਆਂ ਹੀ ਸਲਾਈਡਾਂ (ਪ੍ਰੋਜੈਕਟਰ ਤੇ ਪ੍ਰੋਜੈਕਟ ਕਰਕੇ ਵੇਖਣ ਵਾਲੀਆਂ) ਦਾ ਕੀਮਤੀ ਭੰਡਾਰ ਜਮ੍ਹਾ ਹੈ—ਤੇ ਅੱਗੇ ਤਾਂ ਸੰਖਿਆ ਵਧੇਗੀ ਹੀ......

ਜਦੋਂ ਮੈਂ ਪੁਛਿਆ ਕਿ ਆਪ ਜੀ ਕਦੋਂ ਤਕ ਫੋਟੋ-ਗ੍ਰਾਫੀ ਕਰਦੇ ਰਹੋਗੇ ਤਾਂ ਆਪ ਜੀ ਨੇ ਉਤਰ ਦਿਤਾ "ਜਦੋਂ ਹੁਕਮ ਹੋ ਗਿਆ ਫੋਟੋਗਰਾਫੀ ਏਵੇਂ ਛੱਡ ਦਿਆਂਗੇ ਜਿਵੇਂ ਮੱਖਣ ਵਿਚੋਂ ਵਾਲ ਕੱਢ ਕੇ ਸੁੱਟ ਦੇਈਦਾ ਹੈ।" ਇਹ ਸਭ ਕੁਝ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਹੋ ਰਿਹਾ ਹੈ ਤੇ ਅੱਗੇ ਵੀ ਹੁਕਮ ਅਨੁਸਾਰ ਹੋਵੇਗਾ।

ਖੇਡਾਂ...ਜਿਵੇਂ ਕੋਈ ਬੱਚਾ ਟਾਫੀ ਦਾ ਨਾਮ ਸੁਣ ਕੇ ਖੁਸ਼ ਹੋ ਜਾਂਦਾ ਹੈ ਠਾਕੁਰ ਜੀ ਹਾਕੀ ਦਾ ਨਾਂ ਸੁਣਕੇ ਬਾਗ-ਬਾਗ ਹੋ ਜਾਂਦੇ ਨੇ। "ਹਾਕੀ ਦੀ ਬੀਮਾਰੀ" ਉਹਨਾਂ ਕਿਹਾ ਮੈਨੂੰ ਬਚਪਣ ਤੋਂ ਹੀ ਹੈ। ਆਪ ਜੀ "ਨਾਮਧਾਰੀ ਹਾਕੀ" ਟੀਮ ਵਲੋਂ ਕਈ ਮੈਚ ਖੇਡ ਕੇ ਉੱਤਮ ਹਾਕੀ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਪਰ ਹੁਣ ਹਾਕੀ ਕੁਝ ਸਾਲ ਤੋਂ ਖੇਡਣੀ ਬੰਦ ਹੈ। ਮੇਰਾ ਖਿਆਲ ਹੈ ਹੁਣ ਵੀ ਜਦੋਂ ਠਾਕੁਰ ਜੀ ਕਿਤੇ ਕੋਈ ਹਾਕੀ ਦਾ ਮੈਚ ਵੇਖਣ ਲਈ ਕਿਸੇ ਸਟੇਡੀਅਮ ਵਿਚ ਜਾਂਦੇ ਹੋਣਗੇ ਤੇ ਉਹ ਗਰਾਊਂਡ ਵਿਚ ਇਕ ਦੂਜੇ ਤੇ ਹਮਲਿਆਂ ਦੀ ਵਰਖਾ ਕਰਦੇ ਖਿਲਾੜਿਆਂ ਨੂੰ ਵੇਖਕੇ ਮਹਿਸੂਸ ਕਰਦੇ ਹੋਣਗੇ ਕਿ ਉਹ ਵੀ ਮੈਦਾਨ ਵਿਚ ਹਾਕੀ ਫੜੀ ਵਿਰੋਧੀ ਟੀਮ ਦੇ ਗੋਲ ਵੱਲ, ਸਾਰੇ ਖਿਲਾੜੀਆਂ ਨੂੰ ਪਿਛੇ ਛੱਡਕੇ ਭਜੇ ਜਾ ਰਹੇ ਹਨ ਸਟੇਡੀਅਮ ਵਿਚ ਲੋਕ ਖੁਸ਼ੀ ਨਾਲ ਉਛਾਲ ਰਹੇ ਹਨ, ਸ਼ੋਰ ਪੈ ਰਿਹਾ ਹੈ...ਤੇ ਗੋਲ।

ਸ਼ਾਇਦ ਤਾਂ ਹੀ ਠਾਕੁਰ ਜੀ ਨੇ ਕਿਹਾ ਸੀ "ਕਿ ਮੈਂ ਹੁਣ ਦੁਬਾਰਾ ਹਾਕੀ ਖੇਡਣਾਂ ਸ਼ੁਰੂ ਕਰਾਂਗਾਂ।"

**—ਸੁਖਬੀਰ ਸਿੰਘ ਸੰਧੂ**



Sri Satguru Jagjit Singh Ji Elibrary NamdhariElibrary@gmail.com

ਪੌਰਾਨਕ ਸਾਹਿਤ

# ਮਾਯਾਵੀ ਸਰੋਵਰ

ਮਹਾਂਰਿਸ਼ੀ ਵਿਆਸ ਦੁਆਰਾ ਰਚਿਤ ਪੌਰਾਣਕ ਗ੍ਰੰਥ ਮਹਾ ਭਾਰਤ ਕਥਾ ਸੰਸਾਰ ਦੇ ਕਲਾਸਕੀ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਰਖਦਾ ਹੈ। ਪਾਂਡਵਾਂ ਅਤੇ ਕੌਰਵਾਂ ਵਿਚ ਹੋਏ ਮਹਾਨ ਯੁਧ ਦੀ ਕਥਾ ਨੂੰ ਮੁਖ ਤੌਰ ਤੇ ਬਿਆਨ ਕਰਦੇ ਇਸ ਗ੍ਰੰਥ ਵਿਚ ਧਾਰਮਕ ਸਮਾਜਕ, ਰਾਜਨੀਤਕ ਅਤੇ ਦਾਰਸ਼ਨਕ ਪੱਖਾਂ ਨੂੰ ਛੁੰਹਦੀਆਂ ਅਨੇਕਾਂ ਹੀ ਕਥਾਵਾਂ ਦਰਜ ਹਨ। ਵਰਿਆਮ ਦੇ ਪਾਠਕਾ ਦੀ ਸੇਵਾਂ ਵਿਚ ਇਕ ਬਹੁਤ ਮਸ਼ਹੂਰ ਅਤੇ ਦਿਲਚਸਪੀ ਕਥਾ ਪੇਸ਼ ਕਰ ਰਹੇ ਹਾਂ।

—ਸੰਪਾਦਕ

ਪਾਂਡਵਾਂ ਦਾ ਬਾਰਾਂ ਸਾਲ ਦਾ ਬਨਵਾਸ ਸਮਾਂ ਪੂਰਾ ਹੋਣ ਨੂੰ ਥੋਹੜੇ ਹੀ ਦਿਨ ਬਾਕੀ ਰਹਿ ਗਏ ਸਨ।

ਪਾਂਡਵਾਂ ਦੇ ਆਸ਼ਰਮ ਦੇ ਕੋਲ ਹੀ ਇਕ ਗਰੀਬ ਬ੍ਰਾਹਮਣ ਦੀ ਕੁਟੀਆ ਸੀ। ਇਕ ਦਿਨ ਇਕ ਹਿਰਨ ਓਧਰ ਆਇਆ ਅਤੇ ਕੁਟੀਆਂ ਦੇ ਬਾਹਰ ਟੰਗੀ ਹੋਈ ਅਰਨੀ ਦੀ ਲਕੜੀ ਨਾਲ ਸਰੀਰ ਰਗੜ ਕੇ ਆਪਣੀ ਖੁਜਲੀ ਮਟਾਉਣ ਲਗਾ। ਜਾਂਦਿਆਂ ਹੋਇਆਂ ਉਹ ਅਰਨੀ ਦੀ ਲਕੜੀ ਸਿੰਗਾਂ ਵਿਚ ਫਸਾ ਕੇ ਨਾਲ ਹੀ ਲੈ ਗਿਆ।

ਲਕੜ ਦੇ ਚਕੋਰ ਟੁਕੜੇ ਉਤੇ ਦੂਸਰੀ ਲਕੜੀ ਰਗੜ ਕੇ ਅੱਗ ਪੈਦਾ ਕਰਦੇ ਸਨ। ਉਸ ਨੂੰ ਅਰਨੀ ਕਹਿੰਦੇ ਹਨ।

ਸਿੰਗ ਵਿਚ ਅਰਨੀ ਦੇ ਅੱਟਕ ਜਾਣ ਨਾਲ ਹਿਰਨ ਘਬਰਾ ਗਿਆ ਅਤੇ ਬਹੁਤ ਤੇਜ਼ੀ ਨਾਲ ਦੌੜਨ ਲਗਾ। ਇਹ ਵੇਖਕੇ ਬ੍ਰਾਹਮਣ ਨੇ ਘਬਰਾ ਕੇ ਪਾਂਡਵਾਂ ਦੇ ਆਸ਼ਰਮ ਵਿਚ ਜਾ ਕੇ ਦੁਹਾਈ ਪਾਈ ਕਿ ਅਰਨੀ ਹਿਰਨ ਉਠਾ ਕੇ ਲੈ ਗਿਆ ਹੈ ਹੁਣ ਮੈਂ ਅਗਨੀਹੋਤਰ ਵਾਸਤੇ ਅੱਗ ਕਿਵੇਂ ਪੈਦਾ ਕਰਾਂਗਾ?

ਬਰਾਹਮਣ ਤੇ ਤਰਸ ਕਰਕੇ ਪੰਜੇ ਭਰਾ ਹਿਰਨ ਦਾ ਪਿਛਾ ਕਰਨ ਲਗੇ। ਪਾਂਡਵ ਬਹੁਤ ਤੇਜ਼ ਦੌੜੇ ਪਰ ਹਿਰਨ ਦੇ ਕੋਲ ਨਾ ਪਹੁੰਚ ਸਕੇ। ਹਿਰਨ ਕੁਦਦਾ ਛਾਲਾਂ ਮਾਰਦਾ ਦੌੜ ਗਿਆ ਅਤੇ ਮਗਰੇ ਪਾਂਡੋ ਦੂਰ ਤੱਕ ਜੰਗਲ ਵਿਚ ਚਲੇ ਗਏ। ਹਿਰਨ ਅੱਖਾਂ ਤੋਂ ਓਝਲ ਹੋ ਗਿਆ ਅਤੇ ਪਾਡੋਂ ਰਾਹ ਭਟਕ ਗਏ।

ਪੰਜੇ ਭਰਾ ਥੱਕ ਟੁੱਟ ਕੇ ਪਿਆਸ ਦੇ ਮਾਰੇ ਇਕ ਦਰਖਤ ਹੇਠ ਬੈਠ ਗਏ। ਉਹਨਾਂ ਦੇ ਮੂੰਹ ਸੁੱਕੇ ਪਏ ਸਨ।

ਪਰ ਸਾਰਿਆਂ ਨੂੰ ਇਕੋ ਹੀ ਚਿੰਤਾ ਸੀ। ਨਕੁਲ ਨੇ ਬਹੁਤ ਢੱਠੇ ਮਨ ਨਾਲ ਕਿਹਾ, ਸਾਡੇ ਲਈ ਇਹ ਕਿਹੋ ਜਿਹੀ ਸ਼ਰਮ ਦੀ ਗਲ ਹੈ ਕਿ ਇਸ ਬ੍ਰਾਹਮਣ ਦਾ ਇਹ ਇਕ ਨਿੱਕਾ ਜਿਹਾ ਕੰਮ ਵੀ ਨਹੀਂ ਕਰ ਸਕੇ।

ਭੀਮ ਬੋਲਿਆ ਸਾਨੂੰ ਤਾਂ ਉਸੇ ਘੜੀ ਉਹਨਾਂ ਪਾਪੀਆਂ ਕੌਰਵਾਂ ਦਾ ਨਾਸ ਕਰ ਦੇਣ ਚਾਹੀਦਾ ਸੀਂ ਜਦੋਂ ਉਹ ਦਰੋਪਦੀ ਨੂੰ ਸਭਾ ਵਿਚ ਘਸੀਟ ਕੇ ਲਿਆਏ ਸਨ। ਇਸ ਗਲ ਦਾ ਹੀ ਸਿੱਟਾ ਹੈ ਕਿ ਸਾਨੂੰ ਇਹ ਕਸ਼ਟ ਝਲਣੇ ਪੈ ਰਹੇ ਹਨ। ਇਹ ਕਹਿ ਕੇ ਭੀਮ ਨੇ ਅਰਜਨ ਵੱਲ ਦੁਖ ਭਰੀਆਂ ਅੱਖਾਂ ਨਾਲ ਵੇਖਿਆ।

ਅਰਜਨ ਬੋਲਿਆ "ਠੀਕ ਕਹਿੰਦੇ ਹੋ ਵੀਰ ਭੀਮ ਉਸ ਵੇਲੇ ਤਾਂ ਉਸ ਕਮੀਨੇ ਦੀਆਂ ਕਠੋਰ ਗਲਾਂ ਸੁਣਕੇ ਵੀ ਕਠਪੁਤਲੀ ਜਿਹਾ ਬਣਿਆ ਰਿਹਾ। ਇਸ ਦੇ ਫਲਸਰੂਪ ਸਾਡੀ ਇਹ ਦੁਰਗਤ ਹੋ ਰਹੀ ਹੈ।

ਵਡੇ ਭਾਈ ਯੁਧਿਸ਼ਟਰ ਨੇ ਵੇਖਿਆ ਕਿ ਥਕਾਵਟ ਅਤੇ ਪਿਆਸ ਦੇ ਕਾਰਨ ਸਾਰਿਆਂ ਦੀ ਸਹਿਨ ਸ਼ਕਤੀ ਜਵਾਬ ਦੇ ਰਹੀ ਹੈ। ਉਸ ਤੋਂ ਵੀ ਕੁਝ ਕਹਿਆ ਨਹੀਂ ਸੀ ਜਾ ਰਿਹਾ। ਭਾਵੇਂ ਉਸਨੂੰ ਵੀ ਜ਼ਬਰਦਸਤ ਪਿਆਸ ਸਤਾ ਰਹੀ ਸੀ ਪਰ ਉਹ ਸਭ ਕੁਝ ਸਹਿ ਕੇ ਨਕੁਲ ਨੂੰ ਕਹਿਣ ਲਗਾ—"ਵੀਰ ਇਸ ਬਿਰਖ ਤੇ ਚੜ੍ਹ ਕੇ ਵੇਖ ਤਾਂ ਸਹੀ ਕਿ ਕਿਤੇ ਨਦੀ ਝਰਨਾ ਤਾਲਾਬ ਜਾਂ ਹੋਰ ਪਾਣੀ ਦੀ ਥਾਂ ਨਜ਼ਰ ਆਉਂਦੀ ਹੈ ਕਿ ਨਹੀਂ।"

ਨਕੁਲ ਨੇ ਬਿਰਖ ਤੇ ਚੜ੍ਹ ਕੇ ਦੇਖਿਆ ਅਤੇ ਉਤਰ ਕੇ ਕਿਹਾ ਕਿ ਦੂਰ ਕੁਝ ਪੌਦੇ ਦਿਖਾਈ ਦੇ ਰਹੇ ਹਨ ਜਿਹੜੇ ਕਿ ਪਾਣੀ ਦੇ ਨਜ਼ਦੀਕ ਉਗਿਆ ਕਰਦੇ ਹਨ। ਆਲੇ ਦੁਆਲੇ ਕੁਝ ਬਗਲੇ ਵੀ ਬੈਠੇ ਹਨ। ਉਥੇ ਹੀ ਲਾਗੇ ਪਾਣੀ



Sri Satguru Jagjit Singh Ji Elibrary NamdhariElibrary@gmail.com

ਜ਼ਰੂਰ ਹੋਣਾ ਚਾਹੀਦਾ ਹੈ।

ਯੁਧਿਸ਼ਟਰ ਨੇ ਕਿਹਾ, ਜਾਕੇ ਵੇਖੋ ਅਤੇ ਜੇ ਪਾਣੀ ਮਿਲੇ ਤਾਂ ਲੈ ਆਓ। ਕੁਝ ਦੂਰ ਚਲਣ ਤੇ ਅਨੁਮਾਨ ਅਨੁਸਾਰ ਨਕੁਲ ਨੂੰ ਇਕ ਪਾਣੀ ਦਾ ਸੋਮਾ ਮਿਲਿਆ। ਉਹ ਬਹੁਤ ਪਰੇਸ਼ਨ ਹੋਇਆ। ਉਸ ਸੋਚਿਆ ਪਹਿਲਾਂ ਤਾਂ ਆਪਣੀ ਪਿਆਸ ਮਿਟਾਉਂਦਾ ਹਾਂ ਅਤੇ ਫੇਰ ਤਰਕਸ਼ ਵਿਚ ਪਾਣੀ ਭਰਕੇ ਭਰਾਵਾਂ ਵਾਸਤੇ ਲੈ ਜਾਵਾਂਗਾ। ਇਹ ਸੋਚਕੇ ਉਹ ਪਾਣੀ ਵਿਚ ਉਤਰ ਗਿਆ। ਪਾਣੀ ਸਾਫ ਸੀ। ਦੋਹਾਂ ਹੱਥਾਂ ਦਾ ਬੁੱਕ ਬਣਾ ਕੇ ਉਹ ਪਾਣੀ ਬੁਲਾਂ ਨੂੰ ਲੌਣ ਹੀ ਲਗਾ ਸੀ ਕਿ ਇਕ ਆਵਾਜ਼ ਆਈ। 'ਠਹਿਰੋ' ਮਾਧੁਰੀ ਦੇ ਪੁਤਰ ਇਹ ਸੋਮਾ ਮੇਰੇ ਅਧੀਨ ਹੈ। ਪਹਿਲਾਂ ਮੇਰੇ ਪ੍ਰਸ਼ਨਾਂ ਦਾ ਉਤਰ ਦਿਓ ਫੇਰ ਪਾਣੀ ਪੀਓ। ਨਕੁਲ ਚੌਂਕ ਪਿਆ ਪਰ ਉਸ ਨੂੰ ਪਿਆਸ ਏਨੀ ਤੇਜ਼ ਲਗੀ ਸੀ ਕਿ ਉਹਨੇ ਉਸ ਬਾਣੀ ਦੀ ਪਰਵਾਹ ਕੀਤੇ ਬਗੈਰ ਬੁਕ ਪਾਣੀ ਦਾ ਭਰਿਆ ਅਤੇ ਪੀ ਲਿਆ। ਉਸ ਨੂੰ ਚੱਕਰ ਆਇਆ ਤੇ ਉਥੇ ਹੀ ਡਿੱਗ ਪਿਆ।

ਬਹੁਤ ਦੇਰ ਤੱਕ ਨਕੁਲ ਦੇ ਵਾਪਸ ਨਾ ਆਉਣ ਤੇ ਯੁਧਿਸ਼ਟਰ ਚਿੰਤਤ ਹੋਇਆ ਤੇ ਫੇਰ ਪਾਣੀ ਅਤੇ ਭਰਾ ਦਾ ਪਤਾ ਲੈਣ ਸਹਿਦੇਵ ਨੂੰ ਭੇਜਿਆ। ਪਾਣੀ ਕੋਲ ਜਾ ਕੇ ਉਸ ਵੇਖਿਆ ਕਿ ਨਕੁਲ ਜ਼ਮੀਨ ਤੇ ਡਿੱਗ ਪਿਆ ਹੈ। ਉਸ ਸੋਚਿਆ ਕਿ ਕਿਸੇ ਨੇ ਭਰਾ ਨੂੰ ਮਾਰ ਦਿਤਾ ਹੋਣਾ ਏ। ਉਸ ਨੂੰ ਵੀ ਪਿਆਸ ਏਨੀ ਸ਼ਿਦਤ ਨਾਲ ਲੱਗੀ ਸੀ ਕਿ ਉਹ ਜ਼ਿਆਦਾ ਕੁਝ ਨਾ ਸੋਚ ਸੱਕਿਆ। ਪਾਣੀ ਪੀਣ ਵਾਸਤੇ ਉਹ ਜਲ ਵਿਚ ਉਤਰਿਆ। ਪਾਣੀ ਪੀਣ ਹੀ ਲਗਾ ਸੀ ਕਿ ਪਹਿਲਾਂ ਵਰਗੀ ਆਵਾਜ਼ ਆਈ। ਸਹਿਦੇਵ ਇਹ ਮੇਰਾ ਚਸ਼ਮਾ ਹੈ। ਮੇਰੇ ਸਵਾਲਾਂ ਦਾ ਜਵਾਬ ਦੇ ਕੇ ਹੀ ਤੁਸੀਂ ਪਾਣੀ ਪੀ ਸਕਦੇ ਹੋ"

ਪਰ ਸਹਿਦੇਵ ਵੀ ਪਾਣੀ ਖੁਣੋਂ ਵਿਆਕੁਲ ਸੀ। ਫਲ-ਸਰੂਪ ਉਹਨੇ ਪਾਣੀ ਪੀ ਲਿਆ ਅਤੇ ਅਚੇਤ ਹੋ ਕੇ ਨਕੁਲ ਦੇ ਪਾਸ ਹੀ ਡਿੱਗ ਪਿਆ।

ਜਦੋਂ ਸਹਿਦੇਵ ਵੀ ਨਾ ਵਾਪਸ ਪੁਜਾ ਤਾਂ ਉਤਸੁਕ ਵਡੇ ਵੀਰ ਯੁਧਿਸ਼ਟਰ ਨੇ ਪ੍ਰਤਾਪੀ ਅਰਜਨ ਨੂੰ ਭਰਾਵਾਂ ਦਾ ਪਤਾ ਲੈਣ ਅਤੇ ਪਾਣੀ ਲਿਆਉਣ ਵਾਸਤੇ ਭੇਜਿਆ।

ਅਰਜਨ ਬਹੁਤ ਤੇਜ਼ੀ ਨਾਲ ਚਲਿਆ। ਤਲਾਅ ਦੇ ਕੰਢੇ ਦੋਹਾਂ ਭਰਾਵਾਂ ਨੂੰ ਮਰਿਆਂ ਵੇਖ ਬਹੁਤ ਹੈਰਾਨ ਹੋਇਆ। ਉਸ ਨੂੰ ਹੈਰਾਨੀ ਨਾਲ ਦੁੱਖ ਵੀ ਬਹੁਤ ਆਇਆ ਪਰ ਉਹਨੂੰ ਸਮਝ ਕੁਝ ਨਾ ਆਇਆ। ਸੋਚਾਂ ਸੋਚਦਿਆਂ ਪਾਣੀ ਪੀਣ ਵਾਸਤੇ ਅਰਜਨ ਵੀ ਅਗੇ ਵਧਿਆ ਤਾਂ ਮੁੜ ਉਹੋ ਆਵਾਜ਼ ਆਈ "ਅਰਜਨ ਮੇਰੇ ਪ੍ਰਸ਼ਨਾਂ ਦਾ ਉਤਰ ਦੇਣ ਬਾਅਦ ਹੀ ਪਿਆਸ ਬੁਝਾ ਸਕਦੇ ਹੋ। ਇਹ ਤਲਾਅ ਮੇਰਾ ਹੈ ਮੇਰੀ ਗਲ ਨਾ ਮੰਨੋਗੇ ਤਾਂ ਤੇਰੀ ਵੀ ਉਹੋ ਗਤ ਹੋਵੇਗੀ ਜੋ ਤੇਰਿਆਂ ਇਹਨਾਂ ਦੋਹਾਂ ਭਰਾਵਾਂ ਦੀ ਹੋਈ ਹੈ।

ਅਰਜਨ ਇਹ ਸੁਣਕੇ ਗੁੱਸੇ ਵਿਚ ਆ ਗਿਆ। ਧਨੁਸ਼ ਤਾਣ ਕੇ ਲਲਕਾਰਿਆ—ਕੌਣ ਏਂ ਤੂੰ—ਸਾਹਮਣੇ ਆ ਕੇ ਗਲ ਕਰ ਨਹੀਂ ਤੇ ਆਹ ਲੈ ਇਹਨਾਂ ਤੀਰਾਂ ਨਾਲ ਤੇਰੇ ਪਰਾਨ ਪੰਖੇਰੂ ਉਡਾ ਦਿਆਂਗਾ। ਗਲ ਖਤਮ ਵੀ ਨਾ ਹੋਈ ਕਿ ਅਰਜਨ ਨੇ ਉਸ ਦਿਸ਼ਾ ਵੱਲ ਤੀਰ ਮਾਰਨੇ ਸ਼ੁਰੂ ਕਰ ਦਿਤੇ ਜਿਧਰੋਂ ਆਵਾਜ਼ ਆ ਰਹੀ ਸੀ। ਪਰ ਉਹਨਾਂ ਬਾਣਾਂ ਦਾ ਵੀ ਕੋਈ ਅਸਰ ਨਾ ਹੋਇਆ। ਆਵਾਜ਼ ਆਈ, 'ਤੇਰੇ ਤੀਰ ਮੈਨੂੰ ਛੂ ਨਹੀਂ ਸਕਦੇ। ਮੈਂ ਵੀ ਕਹਿ ਦਿੰਦਾ ਹਾਂ ਕਿ ਪਹਿਲਾਂ ਮੇਰੇ ਪ੍ਰਸ਼ਨਾਂ ਦਾ ਉਤਰ ਦਿਓ ਫੇਰ ਪਾਣੀ ਪੀਓ ਨਹੀਂ ਤਾਂ ਤੇਰੀ ਮੌਤ ਨਿਸਚਿਤ ਹੈ।'

ਆਪਣੇ ਤੀਰਾਂ ਨੂੰ ਬੇਕਾਰ ਹੁੰਦੇ ਵੇਖ ਅਰਜਨ ਦੇ ਕ੍ਰੋਧ ਦੀ ਹੱਦ ਨਾ ਰਹੀ। ਉਸਨੇ ਸੋਚਿਆ ਕਿ ਇਥੇ ਤਾਂ ਬੜੀ ਜ਼ਬਰਦਸਤ ਲੜਾਈ ਲੜਣੀ ਪਵੇਗੀ। ਇਸ ਤੋਂ ਪਹਿਲਾਂ ਆਪਣੀ ਪਿਆਸ ਤਾਂ ਬੁਝਾ ਲਵਾਂ ਫੇਰ ਲੜਾਂਗਾ। ਇਹ ਸੋਚ ਕੇ ਅਰਜਨ ਨੇ ਵੀ ਪਾਣੀ ਪੀ ਲਿਆ ਅਤੇ ਕੰਢੇ ਤੇ ਚਿਤ ਹੋ ਕੇ ਡਿਗ ਪਿਆ।

ਜਦੋਂ ਤਿੰਨੇ ਭਰਾ ਵਾਪਸ ਨਾ ਆਏ ਤਾਂ ਬਾਕੀ ਦੋ ਵਿਆਕੁਲ ਹੋ ਉਠੇ। ਹੁਣ ਤਿੰਨਾਂ ਭਰਾਵਾਂ ਦਾ ਪਤਾ ਲੈਣ ਮਹਾਂਬਲੀ ਭੀਮ ਗਿਆ। ਅਗੇ ਜਾਕੇ ਤਿੰਨੇ ਭਰਾਵਾਂ ਨੂੰ ਮਰਿਆਂ ਵਾਂਗ ਲੇਟਿਆਂ ਦੇਖਿਆ। ਭੀਮ ਸੈਨ ਦਾ ਕਲੇਜਾ ਟੁੱਟਣ ਲਗਾ। ਉਸ ਸੋਚਿਆ ਇਹ ਕਿਸੇ ਯੱਖ ਦੀ ਕਰਤੂਤ ਹੈ ਉਸ ਸੋਚਿਆ ਪਾਣੀ ਪੀ ਕੇ ਵੇਖਦਾ ਹਾਂ ਕਿ ਕਿਹੜਾ ਬਲੀ ਹੈ ਜੋ ਮੇਰੇ ਰਾਹ ਵਿਚ ਆਉਂਦਾ ਹੈ।

ਭੀਮ ਸੈਨ ਪਾਣੀ ਵਿਚ ਉਤਰਨ ਹੀ ਲਗਾ ਸੀ ਕਿ ਆਵਾਜ਼ ਆਈ, ਭੀਮ ਸੈਨ ਪ੍ਰਸ਼ਨਾਂ ਦਾ ਉਤਰ ਦਿਤੇ ਬਿਨਾਂ ਪਾਣੀ ਪੀਣ ਦੀ ਹਿੰਮਤ ਨਾ ਕਰੀਂ। ਜੇ ਮੇਰੀ ਗਲ ਨਾ ਮੰਨੀ ਤਾਂ ਤੇਰੀ ਹਾਲਤ ਵੀ ਆਪਣੇ ਭਰਾਵਾਂ ਵਾਂਗ ਹੀ ਹੋਵੇਗੀ।

'ਓਦੇ ਤੂੰ ਕੌਣ ਹੁੰਦਾ ਏਂ ਮੈਨੂੰ ਰੋਕਣ ਵਾਲਾ', ਏਨੀ ਕਹਿ ਕੇ ਭੀਮ ਸੈਨ ਤਲਾਅ ਵਿਚ ਜਾ ਉਤਰਿਆ ਅਤੇ ਝੱਟ ਪਟ ਪਾਣੀ ਪੀ ਲਿਆ। ਪਾਣੀ ਪੀਂਦਿਆਂ ਭਰਾਵਾਂ ਵਾਂਗ ਉਹ



Sri Satguru Jagjit Singh Ji Elibrary NamdhariElibrary@gmail.com

ਵੀ ਵੈਰੀ ਹੋ ਗਿਆ ।

ਓਧਰ ਯੁਧਿਸ਼ਟਰ ਇਕਲਿਆਂ ਬੈਠਿਆਂ ਘਬਰਾ ਗਿਆ। ਬਹੁਤ ਚਿੰਤਾ ਦੀ ਗਲ ਹੈ ਜੋ ਕੋਈ ਵੀ ਵਾਪਸ ਨਹੀਂ ਆਇਆ । ਕਦੇ ਐਸੀ ਗਲ ਨਹੀਂ ਸੀ ਹੋਈ। ਆਖਰ ਵੀਰਾਂ ਨੂੰ ਹੋ ਕੀ ਗਿਆ । ਕੀ ਕਾਰਨ ਹੈ ਉਹ ਅਜੇ ਤੱਕ ਪਰਤੇ ਨਹੀਂ । ਕਿਤੇ ਕੋਈ ਸਰਾਪ ਤਾਂ ਨਹੀਂ ਲਗ ਗਿਆ । ਪਾਣੀ ਦੀ ਖੋਜ ਵਿਚ ਏਧਰ ਓਧਰ ਭਟਕ ਤਾਂ ਨਹੀਂ ਗਏ ।

ਸੋਚਵਾਨ ਹੁੰਦੇ ਹੋਏ ਯੁਧਿਸ਼ਟਰ ਭਰਾਵਾਂ ਦੀ ਖੋਜ ਵਿਚ ਤੁਰ ਪਏ ।

ਉਜਾੜ ਬੀਆਬਾਨ ਸੀ। ਆਦਮੀ ਦੀ ਜ਼ਾਤ ਦਾ ਨਾਮ ਨਿਸ਼ਾਨ ਤੱਕ ਨਹੀਂ ਸੀ। ਜੰਗਲੀ ਜਾਨਵਰ ਹਿਰਨ ਸੂਰ ਆਦਿ ਏਧਰ ਓਧਰ ਘੁਮ ਰਹੇ ਸਨ। ਬਿਖੜੇ ਰਾਹਾਂ ਤੋਂ ਚਲਦਾ ਯੁਧਿਸ਼ਟਰ ਉਥੇ ਪਹੁੰਚ ਗਿਆ ਜਿਥੇ ਉਸਦੇ ਚਾਰੇ ਭਰਾ ਮਰੇ ਪਏ ਸਨ। ਇਹ ਦੇਖ ਯੁਧਿਸ਼ਟਰ ਚੌਂਕ ਪਿਆ। ਉਸਦੇ ਗ਼ਮ ਅਤੇ ਹੈਰਾਨੀ ਦੀ ਹੱਦ ਨਾ ਰਹੀ। ਅਖੀਆਂ ਵਿਚੋਂ ਅਥਰੂਆਂ ਨਾਲ ਵਰਲਾਪ ਕਰਦਾ ਰਿਹਾ ਅਤੇ ਉਸ ਪਲ ਨੂੰ ਕੋਸਦਾ ਰਿਹਾ ਜਦੋਂ ਆਪਣੇ ਭਰਾਵਾਂ ਨੂੰ ਤਲਾਅ ਵਲ ਤੋਰਿਆ ਸੀ। ਕੁਝ ਦੇਰ ਪਿਛੋਂ ਯੁਧਿਸ਼ਟਰ ਨੇ ਜ਼ਰਾ ਧਿਆਨ ਨਾਲ ਵੇਖਿਆ ਅਤੇ ਆਪਣੇ ਆਪ ਨੂੰ ਕਹਿਣ ਲਗਾ ਇਹ ਤਾਂ ਕੋਈ ਮਾਇਆ ਜਾਲ ਹੀ ਲਗਦਾ ਹੈ। ਇਹਨਾਂ ਦੇ ਸਰੀਰਾਂ ਤੇ ਕੋਈ ਜ਼ਖਮ ਨਹੀਂ । ਚਿਹਰਿਆ ਤੇ ਕੋਈ ਫਰਕ ਨਹੀਂ ਪਿਆ। ਇਵੇਂ ਲਗਦੇ ਹਨ ਜਿਵੇਂ ਸੁੱਤੇ ਪਏ ਹੋਣ। ਹੋ ਸਕਦਾ ਹੈ ਦਰਯੋਧਨ ਦੀ ਕੋਈ ਸਾਜ਼ਸ਼ ਹੋਵੇ ਜਾਂ ਪਾਣੀ ਵਿਚ ਜ਼ਹਿਰ ਹੋਵੇ ।

ਸੋਚਦਿਆਂ ਸੋਚਦਿਆਂ ਯੁਧਿਸ਼ਟਰ ਵੀ ਪਿਆਸ ਦਾ ਮਾਰਿਆ ਸਰੋਵਰ ਵਿਚ ਉਤਰਨ ਲਗਾ। ਏਨੇ ਨੂੰ ਉਹੀ ਆਵਾਜ਼ ਆਈ 'ਹੁਸ਼ਿਆਰ, ਸਾਵਧਾਨ। ਤੇਰੇ ਭਰਾਵਾਂ ਨੇ ਮੇਰੀ ਗਲ ਨਾ ਮੰਨ ਕੇ ਪਾਣੀ ਪੀਤਾ ਸੀ। ਤੂੰ ਵੀ ਉਹ ਹੀ ਭੁਲ ਨਾ ਕਰਨਾ। ਇਹ ਤਲਾਅ ਮੇਰੇ ਅਧੀਨ ਹੈ। ਮੇਰਾ ਪ੍ਰਸ਼ਨਾਂ ਦਾ ਉਤਰ ਦਿਓ ਫਿਰ ਤਲਾਅ ਵਿਚੋਂ ਪਾਣੀ ਪੀ ਕੇ ਪਿਆਸ ਬੁਝਾ ਸਕਦੇ ਹੋ।'

ਯੁਧਿਸ਼ਟਰ ਨੇ ਤਾੜ ਲਿਆ ਕੋਈ ਯੱਖ ਬੋਲ ਰਿਹਾ ਹੈ ਉਹਨੇ ਗਲ ਮੰਨੀ ਅਤੇ ਬੋਲਿਆ ।

ਤੁਸੀਂ ਸਵਾਲ ਕਰ ਸਕਦੇ ਹੋ !

ਹੁਣ ਯੱਖ ਅਤੇ ਯੁਧਿਸ਼ਟਰ ਦੇ ਸਵਾਲ ਜਵਾਬ ਸ਼ੁਰੂ ਹੋਏ। ਪਹਿਲਾ ਸਵਾਲ ਸੀ ।

ਸੂਰਜ ਕਿਸ ਦੀ ਪ੍ਰੇਰਨਾ ਨਾਲ ਰੋਜ਼ ਉਗਦਾ ਹੈ ?

ਜਵਾਬ ਸੀ ਬਰ੍ਹਮਾ ਪਰਮਾਤਮਾ ਦੀ

? ਮਨੁਖ ਦਾ ਕੌਣ ਸਾਥ ਦੇਂਦਾ ਹੈ।

— ਧੀਰਜ ਹੀ ਮਨੁਖ ਦਾ ਸਾਥੀ ਹੁੰਦਾ ਹੈ

? ਕਿਹੜਾ ਐਸਾ ਸ਼ਾਸਤਰ (ਗਰੰਥ) ਹੈ ਜਿਸਦਾ ਅਧਿਅਨ ਕਰਕੇ ਮਨੁਖ ਬੁਧੀਮਾਨ ਬਣਦਾ ਹੈ ?

— ਕੋਈ ਵੀ ਐਸਾ ਸ਼ਾਸਤਰ ਨਹੀਂ । ਮਹਾਨ ਲੋਕਾਂ ਦੀ ਸੰਗਤ ਨਾਲ ਹੀ ਮਨੁਖ ਬੁਧੀਮਾਨ ਬਣਦਾ ਹੈ।

? ਧਰਤੀ ਤੋਂ ਭਾਰੀ ਚੀਜ਼ ਕਿਹੜੀ ਹੈ

— ਔਲਾਦ ਨੂੰ ਆਪਣੀ ਕੁੱਖ ਵਿਚ ਧਰਨ ਵਾਲੀ ਮਾਤਾ ਧਰਤੀ ਤੋਂ ਭਾਰੀ ਹੁੰਦੀ ਹੈ।

? ਆਕਾਸ਼ ਤੋਂ ਵੀ ਉਚਾ ਕੌਣ ਹੈ

— ਪਿਤਾ

? ਹਵਾ ਤੋਂ ਤੇਜ਼ ਚਲਣ ਵਾਲਾ ਕੌਣ ਹੈ

— ਮਨ

? ਘਾਹ ਤੋਂ ਵੀ ਤੁੱਛ ਚੀਜ਼ ਕਿਹੜੀ ਹੁੰਦੀ ਹੈ

— ਚਿੰਤਾ

? ਬਦੇਸ ਜਾਣ ਵਾਲੇ ਦਾ ਕੌਣ ਸਾਥੀ ਹੁੰਦਾ ਹੈ

— ਵਿਦਿਆ

? ਘਰ ਰਹਿਣ ਵਾਲੇ ਦਾ ਕੌਣ ਸਾਥੀ ਹੈ

— ਪਤਨੀ

? ਮਰਨ ਕੰਢੇ ਬਿਰਧ ਦਾ ਮਿਤਰ ਕੌਣ ਹੁੰਦਾ ਹੈ

— ਦਾਨ। ਕਿਉਂਕਿ ਉਹ ਹੀ ਮੌਤ ਬਾਅਦ ਇਕਲਿਆਂ ਚਲਣ ਵਾਲੇ ਜੀਵ ਦੇ ਨਾਲ ਨਾਲ ਚਲਦਾ ਹੈ।

? ਬਰਤਨਾਂ ਚੋਂ ਸਭ ਤੋਂ ਵੱਡਾ ਕੌਣ ਹੈ

— ਧਰਤੀ ਹੀ ਸਭ ਤੋਂ ਵੱਡਾ ਬਰਤਨ ਹੈ ਜਿਸ ਵਿਚ ਸਭ ਕੁਝ ਸਮਾ ਸਕਦਾ ਹੈ।

? ਸੁਖ ਕੀ ਚੀਜ਼ ਹੈ

— ਸੁਖ ਉਹ ਚੀਜ਼ ਹੈ ਜੋ ਸੀਲ ਅਤੇ ਚ੍ਰਿਤਰ ਉਤੇ ਕਾਇਮ ਹੈ

? ਕਿਸ ਚੀਜ਼ ਦੇ ਛਡਣ ਨਾਲ ਆਦਮੀ ਸਰਬ ਪ੍ਰਿਯ ਹੋ ਜਾਂਦਾ ਹੈ।

ਹੰਕਾਰ ਤੋਂ ਪੈਦਾ ਹੋਏ ਗਰਬ ਦੇ ਛੁਟ ਜਾਣ ਉਤੇ

? ਕਿਸ ਚੀਜ਼ ਦੇ ਗਵਾਚਨ ਨਾਲ ਦੁੱਖ ਨਹੀਂ ਹੁੰਦਾ

— ਕ੍ਰੋਧ ਦੇ ਗਵਾਚਨ ਨਾਲ

? ਕਿਸ ਚੀਜ਼ ਨੂੰ ਗਵਾ ਕੇ ਮਨੁਖ ਧਨੀ ਬਣਦਾ ਹੈ ?

—ਲਾਲਚ ਨੂੰ



Sri Satguru Jagjit Singh Ji Elibrary NamdhariElibrary@gmail.com

? ਯੁਧਿਸ਼ਟਰ! ਨਿਰਸਿਤ ਰੂਪ ਨਾਲ ਦਸੋ ਕਿ ਕਿਸੇ ਦਾ ਬਰਾਹਮਣ ਹੋਣਾ ਕਿਸ ਗਲ ਤੇ ਨਿਰਭਰ ਕਰਦਾ ਹੈ। ਉਸਦੇ ਜਨਮ ਤੇ ਵਿਦਿਆ ਤੇ ਜਾਂ ਸੀਲ ਸੁਭਾਅ ਤੇ ?

— ਕੁਲ ਜਾਂ ਵਿਦਿਆ ਦੇ ਕਾਰਨ ਬਰਾਹਮਣਤਵ ਪ੍ਰਾਪਤ ਨਹੀਂ ਹੋ ਸਕਦਾ। ਬ੍ਰਾਹਮਣਤਵ ਤਾਂ ਸੀਲ ਸੁਭਾਅ ਤੇ ਹੀ ਨਿਰਭਰ ਕਰਦਾ ਹੈ। ਜਿਸ ਵਿਚ ਸ਼ੀਲਤਾ ਨਹੀਂ ਉਹ ਬ੍ਰਾਹਮਣ ਨਹੀਂ ਹੋ ਸਕਦਾ। ਜਿਸ ਵਿਚ ਬੁਰੀਆਂ ਆਦਤਾਂ ਹੋਣ ਉਹ ਭਾਵੇਂ ਕਿੰਨਾ ਵੀ ਪੜ੍ਹਿਆ ਲਿਖਿਆ ਹੋਵੇ ਬ੍ਰਾਹਮਣ ਨਹੀਂ ਕਹਾ ਸਕਦਾ। ਚਾਰਾਂ ਵੇਦਾਂ ਨੂੰ ਜਾਨਣ ਵਾਲਾ ਜੇ ਭ੍ਰਿਸ਼ਟ ਚ੍ਰਿਤਰ ਵਾਲਾ ਹੋਵੇ ਤਾਂ ਉਸਨੂੰ ਨੀਚ ਹੀ ਸਮਝਣਾ ਚਾਹੀਦਾ ਹੈ।

? ਸੰਸਾਰ ਵਿਚ ਸਭ ਤੋਂ ਹੈਰਾਨੀ ਵਾਲੀ ਗਲ ਕਿਹੜੀ ਹੈ

— ਹਰ ਰੋਜ਼ ਅੱਖਾਂ ਦੇ ਸਾਹਮਣੇ ਕਿਨਿਆਂ ਹੀ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਜਾਂਦਿਆਂ ਵੇਖ ਕੇ ਵੀ ਬਚੇ ਹੋਏ ਪ੍ਰਾਣੀ ਜੋ ਇਹ ਚਾਹੁੰਦੇ ਹਨ ਕਿ ਅਸੀਂ ਅਮਰ ਰਹੀਏ ਇਹ ਹੀ ਮਹਾਨ ਹੈਰਾਨੀ ਜਨਕ ਗਲ ਹੈ।

ਇਸ ਤਰ੍ਹਾਂ, ਯੱਖ ਨੇ ਕਈ ਸਵਾਲ ਕੀਤੇ ਅਤੇ ਯੁਧਿਸ਼ਟਰ ਨੇ ਸਭ ਦੇ ਠੀਕ ਠੀਕ ਜਵਾਬ ਦਿਤੇ।

ਅੰਤ ਵਿਚ ਯੱਖ ਨੇ ਕਿਹਾ ਕਿ ਐ ਰਾਜਨ ਮੈਂ ਤੇਰੇ ਮਰੇ ਹੋਏ ਭਰਾਵਾਂ ਚੋਂ ਇਕ ਨੂੰ ਜ਼ਿੰਦਾ ਕਰ ਸਕਦਾ ਹਾਂ। ਤੂੰ ਜਿਸ ਕਿਸੇ ਨੂੰ ਵੀ ਜੀਵਾਣਾ ਚਾਹੇਂ ਉਹ ਜ਼ਿੰਦਾ ਹੋ ਸਕਦਾ ਹੈ।

ਯੁਧਿਸ਼ਟਰ ਨੇ ਪਲ ਭਰ ਸੋਚਿਆਂ ਕਿ ਕਿਹਨੂੰ ਜ਼ਿੰਦਾ ਕਰਾਵਾਂ ਅਤੇ ਫੇਰ ਰੁੱਕ ਕੇ ਬੋਲਿਆ।

ਜਿਸ ਦਾ ਰੰਗ ਸਾਂਵਲਾ, ਕਮਲ ਵਰਗੀਆਂ ਅੱਖਾਂ, ਚੋੜੀ ਛਾਤੀ ਅਤੇ ਬਾਹਵਾਂ ਲੰਮੀਆਂ ਹਨ ਉਹ ਮੇਰਾ ਸਭ ਤੋਂ ਛੋਟਾ ਭਰਾ ਨਕੁਲ ਜੀਉ ਪਵੇ।

ਯੁਧਿਸ਼ਟਰ ਦੇ ਇਸ ਤਰਾਂ ਕਹਿਣ ਤੇ ਯੱਖ ਉਹਦੇ ਸਾਹਮਣੇ ਪ੍ਰਗਟ ਹੋ ਗਿਆ ਅਤੇ ਰਾਜਾ ਯੁਧਿਸ਼ਟਰ ਨੂੰ ਪੁਛਣ ਲੱਗਾ।

ਦਸ ਹਜ਼ਾਰ ਹਾਥੀਆਂ ਵਾਲੇ ਭੀਮਸੈਨ ਨੂੰ ਛੱਡ ਕੇ ਨਕੁਲ ਨੂੰ ਕਿਉਂ ਜਿਉਂਦਾ ਕਰਨਾ ਠੀਕ ਸਮਝਿਆ। ਮੈਂ ਤਾਂ ਸੁਣਿਆਂ ਸੀ ਤੁਸੀਂ ਭੀਮ ਨੂੰ ਹੀ ਜ਼ਿਆਦਾ ਪ੍ਰੇਮ ਕਰਦੇ ਹੋ। ਹੋਰ ਨਹੀਂ ਤਾਂ ਘਟੋ ਘੱਟ ਅਰਜਨ ਨੂੰ ਤਾਂ ਜਿਵਾ ਲੈਂਦੇ ਜਿਸ ਦੀ ਲੜਾਈ ਦੀ ਯੋਗਤਾ ਤੁਹਾਡੀ ਰਖਿਆ ਕਰਦੀ। ਤਦ ਕੀ ਕਾਰਨ ਹੈ ਕਿ ਇਹਨਾਂ ਬਲਵਾਨ ਦੋਹਾਂ ਭਰਾਵਾਂ ਨੂੰ ਹੀ ਛੱਡ ਕੇ ਨਕੁਲ ਨੂੰ ਜਿਵਾਣਾ ਚਾਹੁੰਦੇ ਹੋ।

ਯੁਧਿਸ਼ਟਰ ਨੇ ਕਿਹਾ, "ਯਖਸ਼ ਮਹਾਰਾਜ! ਮਨੁਖ ਦੀ ਰਖਿਆ ਨਾ ਤਾਂ ਭੀਮ ਤੋਂ ਹੁੰਦੀ ਹੈ ਨਾ ਅਰਜਨ ਤੋਂ। ਧਰਮ ਹੀ ਮਨੁਖ ਦੀ ਰੱਖਿਆ ਕਰਦਾ ਹੈ ਅਤੇ ਇਸ ਤੋਂ ਬੇਮੁਖ ਹੋਣ ਤੇ ਮਨੁਖ ਦਾ ਨਾਸ ਵੀ ਹੁੰਦਾ ਹੈ। ਮੈਂ ਜੋ ਨਕੁਲ ਨੂੰ ਜੀਵਾਣਾ ਚਾਹਿਆ ਉਹ ਕੇਵਲ ਇਸੇ ਕਾਰਨ ਕਿ ਮੇਰੇ ਪਿਤਾ ਦੀਆਂ ਦੋ ਪਤਨੀਆਂ ਵਿਚੋਂ ਕੁੰਤੀ ਦਾ ਇਕ ਪੁਤਰ ਮੈਂ ਤਾਂ ਬਚਿਆਂ ਹਾਂ। ਮੈਂ ਚਾਹੁੰਦਾ ਹਾਂ ਕਿ ਮਾਧਰੀ ਦਾ ਵੀ ਇਕ ਪੁਤਰ ਜੀ ਉਠੇ। ਜਿਸ ਨਾਲ ਹਿਸਾਬ ਬਰਾਬਰ ਹੋ ਜਾਵੇ। ਸੋ ਤੁਸੀਂ ਕ੍ਰਿਪਾ ਕਰਕੇ ਨਕੁਲ ਨੂੰ ਜਿਵਾ ਦਿਓ।

ਇਹ ਸੁਣਦਿਆਂ ਹੀ ਯੱਖ ਨੇ ਖੁਸ਼ ਹੋ ਕੇ ਵਰ ਦਿਤਾ "ਪਖਪਾਤ ਤੋਂ ਰਹਿਤ ਮੇਰੇ ਪੁਤਰ ਤੇਰੇ ਚਾਰੇ ਭਰਾ ਜੀ ਉਠਣ" ਅਤੇ ਸਾਰੇ ਭਰਾ ਜੀ ਪਏ।

ਇਹ ਯੱਖ ਕੋਈ ਹੋਰ ਨਹੀਂ ਸਗੋਂ ਖੁਦ ਆਪ ਹੀ ਧਰਮਰਾਜ ਸੀ। ਉਸਨੇ ਹਿਰਨ ਦਾ ਰੂਪ ਧਾਰ ਕੇ ਪਾਂਡਵਾਂ ਨੂੰ ਭੁਲਾਇਆ। ਯੁਧਿਸ਼ਟਰ ਧਰਮਰਾਜ ਦਾ ਪੁਤਰ ਸੀ ਇਸ ਵਾਸਤੇ ਉਸ ਦੀ ਇੱਛਾ ਸੀ ਕਿ ਆਪਣੇ ਪੁਤਰ ਯੁਧਿਸ਼ਟਰ ਨੂੰ ਦੇਖ ਕੇ ਅਖੀਆਂ ਤ੍ਰਿਪਤ ਕਰ ਲਵੇ ਅਤੇ ਉਸ ਦੀ ਯੋਗਤਾ ਅਤੇ ਗੁਣਾਂ ਦੀ ਪਰੀਖਿਆ ਲੈ ਲਵੇ।

ਧਰਮਰਾਜ ਨੇ ਯੁਧਿਸ਼ਟਰ ਦੇ ਗੁਣਾਂ ਤੋਂ ਮੁਗਧ ਹੋ ਕੇ ਉਸਨੂੰ ਛਾਤੀ ਨਾਲ ਲਾ ਲਿਆ ਅਤੇ ਆਸ਼ੀਰਵਾਦ ਦੇਂਦੇ ਹੋਏ ਕਿਹਾ।

ਬਾਰਾਂ ਸਾਲ ਦੇ ਬਨਵਾਸ ਦਾ ਸਮਾ ਪੂਰਾ ਹੋਣ ਨੂੰ ਹੁਣ ਥੋਹੜਾ ਹੀ ਸਮਾਂ ਬਾਕੀ ਹੈ। ਇਸ ਪਿਛੋਂ ਬਾਰਾਂ ਮਹੀਨੇ ਜੋ ਤੁਸਾਂ ਅਗਿਆਤਵਾਸ ਕਰਨਾ ਹੈ ਉਹ ਵੀ ਸਫਲਤਾ ਨਾਲ ਪੂਰਾ ਹੋ ਜਾਵੇਗਾ। ਤੁਹਾਨੂੰ ਕੋਈ ਵੀ ਪਛਾਣ ਨਹੀਂ ਸਕੇਗਾ। ਤੁਸੀਂ ਆਪਣੀ ਪ੍ਰਤਿਗਿਆ ਸਫਲਤਾ ਨਾਲ ਪੂਰੀ ਕਰੋਗੇ। ਇਹ ਕਹਿਕੇ ਧਰਮਰਾਜ ਅਲੋਪ ਹੋ ਗਏ।

★



Sri Satguru Jagjit Singh Ji Elibrary NamdhariElibrary@gmail.com

੧੯ ਮਾਰਚ ਨੂੰ ਪ੍ਰਕਾਸ਼ ਦਿਵਸ ਨੂੰ ਸਮਰਪਿਤ ਲੇਖ :

# "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਹਿਲੀ ਸਿਆਮ ਫੇਰੀ"

—ਇਕਬਾਲ ਸਿੰਘ ਮਨਚੰਦਾ

ਬੈਂਕੌਕ ਨਿਵਾਸੀ ਸੇਠ ਇਕਬਾਲ ਸਿੰਘ ਮਨਚੰਦਾ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਸਿਆਮ ਫੇਰੀ ਬਾਰੇ ਇਹ ਵਿਸਥਾਰਤ ਲੇਖ ਭੇਜਿਆ ਹੈ। ਲੇਖ ਲੰਬਾ ਹੋਣ ਦੇ ਬਾਵਜੂਦ ਅਸੀਂ ਇਕ ਹੀ ਕਿਸ਼ਤ ਵਿਚ ਪ੍ਰਕਾਸ਼ਤ ਕਰ ਰਹੇ ਤਾਂ ਜੋ ਇਹ ਇਤਿਹਾਸਕ ਜਾਣਕਾਰੀ ਇਕੋ ਥਾਂ ਇੱਕਠੀ ਰਹਿ ਸਕੇ। —ਸੰਪਾਦਕ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਿਆਮ ਦੀ ਧਰਤੀ ਨੂੰ ਬਾਈ (੨੨) ਵੇਰਾਂ ਦਰਸ਼ਨ ਦੇ ਕੇ ਭੁਲੇ ਜੀਵਾਂ ਨੂੰ ਸੱਤ-ਮਾਰਗ ਦਾ ਉਪਦੇਸ਼ ਦੇ ਕੇ ਨਿਵਾਜਿਆ ਅਤੇ ਇਕ ਹੋਰ ਵੱਡੀ ਬਖਸ਼ਸ਼ ਜੋ ਨਾਮਧਾਰੀ ਪੰਥ ਲਈ ਕਰ ਗਏ ਓਹ ਇਕ ਬੇ-ਮਿਸਾਲ ਹੈ ਜੋ ਓਹਨਾਂ ਦੇ ਰੀਕਾਰਡ ਕੀਤੇ ਹੋਏ ਉਪਦੇਸ਼ ਜੋ ਵਰਤਮਾਨ ਸਮੇਂ ਦੇ ਗੁਰ-ਗੱਦੀ ਨਸ਼ੀਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੋਜ਼ਾਨਾ ਨਿਤ-ਨੇਮ (ਨਾਮ-ਸਿਮਰਨ) ਸਮੇਂ ਸਾਧ ਸੰਗਤ ਨੂੰ ਸੁਣਾਏ ਜਾਂਦੇ ਹਨ ਓਹ ਤਕਰੀਬਨ ਸਾਰੇ ਦੇ ਸਾਰੇ ਹੀ ਬੈਂਕੌਕ ਦੇ ਦੌਰਿਆਂ ਸਮੇਂ ਰੀਕਾਰਡ ਕੀਤੇ ਜਾਂਦੇ ਰਹੇ ਹਨ ਤੇ ਇਹਨਾਂ ਵਿਚ ਕੁਝ ਅਫਰੀਕਾ ਦੇ ਦੌਰੇ ਤੇ ਕੁਝ ਕੁ ਦੇਸ ਵਿਖੇ ਰੀਕਾਰਡ ਕੀਤੇ ਗਏ।

ਗ਼ਰੀਬ-ਨਿਵਾਜ਼ ਸ੍ਰੀ ਸਤਿਗੁਰੂ ਜੀ ਨੇ ਜਦ ਪਹਿਲੀ ਵੇਰ ਸਿਆਮ ਦੀ ਧਰਤੀ ਤੇ ਜਨਵਰੀ ਸੰਨ ੧੯੩੪ ਦੇ ਅਰੰਭ ਵਿਚ ਦਰਸ਼ਨ ਦਿਤੇ ਉਸ ਲਈ ਸ੍ਰੀ ਹਜ਼ੂਰ ਜੀ ਦੇ ਚਰਨ-ਕੰਵਲਾਂ ਵਿਚ ਦੋ ਬੇਨਤੀਆਂ ਅਰਦਾਸ ਤੇ ਤਾਰ ਰਾਹੀਂ ਕੀਤੀਆਂ ਗਈਆਂ ਸਨ। ਇਸ ਦਾ ਵੀ ਇਕ ਕਾਰਨ ਸੀ। ਸੰਨ ੧੯੩੩ ਵਿਚ ਬੈਂਕੌਕ ਰਹਿੰਦੇ ਸੇਠ ਮੋਹਰ ਸਿੰਘ ਜੀ ਜੋ ਫਿਲੌਰੀਆਂ ਦੇ ਬਾਬੇ ਭਗਵਾਨ ਸਿੰਘ ਦੇ ਪਰਵਾਰ ਵਿਚੋਂ ਸਨ ਓਹ ਕਿਸੇ ਕਾਰਨ ਬੀਮਾਰ ਹੋ ਗਏ ਤੇ ਕਾਫੀ ਤਕਲੀਫ ਪਾਈ ਤਾਂ ਆਪ ਨੇ ਅਪਨੇ ਮਨ ਵਿਚ ਹੀ ਇਹ ਚਿਤਵਨੀ ਕੀਤੀ ਕਿ ਗ਼ਰੀਬ ਨਿਵਾਜ਼ ਸ੍ਰੀ ਸਤਿਗੁਰੂ ਜੀ ਮੇਰੇ ਤੇ ਬਖਸ਼ਸ਼ ਕਰਨ, ਦੇਹ ਅਰੋਗਤਾ ਬਖਸ਼ਨ, ਮੈਂ ਸਾਧ ਸੰਗਤ ਦਾ ਮੇਲਾ ਕਰਾਂ ਤੇ ਇਸ ਮੇਲੇ ਵਿਚ ਸ੍ਰੀ ਸਤਿਗੁਰੂ ਜੀ ਵੀ ਹਜ਼ੂਰੀ ਸੇਵਕਾਂ ਤੇ ਜੱਥੇ ਸਮੇਤ ਦਰਸ਼ਨ ਦੇਵਨ ਅਤੇ ਇਸੇ ਪਰਥਾਇ ਰਾਜ਼ੀ ਹੋਵਨ ਤੇ ਉਸ ਨੇ ਸ੍ਰੀ ਹਜ਼ੂਰ ਜੀ ਦੇ ਚਰਨ-ਕੰਵਲਾਂ ਵਿਚ ਅਰਦਾਸ ਰਾਹੀਂ ਬਿਨੈ ਕਰ ਭੇਜੀ। ਦੂਜੀ ਬੇਨਤੀ ਸਾਧ ਸੰਗਤ ਵਲੋਂ ਭੇਜੀ ਗਈ ਉਸਦਾ ਕਾਰਨ ਇਹ ਸੀ ਜੋ ਧਰਮਸਾਲਾ ਬੈਂਕੌਕ ਵਿਖੇ ਹਰ ਮਹੀਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਅਖੰਡ-ਪਾਠ ਜੋ ਬਹੁਤ ਸਾਲਾਂ ਤੋਂ ਕੀਤਾ ਜਾ ਰਿਹਾ ਸੀ ਤੇ ਕਦੇ ਕਦਾਈਂ ਕੀਰਤਨ ਤੇ ਲੰਗਰ ਛਕਨ ਤੋਂ ਬਾਦ ਧਰਮਸਾਲਾ ਦੀ ਚੌਥੀ ਛੱਤ ਤੇ ਸੰਗਤ ਬੈਠ ਕੇ ਵਿਚਾਰ ਵਟਾਂਦਰਾ ਵੀ ਕਰਦੀ ਤੇ ਇਸੇ ਵਿਚਾਰ ਕਰਦਿਆਂ ਸੰਗਤ ਵਿਚੋਂ ਇਹ ਵਿਚਾਰ ਆਈ ਜੋ ਇਸ ਵੇਲੇ ਬੈਂਕੌਕ ਵਿੱਚ ਵਿਹਾਰ ਕਰਕੇ ਸੰਗਤ ਵਿਚ ਬਹੁਤ ਸਾਰੇ ਪਰਵਾਰ ਦੇਸ਼ ਜਾਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਤੋਂ ਅ-ਸਮੱਰਥ ਹਨ ਕਿਉਂ ਨਾ ਗ਼ਰੀਬ-ਨਿਵਾਜ਼ ਜੀ ਦੇ ਚਰਨ-ਕੰਵਲਾਂ ਵਿਚ ਬੇਨਤੀ ਕੀਤੀ ਜਾਵੇ ਜੋ ਬੈਂਕੌਕ ਨਿਵਾਸੀ ਸਾਧ ਸੰਗਤ ਦੀ



Sri Satguru Jagjit Singh Ji Elibrary NamdhariElibrary@gmail.com

ਅਰਜ਼ ਪਰਵਾਨ ਕਰਕੇ ਦਰਸ਼ਨ ਦੇਨ ਦੀ ਕਿਰਪਾਲਤਾ ਕਰਨ ।

ਇਸੇ ਪਰਥਾਇ ਇਕ ਬੇਨਤੀ ਪੱਤਰ ਲਿਖ ਕੇ ਭੇਜਿਆ ਗਿਆ ਤੇ ਤਾਰ ਰਾਹੀਂ ਵੀ ਅਰਜ਼ ਕਰ ਭੇਜੀ ਉਨ੍ਹਾਂ ਦਿਨਾਂ ਵਿਚ ਹਵਾਈ ਜਹਾਜ਼ ਦਾ ਪ੍ਰਬੰਧ ਅਜੇ ਚਾਲੂ ਨਹੀਂ ਸੀ ਹੋਇਆ ਤੇ ਡਾਕ ਵੀ ਸਮੁੰਦਰੀ ਰਸਤੇ ਆਉਂਦੀ ਜਾਂਦੀ ਸੀ ਸਾਧ ਸੰਗਤ ਨੇ ਇਕ ਹੋਰ ਉਪਰਾਲਾ ਕੀਤੀ ਜੋ ਰੋਜ਼ਾਨਾ ਧਰਮਸਾਲਾ ਵਰਨੀ ਅਰੰਭ ਕੀਤੀ ਤੇ ਘਰ ਘਰ ਸਿੰਘ ਭਗਉਤੀਆਂ ਦੇ ਪਾਠ ਕਰਦੇ ਤੇ ਉਸ ਵੇਲੇ ਇਹ ਵੀ ਪਤਾ ਲੱਗਾ ਜੋ ਸੇਠ ਮੰਹਰ ਸਿੰਘ ਜੀ ਨੇ ਵੀ ਅਪਨੇ ਵਲੋਂ ਸਾਧ ਸੰਗਤ ਦੀ ਬਿਨੇ ਤੋਂ ਪਹਿਲਾਂ ਹੀ ਅਰਦਾਸ (ਕੀਤੀ) ਭੇਜੀ ਹੋਈ ਹੈ । ਸ੍ਰੀ ਸਤਿਗੁਰੂ ਜੀ ਬਖਸ਼ਸ਼ ਕੀਤੀ ਤੇ ਤਾਰ ਰਾਹੀਂ ਪਰਵਾਨਗੀ ਦਾ ਉੱਤਰ ਭੇਜਿਆ ਜਿਸ ਦੀ ਖੁਸ਼ੀ ਵਿਚ ਸਾਧ ਸੰਗਤ ਨੇ ਇਕ ਵਿਸ਼ੇਸ਼ ਦੀਵਾਨ ਕੀਤਾ ਜਿਸ ਵਿਚ ਬਹੁਤ ਸਾਰੇ ਗੈਰ ਨਾਮਧਾਰੀਆਂ ਨੇ ਵੀ ਹਿੱਸਾ ਲਿਆ ਤੇ ਖੁਸ਼ੀਆਂ ਪਰਗਟ ਕੀਤੀਆਂ । ਸ੍ਰੀ ਸਤਿਗੁਰੂ ਜੀ ਦੇ ਸਵਾਗਤ ਲਈ ਮੀਟਿੰਗਾਂ ਹੋਈਆਂ, ਧਰਮਸਾਲਾਂ ਦੀ ਸਜਾਵਟ ਕੀਤੀ ਗਈ ਬੈਂਕੋਕ ਦੇ ਕਵੀਆਂ ਵਲੋਂ ਇਕ ਖਾਸ ਟ੍ਰੈਕਟ ਹੱਥ ਲਿਖਤ ਤਿਆਰ ਕੀਤਾ ਗਿਆ ਜਿਸ ਵਿਚ ਸ੍ਰੀ ਸਤਿਗੁਰੂ ਜੀ ਪ੍ਰਤੀ ਜੀਓ ਆਇਆਂ ਦੇ ਸ਼ਬਦ ਲਿਖਨ ਉਪ੍ਰੰਤ ਕਵੀਆਂ ਦੀ ਵਲਵਲੇ ਭਰੀਆਂ ਕਵਿਤਾਵਾਂ ਸਨ ਜੋ ਉਸ ਵੇਲੇ ਵੰਡੀਆਂ ਗਈਆਂ ਜਦ ਸ੍ਰੀ ਸਤਿਗੁਰੂ ਜੀ ਬੈਂਕੋਕ ਵਿਖੇ ੧੦ ਜਨਵਰੀ ੧੯੩੪ ਨੂੰ ਦਰਸ਼ਨ ਦਿਤੇ ਸਨ ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੋਂ ਪਹਿਲਾਂ ਬੈਂਕੋਕ ਵਿਚ ਵੱਖੋ ਵੱਖ ਸੰਸਥ ਵਾਂ ਨੂੰ ਇਹ ਖਬਰ ਮਿਲ ਚੁਕੀ ਹੋਈ ਸੀ ਅਤੇ ਗ੍ਰੀਬ ਨਿਵਾਜ਼ ਜੀ ਦੇ ਸਵਾਗਤ ਲਈ ਵੀ ਸਭ ਨੂੰ ਸੱਦ ਪੱਤਰ ਭੇਜੇ ਗਏ ਸਨ । ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਉਸ ਵੇਲੇ ਸ: ਇਕਬਾਲ ਸਿੰਘ ਨਰੂਲਾ ਫਿਲੌਕੀ ਨਿਵਾਸੀ ਸਨ । ਇਹ ਫਿਲੌਕਿਆਂ ਦੇ ਹੋਨ ਕਰਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਸ ਵੀ ਕੀਤੇ ਹੋਏ ਸਨ ਤੇ ਇਹਨਾਂ ਦਾ ਆਪਨੀ ਸੰਸਥਾ ਵਿਚ ਵੀ ਜ਼ੋਰ ਸੀ ਪਰੰਤੂ ਉਸ ਵੇਲੇ ਕੋਈ ਹੋਰ ਵੀ ਐਸੇ ਘਰ ਸਨ ਜੋ ਦੇਹ-ਧਾਰੀ ਗੁਰੂ ਦੇ ਖਿਲਾਫ ਵਿਚੇਂ ਵਿਚ ਪਰਚਾਰ ਕਰਦੇ ਸਨ ਉਨ੍ਹਾਂ ਵਿਚ ਤਿੰਨ ਚਾਰ ਸਰੀਰਾਂ ਦਾ ਨਾਮ ਖਾਸ ਕਰਕੇ ਵਰਨਣ ਯੋਗ ਹੈ ਇਕ ਤਾਂ ਉਸ ਵੇਲੇ ਦੇਸ ਤੋਂ ਆਏ ਹੋਏ ਗਿਆਨੀ ਪ੍ਰੀਤਮ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਦੇ ਗ੍ਰੰਥੀ ਸਨ ਤੇ ਉਨ੍ਹਾਂ ਦੇ ਨਾਲ ਬੈਂਕੋਕ ਦੇ ਰਹਿਣ ਵਾਲੇ ਸ: ਰਾਮ ਸਿੰਘ ਕਾਲੜਾ ਤੇ ਉਸ ਦੇ ਦੋਵੇਂ ਭਰਾ, ਸ: ਸਰਦਾਰ ਸਿੰਘ ਸਚਦੇਵ ਤੇ ਉਹਦਾ ਪਰਵਾਰ, ਸ: ਸੰਤ ਸਿੰਘ ਮਨਚੰਦਾ ਤੇ ਕੁਝ ਕੁ ਹੋਰ ਸਰੀਰ ਸਨ ਜੋ ਏਹਨਾਂ ਦਾ ਸਾਥ ਦੇਂਦੇ ਸਨ ਸੋ ਏਹਨਾਂ ਨੇ ਹੌਲੇ ਹੌਲੇ ਪਰਚਾਰ ਕਰਕੇ ਇਹ ਪਾਸ ਕਰਵਾ ਲਿਆ ਜੋ ਸ੍ਰੀ ਸਤਿਗੁਰੂ ਜੀ ਦੇ ਬੈਂਕੋਕ ਦਰਸ਼ਨ ਦੇਨ ਸਮੇਂ ਕੋਈ ਵੀ ਸ੍ਰੀ ਗੁਰੂ ਸਿੰਘ ਸਭਾ ਦੀ ਸੰਗਤ ਦਾ ਮੈਂਬਰ ਦੀਵਾਨ ਵਿਚ ਜਾ ਕੇ ਮੱਥਾ ਨਾ ਟੇਕੇ ਅਤੇ ਨਾ ਹੀ ਕੋਈ ਆਪਨੇ ਘਰ ਉਹਨਾਂ ਦੇ ਚਰਨ ਪਵਾਏ ।

ਏਧਰ ਨਾਮਧਾਰੀ ਸੰਗਤ ਵਿਚ ਚਾਉ ਤੇ ਖੁਸ਼ੀਆਂ ਛਾਈਆਂ ਹੋਈਆਂ ਸਨ । ਜਦ ਦੇਸ ਤੋਂ ਆਈ ਤਾਰ ਰਾਹੀਂ ਏਹ ਖਬਰ ਮਿਲੀ ਜੋ ਗ੍ਰੀਬ ਨਿਵਾਜ਼ ਜੀ, ਪੂਜਯ ਮਾਤਾ ਜੀਵਨ ਕੌਰ ਜੀ, ਹਜ਼ੂਰੀ ਸੇਵਕ ਸੰਤ ਬਹਾਦਰ ਸਿੰਘ ਜੀ, ਸੰਤ ਵਜ਼ੀਰ ਸਿੰਘ ਜੀ ਸੰਤ ਮੋਹਕਮ ਸਿੰਘ ਜੀ, ਸੰਤ ਰਲਾ ਸਿੰਘ ਜੀ, ਸੰਤ ਗਿਆਨ ਸਿੰਘ, ਸੰਤ ਪਿਆਰਾ ਸਿੰਘ ਸੰਤ ਸਰਦਾਰਾ ਸਿੰਘ ਵੈਦ, ਹਜ਼ੂਰੀ ਰਾਗੀ ਕੀਰਤਨੀਏ ਤੇ ਪਰਚਾਰਕ, ਸੰਤ ਨਿਧਾਨ ਸਿੰਘ ਜੀ "ਆਲਿਮ" ਸੰਤ ਇੰਦਰ ਸਿੰਘ ਜੀ ਚੱਕ੍ਰਵਰਤੀ, ਸੰਤ ਦਰਸ਼ਨ ਸਿੰਘ, ਸੰਤ ਖਜ਼ਾਨ ਸਿੰਘ ਜੀ, ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ ਜੱਥੇਦਾਰ ਫੌਜ ਸਿੰਘ ਜੀ, ਮਹੰਤ ਇੰਦਰ ਸਿੰਘ ਜੀ ਢੋਲਕਈਏ ਸੰਤ ਪ੍ਰੀਤਮ ਸਿੰਘ ਜੀ ਚੇਲੇਕੇ, ਸੇਠ ਦਿਆਲ ਸਿੰਘ ਜੀ, ਸੇਠ ਨਰੈਣ ਸਿੰਘ ਜੀ ਅਤੇ ਸੇਠ ਅਜੀਤ ਸਿੰਘ ਜੀ ਆਦਿਕ ਕੁਲ ਬਾਈ ਸਰੀਰ ੧੧ ਮੱਘਰ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਤੋਂ ਰਵਾਨਾ ਹੋਏ ਹਨ । ਰਸਤੇ ਵਿਚ ਸ੍ਰੀ ਸਤਿਗੁਰੂ ਜੀ ਬਰੇਲੀ, ਲਖਨਊ ਦੀ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਪਰਾਗਰਾਜ ਇਲਾਹਾਬਾਦ ਦਰਸ਼ਨ ਦਿਤੇ ਤੇ ਉਥੋਂ ਪਟਨੇ ਦੀ ਸੰਗਤ ਨੂੰ ਤਾਰਦੇ ਖੜਗਪੁਰ ਤੋਂ ਹੁੰਦੇ ਕਲੱਕਤੇ ਪੁਜੇ । ਕਲੱਕਤੇ ਬਹੁਤ ਦਿਨ ਤਿਆਰੀ ਵਿਚ ਲੰਘੇ । ਕੀਰਤਨ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦਵਾਰੇ ਕੀਤੇ । ਸਿਖਾਂ ਦੇ ਆਪਸ ਵਿਚ ਪਏ ਮਤਭੇਦ ਝਗੜੇ ਦੂਰ ਕਰਵਾਏ ਪਰਸਪਰ ਮੇਲ ਮਿਲਾਪ ਕਰਵਾ ਕੇ ੮ ਮੱਘਰ ਨੂੰ ਕਲਕੱਤੇ ਤੋਂ ਪਾਨੀ ਵਾਲੇ ਜਹਾਜ਼ ਵਿਚ ਰੰਗੂਨ ਲਈ ਰਵਾਨਾ ਹੋਏ ਤੇ ਇਸ ਕਰਕੇ ਤਿੰਨ



Sri Satguru Jagjit Singh Ji Elibrary NamdhariElibrary@gmail.com

ਰਾਤਾਂ ਰਸਤੇ ਵਿਚ ਜਹਾਜ਼ ਤੇ ਰਹਿਨ ਤੋਂ ਬਾਦ ਚੌਥੇ ਦਿਨ ਰੰਗੂਨ ਪਹੁੰਚੇ। ਉਥੋਂ ਮਾਂਡਲੇ ਜਾਕੇ ਫਿਰ ਰੰਗੂਨ ਵਾਪਸ ਆਕੇ ਕਈਆਂ ਸਰੀਰਾਂ ਦੇ ਰਾਹਦਾਰੀ ਦੇ ਕਾਗਜ਼ ਬਨਵਾਏ ਜੋ ਕਿ ਪਹਿਲਾਂ ਤਿਆਰ ਨਹੀਂ ਸਨ ਉਥੋਂ ਥਜ਼ੀ, ਟੌਂਜੀ, ਲੋਲਮ ਤੇ ਚੇਟੇ ਵਿਖੇ ਰਹਿੰਦੇ ਸਿਖਾਂ (ਗੈਰ-ਨਾਮਧਾਰੀ) ਨੂੰ ਦਰਸ਼ਨ ਦੇਂਦੇ ਰਸਤੇ ਵਿਚ ਕੀਰਤਨ ਕਰਦੇ ਖੁਸ਼ੀ ਦੇ ਰਸਤੇ ਬੱਸਾਂ ਰਾਹੀ (ਜੋ ਕਿ ਲੱਕੜ ਦੇ ਮੰਜ਼ਾਂ ਦੀਆਂ ਕੁਰਸੀਆਂ ਦੀਆਂ ਸਨ) ਸਫਰ ਕਰਦੇ ਤਕਰੀਬਨ ਰਸਤੇ ਵਿਚ ੬-੭ ਦਿਨ ਦਾ ਸਫਰ ਪਹਾੜਾਂ ਵਿਚੋਂ ਤੇ ਜੰਗਲਾਂ ਵਿਚੋਂ ਲੰਘਦੇ ਹੋਏ ਸਿਆਮ ਦੀ ਸਰਹੱਦ ਮੇਸਾਏ ਵਿਖੇ ੪ ਯਾ ੫ ਜਨਵਰੀ ੧੯੩੪ ਨੂੰ ਪਹੁੰਚੇ। ਰਸਤੇ ਦੀ ਵਾਕਫੀਅਤ ਲਈ ਬੈਂਕੋਕ ਦੀ ਸਾਧਸੰਗਤ ਨੇ ਪਹਿਲਾਂ ਹੀ ਸੰਤ ਖੜਕ ਸਿੰਘ ਜੀ ਸੇਖਵਾਂ ਵਾਲੇ ਜੋ ਕਿ ਸੰਤ ਟੇਹਲ ਸਿੰਘ ਦੇ ਸਪੁਤਰ ਸਨ ਤੇ ਇਨ੍ਹਾਂ ਰਸਤਿਆਂ ਦੇ ਵਾਕਫ ਸਨ ਰੰਗੂਨ ਜਾ ਕੇ ਸਤਿਗੁਰੂ ਜੀ ਤੇ ਹਜ਼ੂਰੀ ਸੇਵਕਾਂ ਦੇ ਦਰਸ਼ਨ ਕੀਤੇ ਤੇ ਇਸ ਰਸਤੇ ਦੀ ਅਗਵਾਈ ਕਰਦਿਆਂ ਨਾਲ ਆਏ ਤੇ ਕੋਈ ਸਰੀਰ ਚੰਗਮਈ ਤੋਂ ਵੀ ਬਰਮਾਂ ਦੇ ਸ਼ਹਿਰ ਚੇਟੇ ਪਹੁੰਚ ਤੇ ਨਾਲ ਹੀ ਵਾਪਸ ਆਏ। ਜਿੰਨਾਂ ਬੱਸਾਂ ਤੇ ਸ੍ਰੀ ਸਤਿਗੁਰੂ ਜੀ ਤੇ ਹਜ਼ੂਰੀ ਜੱਥੇ ਨੇ ਸਫਰ ਕੀਤਾ ਇਹ ਇਕ ਖੁਲੇ ਸਿਖ ਸ: ਮੱਖਨ ਸਿੰਘ ਦੀਆਂ ਸਨ ਰਸਤੇ ਵਿਚ ਬਰਮਾਂ ਦੀਆਂ ਪਹਾੜੀਆਂ ਵਿਚ ਇਕ ਨਦੀ ਆਉਂਦੀ ਹੈ ਜਿਸ ਉਤੇ ਇਕ ਲੱਕੜ ਦਾ ਪੁਲ਼ ਬਣਿਆ ਹੋਇਆ ਹੈ ਤੇ ਇਸ ਤੋਂ ਹੋ ਕੇ ਬੱਸਾਂ ਪਾਰ ਦੂਜੇ ਪਾਸੇ ਜਾਂਦੀਆਂ ਸਨ ਤਾਂ ਜਦ ਉਸ ਪੁਲ ਤੇ ਪਹੁੰਚੇ ਤਾਂ ਡਰਾਈਵਰ ਕਹਿਨ ਲੱਗੇ ਕਿ ਇਸ ਪੁਲ ਤੋਂ ਪਾਰ ਹੋਨਾ ਖਤਰਾ ਮੁਲ ਲੈਣਾ ਹੈ ਕਿਉਂਕਿ ਇਹ ਭਾਰ ਤੇ ਨਾਲ ਡਿੱਗ ਟੁੱਟ ਜਾਏਗਾ। ਗ੍ਰੀਬ-ਨਿਵਾਜ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਬੱਸ ਤੋਂ ਉਤਰ ਕੇ ਪੈਦਲ ਪੁਲ ਪਾਰ ਕੀਤਾ ਤੇ ਡਰਾਈਵਰਾਂ ਨੂੰ ਕਿਹਾ ਕਿ ਸਹਿਜੇ, ਸਹਿਜੇ ਗੱਡੀਆਂ ਚਲਾ ਕੇ ਪਾਰ ਹੋ ਜਾਵੋ ਸੋ ਪਹਿਲੀ ਬੱਸ ਲੰਘ ਜਾਨ ਤੇ ਦੂਜੀ ਬੱਸ ਵੀ ਲੰਘ ਗਈ ਤੇ ਪਾਰ ਪਹੁੰਚਨ ਤੋਂ ਬਾਦ ਇਹ ਪੁਲ ਟੁੱਟ ਕੇ ਨਦੀਂ ਵਿਚ ਜਾ ਪਿਆ।

ਇਹ ਉਪਰ ਲਿਖੀ ਘਟਨਾ ਜਦ ਬੱਸਾਂ ਦੇ ਮਾਲਿਕ ਸ: ਮੱਖਨ ਸਿੰਘ ਨੇ ਵੇਖੀ ਤਾਂ ਚਰਨਾਂ ਤੇ ਢਹਿ ਪਿਆ ਤੇ ਕਹਿਨ ਲੱਗਾ ਕਿ ਜੇ ਕਰ ਪੁਲ ਉਡੀਕਨਾ ਪੈਂਦਾ ਤਾਂ ਦੋ



ਤਿੰਨ ਦਿਨ ਏਥੇ ਹੋਰ ਦੂਸਰੇ ਪਾਸੇ ਦੀਆਂ ਬੱਸਾਂ ਲਈ ਉਡੀਕਨਾ ਪੈਂਦਾ ਸੋ ਇਹੋ ਜਹੇ ਕੌਤਕ ਕਰਕੇ ਗ੍ਰੀਬ-ਨਿਵਾਜ਼ ਜੀ ਸਿਆਮ ਦੀ ਧਰਤੀ ਨੂੰ ਭਾਗ ਲਾਇਆ। (ਖਾਸ ਨੋਟ : ਇਹ ਉਪਰ ਲਿਖੀਆਂ ਘਟਨਾਵਾਂ ਕੁਝ "ਜਸ-ਜੀਵਨ" ਵਿਚੋਂ ਤੇ ਕੁਝ ਬਜ਼ੁਰਗਾਂ ਪਾਸੋਂ ਉਸ ਵੇਲੇ ਦੀਆਂ ਸੁਣੀਆਂ ਲਿਖੀਆਂ ਸਨ ਤੇ ਕੁਝ ਉਸ ਵੇਲੇ ਦੀਆਂ ਅਪਣੀ ਯਾਦਾਸ਼ਤ ਅਨੁਸਾਰ ਹਨ)

ਸ੍ਰੀ ਸਤਿਗੁਰੂ ਜੀ ਮੇਸਾਏ ਤੋਂ ਚੰਗਰਈ ਸ਼ਹਿਰ ਥੀਂ ਲੰਘਦੇ ਲੰਪਾਙ ਸ਼ਹਿਰ ਲਈ ਰਵਾਨਾ ਹੋਏ। ਇਹ ਸਿਆਮ ਦੇਸ਼ ਵਿਚ ਰਹਿੰਦੇ ਨਾਮਧਾਰੀਆਂ ਦਾ ਪਹਿਲਾ ਪੜਾਉ ਸੀ ਤੇ ਇਥੇ ਵੀ ਰਹਿੰਦੇ ਸਿਖਾਂ ਨੇ ਸਵਾਗਤ ਲਈ ਜਲੂਸ ਦੀ ਤਿਆਰੀ ਕੀਤੀ ਹੋਈ ਸੀ। ਜਦ ਬੱਸਾਂ ਸ਼ਹਿਰ ਦੀ ਹੱਦ ਤੇ ਪਹੁੰਚੀਆਂ ਤਾਂ ਉਥੋਂ ਕਾਰਾਂ ਤੇ ਬੱਘੀਆਂ ਨਾਲ ਜਲੂਸ ਦੀ ਸ਼ਕਲ ਵਿਚ ਸ੍ਰੀ ਸਤਿਗੁਰੂ ਜੀ ਧਰਮਸਾਲਾ ਲੰਪਾਙ ਲਈ ਰਵਾਨਾ ਹੋਏ ਤੇ ਇਸ ਜਲੂਸ ਦੇ ਅੱਗੇ ਸੰਤ ਹਰਨਾਮ ਸਿੰਘ ਖਾਨੀ ਜੋ (ਸ਼: ਨਰਿੰਦਰ ਸਿੰਘ ਦੇ ਪਿਤਾ) ਪੈਰਾਂ ਵਿਚ



Sri Satguru Jagjit Singh Ji Elibrary NamdhariElibrary@gmail.com

ਘੁੰਗਰੂ ਬੰਨ ਕੇ ਨਿਰਤ-ਕਾਰੀ ਕਰਦੇ ਜਲੂਸ ਦੇ ਅੱਗੇ ਅੱਗੇ ਧਰਮਸਾਲਾ ਪਹੁੰਚੇ। ਲੰਪਙ ਸ਼ਹਿਰ ਦੇ ਥਾਈ ਲੋਕ ਇਹ ਦ੍ਰਿਸ਼ਯ ਵੇਖ ਕੇ ਹੈਰਾਨ ਹੋ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਸੀਸ ਉਤੇ ਛੱਤਰ ਝੂਲ ਰਿਹਾ ਸੀ। ਇਸ ਜਲੂਸ ਦੀਆਂ ਫੋਟੋ ਕਿਸੇ ਪਾਸ ਪਈਆਂ ਪੁਰਾਨੀਆਂ ਸ਼ਾਇਦ ! ਹੋਵਨਗੀਆਂ। ਇਥੇ ਥੋੜੇ ਘਰ ਹੋਨ ਕਰਕੇ ਸ੍ਰੀ ਸਤਿਗੁਰੂ ਜੀ ਇਥੇ ਦੋ ਦੀਵਾਨ ਲਾਏ ਤੇ ਦੂਜੇ ਦਿਨ ਗੱਡੀ ਤੇ ਚੰਗਮਈ ਲਈ ਰਵਾਨਾ ਹੋਏ ਜੋ ਉੱਤਰ ਵਲ ਇਕ ਸਿਆਮ ਦਾ ਮਸ਼ਹੂਰ ਸ਼ਹਿਰ ਹੈ।

ਇਥੇ ਸਟੇਸ਼ਨ ਚੰਗਮਈ ਸ਼ਹਿਰ ਵਿਖੇ ਗੱਡੀ ਦੇ ਪਹੁੰਚਨ ਤੇ ਸੰਗਤ ਨੇ ਜੈਕਾਰਿਆਂ ਨਾਲ ਸਵਾਗਤ ਕੀਤਾ ਤੇ ਜਲੂਸ ਦੀ ਸ਼ਕਲ ਵਿਚ ਧਰਮਸਾਲਾ ਨਾਮਧਾਰੀ ਚੰਗਮਈ ਵਲ ਰਵਾਨਾ ਹੋਏ। ਸ੍ਰੀ ਸਤਿਗੁਰੂ ਜੀ ਦੀ ਕਾਰ ਦੇ ਅੱਗੇ ਥਾਈ ਬੈਂਡ ਵਾਜਾ ਵੱਜ ਰਿਹਾ ਸੀ (ਇਸ ਜਲੂਸ ਦੀਆਂ ਫੋਟੋ ਅਜੇ ਵੀ ਚੰਗਮਈ ਰਹਿੰਦੇ ਪੁਰਾਣੇ ਸਿਖਾਂ ਪਾਸ ਪਈਆਂ ਹੋਈਆਂ ਹਨ) ਇਹ ਸਿਆਮ ਦਾ ਮਸ਼ਹੂਰ ਸ਼ਹਿਰ ਹੋਨ ਤੇ ਇਥੇ ਹਿੰਦ ਵਾਸੀਆਂ ਦੀ ਕਾਫੀ ਵੱਸੋਂ ਹੈ। ਜਿਅ ਦਾ ਤਰ ਹਜ਼ੂਰੋਂ ਸਾਹਿਬ ਦੇ ਇਲਾਕੇ ਦੇ ਹਿੰਦੂ ਵੀਰ ਵਸਦੇ ਹਨ ਤੇ ਨਾਮਧਾਰੀ ਸਿਖਾਂ ਤੋਂ ਇਲਾਵਾ ਹੋਰਨਾਂ ਸਿੱਖਾਂ ਵੀ ਏਥੇ ਵਪਾਰ ਲਈ ਦੁਕਾਨਾਂ ਖੋਲੀਆਂ ਹੋਈਆਂ ਹਨ। ਇਹ ਜਲੂਸ ਸ਼ਹਿਰ ਦੀਆਂ ਸੜਕਾਂ ਤੋਂ ਲੰਘਦਾ ਧਰਮਸਾਲਾ ਪਹੁੰਚਾ ਤੇ ਸੰਗਤ ਨੇ ਸ੍ਰੀ ਸਤਿਗੁਰੂ ਜੀ ਪ੍ਰਤੀ ਅਤੇ ਹਜ਼ੂਰੀ ਸੇਵਕਾਂ ਨੂੰ 'ਜੀਓ ਆਇਆਂ' ਆਖਨ ਹਿੱਤ ਦੀਵਾਨ ਸਜਾਇਆ ਹੋਇਆ ਸੀ। ਗ੍ਰੀਬ-ਨਿਵਾਜ਼ ਜੀ ਆਪਣੇ ਨਿਯਮ ਅਨੁਸਾਰ ਅੰਮਰਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਵਿਚ ਤੇ ਸ਼ਾਮ ਦੇ ਕੀਰਤਨ ਵਿਚ ਸੰਗਤਾਂ ਨੂੰ ਦਰਸ਼ਨ ਦੇਂਦੇ ਤੇ ਨਾਮਧਾਰੀ ਸਿਖਾਂ ਤੋਂ ਬਿਨਾਂ ਦੂਜੇ ਵੀਰ ਵੀ ਆਕੇ ਦਰਸ਼ਨ ਕਰਦੇ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਪਰਭਾਵ ਇਕ ਅਰਬ ਵਾਸੀ ਮੁਸਲਮਾਨ ਜਿਸ ਨੂੰ 'ਅਰਬ ਸਾਹਿਬ' ਕਹਿਕੇ ਬੁਲਾਇਆ ਜਾਂਦਾ ਸੀ ਦੇ ਦਿਲ ਤੇ ਇਤਨਾ ਪਿਆ ਜੋ ਉਹ ਦੋ ਵੇਲੇ ਆਨਕੇ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸਦਾ ਤੇ ਉਸ ਨੇ ਅਪਨੇ ਮਨ ਵਿਚ ਇਹ ਧਾਰਨ ਕੀਤਾ ਕਿ "ਜੇ ਇਹ ਸੱਚਾ ਪੀਰ ਹੈ ਤਾਂ ਮੇਰੇ ਦਿਲ ਦੀ ਜਾਨ ਕੇ ਮੈਨੂੰ ਗਲ-ਵਕੜੀ ਵਿਚ ਲੈ ਕੇ ਛਾਤੀ ਨਾਲ ਲਾਏ" ਇਹ ਭਾਵਨਾ ਲੈ ਕੇ ਜਦ ਉਹ ਸ਼ਟੇਸ਼ਨ ਤੇ ਸ੍ਰੀ ਸਤਿਗੁਰੂ ਜੀ ਨੂੰ ਵਿਦਾ ਕਰਨ ਲਈ ਪਹੁੰਚਾ (ਨੋਟ : ਇਹ ਜਨਵਰੀ ਦੀ ੯ ਤਰੀਖ ਦਾ ਦਿਨ ਮੰਗਲਵਾਰ ਦਾ ਸੀ ਤੇ ਸ੍ਰੀ ਹਜ਼ੂਰ ਜੀਓ ਬੰਕ੍ਰੋਕ ਦੀ ਸੰਗਤ ਨੂੰ ਦਰਸ਼ਨ ਦੇਨ ਲਈ ਗੱਡੀ ਤੇ ਤਿਆਰੀ ਕੀਤੀ ਹੋਈ ਸੀ) ਸ੍ਰੀ ਸਤਿਗੁਰੂ ਜੀ ਪਲੇਟ ਫਾਰਮ ਤੇ ਇਕ ਕੁਰਸੀ ਤੇ ਬਿਰਾਜਮਾਨ ਸਨ। ਸੰਗਤ ਚਰਨਾਂ ਤੇ ਆ ਕੇ ਨਮਸ਼ਕਾਰ ਕਰਦੀ। ਗ੍ਰੀਬ-ਨਿਵਾਜ ਜੀ ਦੇ ਪਾਸ ਬੈਠੀ ਸੋਭਾ ਪਾ ਰਹੀ ਸੀ ਤਾਂ ਅਰਬ-ਸਾਹਿਬ ਦੇ ਆਉਨ ਤੇ ਗ੍ਰੀਬ ਨਿਵਾਜ ਜੀ ਨੇ ਭਾਈ ਵਜ਼ੀਰ ਸਿੰਘ ਜੀ ਨੂੰ ਚਾਦਰ ਲਿਆਉਨ ਦਾ ਹੁਕਮ ਕੀਤਾ ਤੇ ਚਾਦਰ ਆਪਨੇ ਸਰੀਰ ਤੇ ਓਢ ਕੇ ਅਰਬ ਨੂੰ ਸੰਬੋਧਨ ਕਰਕੇ ਕਹਿਨ ਲੱਗੇ "ਆਓ ਅਰਬ ਸਾਹਿਬ, ਆਪਨੀ ਮਨ ਦੀ ਆਸ਼ਾ ਪੂਰੀ ਕਰ ਲਵੋ" ਤੇ ਉਸ ਨੂੰ ਗਲ-ਵਕੜੀ ਵਿਚ ਲੈ ਲਿਆ। ਇਹ ਦ੍ਰਿਸ਼ਯ ਜਿੰਨਾਂ ਨੇ ਅੱਖੀਂ ਡਿਠਾ ਹੈ ਉਨਾਂ ਪਾਸੋਂ ਸੁਣ ਕੇ ਲਿਖਿਆ ਹੈ।

ਸ੍ਰੀ ਸਤਿਗੁਰੂ ਜੀ ਚੰਗਮਈ ਤੋਂ ਗੱਡੀ ਤੇ ਬੰਕੌਕ ਲਈ ਸਵੇਰੇ ੧੦ ਵਜੇ ਰਵਾਨਾ ਹੋਏ ਤੇ ਦੂਜੇ ਦਿਨ ਇਹ ਗੱਡੀ ਸਵੇਰੇ ੮ ਵਜੇ ਬੰਕੌਕ ਪਹੁੰਚਨੀ ਸੀ। ਬਣੇ ਹੋਏ ਪ੍ਰੋਗਰਾਮ ਅਨੁਸਾਰ ਮਾਤਾ ਜੀਵਨ ਕੌਰ ਜੀ ਤੇ ਕੁਝ ਸੇਵਕ (ਨਾਮ ਯਾਦ ਨਹੀਂ) ਸਿਧਾ ਬੰਕੌਕ ਸਟੇਸ਼ਨ ਤੇ ਪਹੁੰਚ ਗਏ ਪ੍ਰੰਤੂ ਸ੍ਰੀ ਸਤਿਗੁਰੂ ਜੀ ਤੇ ਨਾਲ ਆਇਆ ਹਜ਼ੂਰੀ ਜੱਥ ਬੰਕੌਕ ਤੋਂ ਪਿਛਾਂਹ ਇਕ ਸਟੇਸ਼ਨ ਖਲੌਙ ਰੱਙਸੀਟ ਜੋ ਬੰਕੌਕ ਤੋਂ ੩੪ ਕਿਲੋ-ਮੀਟਰ ਦੀ ਦੂਰੀ ਤੇ ਹੈ। ਉਥੇ ਉੱਤਰ ਕੇ ਪੜਾਉ ਕੀਤਾ ਦੁਪਹਿਰ ਦਾ ਲੰਗਰ ਉਥੇ ਹੀ ਬਨਾਕੇ ਛਕਿਆ ਤੇ ਬਨਏ ਹੋਏ ਪ੍ਰੋਗਰਾਮ ਅਨੁਸਾਰ ਇਕ ਸਪੈਸ਼ਲ ਗੱਡੀ ਰਾਹੀਂ ਉਥੋਂ ਹਜ਼ੂਰੀ ਜੱਥੇ ਸਹਿਤ ਰਵਾਨਾ ਹੋਏ ਜਿਸ ਨਾਲ ਕੇਵਲ ਇੰਜਨ ਤੋਂ ਬਿਨਾਂ ਦੋ ਹੀ ਡੱਬੇ ਲਗੇ ਹੋਏ ਸਨ। ਇਕ ਡੱਬਾ ਪਹਿਲੇ ਦਰਜੇ ਦਾ ਤੇ ਦੂਜਾ ਡੱਬਾ ਤੀਸਰੇ ਦਰਜੇ ਦਾ ਸੀ ਇਹ ਰਸਤੇ ਵਿਚ ਬਿਨਾਂ ਕਿਸੇ ਸਟੇਸ਼ਨ ਤੇ ਰੁਕਿਆਂ ਸਿੱਧਾ ਬੰਕੌਕ ਦੇ ਰੇਲਵੇ ਸਟੇਸ਼ਨ ਹੁਆ ਲੰਫੋਙ ਪੂਰੇ ਦੋ ਵਜੇ ਆਨ ਪਹੁੰਚਾ। ਸ੍ਰੀ ਸਤਿਗੁਰੂ ਜੀ ਦੇ ਸਵਾਗਤ ਲਈ ਬੰਕੌਕ ਰਹਿੰਦੇ ਨਾਮਧਾਰੀ ਵੀਰਾਂ ਨੇ ਸਰਕਾਰੀ ਤੌਰ ਤੇ ਕਈ ਸਹੂਲਤਾਂ ਪ੍ਰਾਪਤ ਕੀਤੀਆਂ ਹੋਈਆਂ ਸਨ ਪਹਿਲੀ ਇਹ ਜੋ ਰੇਲਵੇ ਸਟੇਸ਼ਨ ਦਾ ਪਲੇਟ ਫਾਰਮ ਉਸ ਵੇਲੇ ਕੇਵਲ ਭਾਰਤੀਆਂ ਲਈ ਜਾਂ ਖਾਸ ਸਰਕਾਰੀ ਕਰਮ ਚਾਰੀਆਂ ਲਈ ਰੀਜ਼ਰਵ ਸੀ। ਗੱਡੀ ਦੇ ਖੜਾ ਹੋਨ ਦੀ ਥਾਂ ਤੋਂ ਲੈ ਕੇ ਬਾਹਰ



Sri Satguru Jagjit Singh Ji Elibrary NamdhariElibrary@gmail.com

ਆਉਣ ਤਕ ਲਾਲ ਗਲੀਚਾ (Red carpet) ਸ੍ਰੀ ਸਤਿਗੁਰੂ ਜੀ ਦੇ ਲਈ ਵਿਛਾਇਆ ਗਿਆ ਸੀ ਤੇ ਸਟੇਸ਼ਨ ਤੇ ਸ੍ਰੀ ਸਤਿਗੁਰੂ ਜੀ ਲਈ ਇਕ ਖਾਸ ਕੁਰਸੀ ਦਾ ਇੰਤਜ਼ਾਮ ਕੀਤਾ ਗਿਆ ਸੀ ਜਿਸ ਤੇ ਬਿਰਾਜਮਾਨ ਹੋਨ ਤੇ ਸਭ ਸੰਗਤ ਨੇ ਚਰਨਾਂ ਤੇ ਨਮਸਕਾਰ ਕਰਨੀ ਸੀ। ਗੱਡੀ ਖੜੀ ਹੋਨ ਤੇ ਸਵਾਗਤੀ ਕੁਰਸੀ ਤਕ ਛੋਟੇ ਬੱਚਿਆਂ ਨੌਜਵਾਨਾਂ ਦੀ ਕਤਾਰ ਦੋਹੀਂ ਪਾਸੀਂ ਬਨੀ ਹੋਈ ਸੀ ਜੋ ਇਕੋ ਵਰਦੀ ਵਿੱਚ (ਸਫੈਦ ਕੁੜਤੇ ਪਜਾਮੇ ਤੇ ਸਿਧੀ ਦਸਤਾਰ) ਖੜੇ ਸ਼ੋਭਾ ਪਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦਾ ਮੁਸਕਰਾਂਦਾ ਹੱਸੂ ਹੱਸੂ ਕਰਦਾ ਚੇਹਰਾ ਗੱਡੀ ਦੀ ਬਾਰੀ ਦਿੱਸਿਆ, ਦਿਲਾਂ ਵਿਚ ਝਰਨਾਟ ਛਿੜ ਪਈ, ਗ੍ਰੀਬ ਨਿਵਾਜ਼ ਜੀ ਦੇ ਗੱਡੀ ਤੋਂ ਬਾਹਰ ਆਉਣ ਤੇ ਦਰਸ਼ਨ ਕਰਦਿਆਂ ਪਹਿਲਾ ਜੈਕਾਰਾ ਸੰਤ ਈਸ਼ਰ ਸਿੰਘ ਜੀ ਖਨਚੰਦਾ ਨੇ ਬੜੇ ਪ੍ਰੇਮ ਨਾਲ ਗਜਾਇਆ। ਸ੍ਰੀ ਸਤਿਗੁਰੂ ਜੀ ਬਨੇ ਪ੍ਰੋਗਰਾਮ ਅਨੁਸਾਰ ਕੁਰਸੀ ਤੇ ਬਿਰਾਜਮਾਨ ਹੋਏ ਸਭ ਸੰਗਤ ਨੇ ਵਾਰੋ ਵਾਰੀ ਚਰਨ ਪਰਸ ਕੇ ਨਮਸ਼ਕਾਰ ਕੀਤੀ। ਇਥੇ ਗੱਲ ਖਾਸ ਵਰਨਣ ਯੋਗ ਹੈ ਜੋ ਮਾਈਆਂ ਦੀ ਸੰਗਤ ਸਟੇਸ਼ਨ ਤੇ ਨਹੀਂ ਸੀ ਪਹੁੰਚੀ ਕਿਉਂਕਿ ਸ੍ਰੀ ਸਤਿਗੁਰੂ ਜੀ ਬਣੇ ਪ੍ਰੋਗਰਾਮ ਅਨੁਸਾਰ ਜਲੂਸ ਦੀ ਸ਼ਕਲ ਵਿਚ ਉਨਾਂ ਸਭ ਘਰਾਂ ਵਿਚ ਦਰਸ਼ਨ ਦੇਨ ਦਾ ਬਣਾਇਆ ਹੋਇਆ ਸੀ। ਨਾਮਧਾਰੀ ਸ਼੍ਰੇਣੀ ਤੋਂ ਬਿਨਾ ਸ੍ਰੀ ਗੁਰੂ ਸਿੰਘ ਸਭਾ ਦੇ ਮੈਂਬਰ ਜਿਥੇ ਨਾਮਧਾਰੀ ਪਰਵਾਰ ਵਸਦੇ ਸਨ। ਸਿਖ, ਪਰਧਾਨ ਸਹਿਤ ਹਿੰਦੂ ਸਭਾ, ਸਨਾਤਨ ਧਰਮ ਸਭਾ, ਆਰੀਯਾ ਸਮਾਜ, ਜਮੀਤ-ਉਲ-ਇਸਲਾਮ ਅਤੇ ਇੰਡੀਅਨ ਚੈਂਬਰ ਆਫ ਕਾਮਰਸ ਦੇ ਪਰਧਾਨ ਅਪਨੇ ਮੈਂਬਰਾਂ ਸਹਿਤ ਵੀ ਸਵਾਗਤ ਲਈ ਸਟੇਸ਼ਨ ਤੇ ਪਹੁੰਚੇ ਹੋਏ ਸਨ ਤੇ ਸਭ ਨੇ ਸੇਠ ਮੋਹਰ ਸਿੰਘ ਜੀ (ਸੂਬਾ ਨਾਮਧਾਰੀ ਸੰਗਤ) ਤੋਂ ਬਾਦ ਨਮਸ਼ਕਾਰਾਂ ਕਰਕੇ ਗ੍ਰੀਬ-ਨਿਵਾਜ਼ ਜੀ ਦੇ ਗਲੇ ਵਿਚ ਪੁਸ਼ਪ-ਹਾਰ ਪਹਿਨਾਏ। ਅਖਬਾਰਾਂ ਵਾਲਿਆਂ ਤੇ ਤਸਵੀਰਾਂ ਲਾਹੀਆਂ ਤੇ ਸਟੇਸ਼ਨ ਤੋਂ ਬਾਹਰ ਆਨ ਕੇ ਸ੍ਰੀ ਸਤਿਗੁਰੂ ਜੀ ਇਕ ਖੁਲੀ ਕਾਰ ਵਿਚ ਬਿਰਾਜਮਾਨ ਹੋਏ।

ਇਸ ਤੋਂ ਪਹਿਲਾਂ ਸੇਠ ਮੋਹਰ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਪ੍ਰਤੀ ਇਕ ਸੁੰਦਰ ਚੋਗਾ ਰੇਸ਼ਮੀ ਤਿਆਰ ਕੀਤਾ ਹੋਇਆ ਭੇਟ ਕੀਤਾ ਜੋ ਗ੍ਰੀਬ-ਨਿਵਾਜ਼ ਜੀ ਉਸੇ ਵੇਲੇ ਪਹਿਨ ਕੇ ਸਿਖਾਂ ਦੀ ਖੁਸ਼ੀ ਨੂੰ ਪਰਵਾਨ ਕੀਤਾ ਤੇ ਸਟੇਸ਼ਨ ਤੋਂ ਇਕ ਬਹੁਤ ਵੱਡੇ ਜਲੂਸ ਦੀ ਸ਼ਕਲ ਵਿਚ ਪੂਰੀਆਂ ਇਕ ਸੌ ਮੋਟਰਾਂ ਤੇ ਟਰੱਕ ਆਦਿਕ ਸਨ ਬੈਂਡ ਵਾਜੇ ਦੀ ਅਗਵਾਈ ਹੇਠ ਜੱਥੇਦਾਰਾਂ ਦੇ ਵੱਖੋ ਵੱਖ ਜੱਥਿਆਂ ਦੇ ਕੀਰਤਨੀਆਂ ਨਾਲ ਬੈਂਕੋਕ ਦਿਆਂ ਬਜ਼ਾਰਾਂ ਥੀਂ ਹੁੰਦਾ ਹੋਇਆ ਇਸ ਪਰਕਾਰ ਰਵਾਨਾ ਹੋਇਆ ਜਿਸਦੀ ਸੋਭਾ ਅਕਥਨੀਯ ਹੈ ਉਸ ਵੇਲੇ ਕਿਸੇ ਨਾਮਧਾਰੀ ਵੀਰ ਨੂੰ ਕਾਰ ਦੀ ਡਰਾਈਵਿੰਗ (Driving) ਕਰਨ ਦੀ ਜਾਚ ਨਹੀਂ ਸੀ ਤੇ ਇਸ ਲਈ ਇਕ ਫਿਲੌਕਿਆਂ ਦੇ ਸਿਖ ਸ: ਸਰਦੂਲ ਸਿੰਘ ਨਰੂਲਾ ਸਪੁਤਰ ਸ: ਇੰਦਰ ਸਿੰਘ ਨਰੂਲਾ ਦੀ ਸੇਵਾ ਲਾਈ ਗਈ। ਜਲੂਸ ਵੇਲੇ ਸ੍ਰੀ ਸਤਿਗੁਰੂ ਜੀ ਦੇ ਸੀਸ ਤੇ ਸੁਨੈਹਰੀ ਛਤਰ ਝੁਲ ਰਿਹਾ ਸੀ। ਅੱਗੇ ਅੱਗ ਬੈਂਡ ਵਾਜਾ ਸੀ। ਸ੍ਰੀ ਸਤਿਗੁਰੂ ਜੀ ਦੀ ਕਾਰ ਦੇ ਪਾਸ ਹੀ ਜੋ ਸਿਖ ਕੀਰਤਨ ਦੀ ਅਗਵਾਈ ਕਰ ਰਹੇ ਸਨ ਉਨ੍ਹਾਂ ਦੇ ਨਾਮ ਯਾਦ ਵਜੋਂ ਕੁਝ ਕੁ ਇਸ ਪਰਕਾਰ ਹਨ :—

੧) ਸੰਤ ਪਰਤਾਪ ਸਿੰਘ ਜੀ (ਮਸਤਾਨਾ) ੨) ਸੰਤ ਹਰਨਾਮ ਸਿੰਘ ਜੀ ਬੋਰੀਆਂ ਵਾਲੇ ੩) ਸੰਤ ਸੁੰਦਰ ਸਿੰਘ ਜੀ ਸੇਵਕ ੪) ਸੰਤ ਕਰਤਾਰ ਜੀ ਨਰੂਲਾ ਫਿਲੌਕਿਆਂ ਦੇ ਇਹ ਜਲੂ। ਹੂਆਲੰਫੋਕ ਤੋਂ ਸ਼ੁਰੂ ਹੋਕੇ ਸਾਮਯੋਕ ਬਜ਼ਾਰ ਤੋਂ ਹੋ ਕੇ ਯਵਰੱਟ ਰੋਡ ਰਸਤੇ ਰਾਛਵੂੰਗ ਰੋਡ ਪਹੁੰਚਿਆ। ਉਹਨਾਂ ਦਿਨਾਂ ਵਿਚ ਵੱਟ ਤਰਾਈਮਿਟ ਵਲਾ ਬਜ਼ਾਰ ਜੋ ਓਡੀਅਨ ਦੇ ਸਾਹਮਣੇ ਹੈ ਅਜੇ ਨਹੀਂ ਸੀ ਬਨਿਆ। ਗਰੀਬ-ਨਿਵਾਜ਼ ਜੀ ਦੀ ਕਾਰ ਰਾਛਵੂੰਗ ਰੋਡ ਪਹੁੰਚ ਚੁਕੀ ਸੀ ਪਰ ਅਜੇ ਜਲੂਸ ਦੀ ਪਿਛਲੀ ਮੋਟਰ ਹੂਆਲੰਫੋਕ ਖੜੀ ਸੀ ਇਸ ਜਲੂਸ ਵਿਚ ਵੀ ਸਾਰੀਆਂ ਸ਼੍ਰੇਣੀਆਂ ਨੇ ਹਿੱਸਾ ਲਿਆ ਇਹ ਜਲੂਸ ਰਾਛਵੂੰਗ ਤੋਂ ਹੋ ਕੇ ਅਨੁਵੂੰਗ ਰੋਡ ਹੋ ਕੇ ਚਕਰਵੰਟ ਰੋਡ ਦੇ ਠਾਣੇ ਤੋਂ ਸਾਹਮਣੇ ਲੰਘਦਾ ਹੋਇਆ ਸੀਯੋਕਵੱਟਤਿਕ ਤੋਂ ਖੱਬੇ ਪਰਤ ਕੇ ਸਫਾਨ ਹੱਨ ਪੁੱਲ ਤੋਂ ਖੱਬੇ ਹੋ ਕੇ ਫੋਰੱਟ ਰੋਡ ਤੋਂ ਹੋ ਕੇ ਬਨਮੋ ਪਹੁੰਚਾ। ਇਥੋਂ ਪੁਲ ਤੋਂ ਨਦੀ ਪਾਰ ਹੋ ਕੇ ਸਫਾਨ ਚਰਾਖੇ (ਇਸ ਵੇਲੇ ਕਰਾਸੁਨ ਡਫਾਨਿਟ) ਦੇ ਪਾਸ ਬਨੇ ਮਕਾਨਾਂ ਤੋਂ ਹੋ ਕੇ ਖੱਬੇ ਪਾਸੇ ਪਾਕਖਲੋਂਙ ਤਲਾਟ ਵਾਲੇ ਪਾਸੇ ਪਰਤਿਆ ਤੇ ਵੱਡੇ ਪੁਲ (ਮੈਮੋਰੀਅਲ ਬਰਿਜ) ਦੇ ਪਾਸੇ ਕਾਨਫਾਦੀਫਾ (ਬਿਜਲੀ ਘਰ) ਤੋਂ ਹੁੰਦਾ ਹੁੰਦਾ ਪਿਤੂਲਿਕ ਪਹੁੰਚਾ। ਇਨ੍ਹਾਂ ਸਭ ਉਪਰਲੇ ਰਸਤਿਆਂ ਵਿਚ ਰਹਿੰਦੇ ਨਾਮਧਾਰੀ ਤੇ ਗੈਰ



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਘਰਾਂ ਵਿਚ ਮਾਈਆਂ ਬੀਬੀਆਂ ਨੇ ਫੁਲਵਰਖਾ ਕਰਦਿਆਂ ਸਤਿਗੁਰੂ ਜੀ ਦੀ ਕਾਰ ਨੂੰ ਖਲ਼ਾਰਦਿਆਂ, ਚਰਨ-ਕੰਵਲਾਂ ਤੇ ਨਮਸਕਾਰਾਂ ਕੀਤੀਆਂ । ਉਸ ਵੇਲੇ ਦੇ ਇਤਿਹਾਸ ਅਨੁਸਾਰ ਸਿਆਮ ਵਿਚ ਏਡਾ ਵੱਡਾ ਜਲੂਸ ਅੱਜ ਤੀਕ ਨਹੀਂ ਸੀ ਕਦੇ ਨਿਕਲਿਆ ਤੇ ਨਾ ਹੀ ਕਦੇ ਬਾਦ ਵਿਚ ਨਿਕਲਿਆ ਹੈ । ਪਿਤੂਲਿਕ ਤੋਂ ਹੋ ਕੇ ਫਿਰ ਯਾਵਾਰੱਟ ਰੋਡ ਤਫਾਨ ਹੱਨ ਪੁਲ ਦੇ ਸੱਜੇ ਪਾਸੇ ਧਰਮਸਾਲਾ ਯਾਵਾਰੱਟ ਨਾਮਧਾਰੀ ਵਲ ਰਵਾਨਾ ਹੋਇਆ ਤੇ ਧਰਮਸਾਲਾ ਤਕਰੀਬਨ ੫ ਵਜੇ ਦੇ ਕਰੀਬ ਪਹੁੰਚਿਆ । ਇਥੇ ਵੀ ਜੈਕਾਰਿਆਂ ਨਾਲ ਸ੍ਰੀ ਹਜ਼ੂਰ ਜੀ ਦਾ ਸਵਾਗਤ ਕੀਤਾ ਗਿਆ ਤੇ ਤੀਸਰੀ ਛੱਤ ਤੇ ਇਕ ਸੁੰਦਰ ਬਨੇ ਸਿੰਘਾਸਨ ਤੇ ਆਪ ਜੀ ਬਿਰਾਜਮਾਨ ਹੋਏ ਤੇ ਸਭ ਸੰਗਤਾਂ ਨੇ ਵਾਰੋ ਵਾਰੀ ਚਰਨ-ਬੰਦਨਾਂ ਕੀਤੀ ।

ਏਥੇ ਵੀ ਅੱਜ ਦੇ ਦਿਨ ਲਈ ਮਾਈਆਂ ਦੀ ਸੰਗਤ ਨੂੰ ਦੀਵਾਨ ਦੀ ਹਾਜ਼ਰੀ ਭਰਨ ਦੀ ਇਜਾਜ਼ਤ ਨਹੀਂ ਸੀ ਦਿਤੀ ਗਈ ਇਸ ਦਾ ਖਾਸ ਕਾਰਨ ਏਹ ਸੀ ਜੋ ਧਰਮਸਾਲਾ ਦੀ ਜਗਾ ਛੋਟੀ ਹੋਣ ਕਰਕੇ ਤੇ ਸਭ ਜਲੂਸ ਵਿਚ ਸ਼ਾਮਲ ਹੋਏ ਸ਼੍ਰੇਣੀਆਂ ਦੇ ਪ੍ਰਤੀ-ਨਿਧਾਂ ਵੀ ਸ਼ਾਮਲ ਹੋਨਾ ਸੀ ਸੋ ਇਸ ਨੂੰ ਮੁਖ ਰਖਦਿਆਂ ਇਹ ਪਰਬੰਧ ਕੀਤਾ ਗਿਆ ਸੀ । ਗ਼੍ਰੀਬ-ਨਿਵਾਜ਼ ਜੀ ਦੇ ਧਰਮਸਾਲਾ ਪਹੁੰਚਨ ਤੇ ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਦਰਸ਼ਨ ਸਿੰਘ ਤੇ ਸੰਤ ਖਜ਼ਾਨ ਸਿੰਘ ਨੇ ਮਿਲਕੇ ਹਜ਼ੂਰੀ ਆਗਮਨ ਵਿਚ ਕੀਰਤਨ ਅਰੰਭ ਕੀਤਾ । ਸ਼ਬਦ ਇਹ ਗਾਇਨ ਕੀਤਾ ਗਿਆ ਸੀ ਜੋ ਅੱਜ ਵੀ ਕੰਨਾਂ ਵਿਚ ਇਸ ਦੀ ਗੂੰਜ ਰਹਿੰਦੀ ਹੈ "ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ" । "ਆਲਿਮ ਜੀ" ਖੜੇ ਕੇ ਵਜਦ ਵਿਚ ਆਕੇ ਅਨੇਕਾਂ ਪਰਮਾਣਾਂ ਰਾਹੀਂ ਇਸ ਦੇ ਵਿਚ ਹੋਰ ਵਾਧਾ ਕਰਦਿਆਂ ਬਹੁਤ ਰਸ ਬੰਨਿਆ ਤੇ ਉਸ ਵੇਲੇ ਸੇਠ ਗੁਰਬਖ਼ਸ਼ ਸਿੰਘ ਜੀ 'ਪ੍ਰੀਤਮ' ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਕ ਟ੍ਰੈਕਟ ਭੇਟ ਕੀਤਾ ਜਿਸ ਵਿਚ ਬੈਂਕੋਕ ਦੇ ਅਨੇਕਾਂ ਕਵੀਆਂ ਦੇ ਵਲਵਲੇ 'ਜੀਓ ਆਇਆਂ' ਹਿਤ ਵਰਨਣ ਕੀਤੇ ਹੋਏ ਸਨ ਤੇ ਉਸ ਟ੍ਰੈਕਟ ਚੋਂ "ਜੀਉ ਆਇਆਂ" ਹਿਤ ਲਿਖੇ ਹੋਏ ਸ਼ਬਦ ਭੇਟ ਕੀਤੇ ।

ਸ੍ਰੀ ਸਤਿਗੁਰੂ ਜੀ ਹਜ਼ੂਰੀ ਜੱਥੇ ਸਮੇਤ ਬੈਂਕੋਕ ਸ਼ਹਿਰ ਵਿਖੇ ੧੦ ਜਨਵਰੀ ਤੋਂ ੨੪ ਜਨਵਰੀ ਤਕ ਦਰਸ਼ਨ ਦੇਂਦੇ ਰਹੇ । ਸ੍ਰੀ ਹਜ਼ੂਰ ਜੀ ਦਾ ਡੇਰਾ ਸੇਠ ਐਲ. ਐਸ ਭਗਵਾਨ ਸਿੰਘ ਦੀ ਫਰਮ ਦੇ ਬੰਗਲੇ ਵਿਖੇ ਜੋ ਫੱਯਾ ਥਾਈ ਰੋਡ ਦੇ ਕੋਨੇ ਤੇ ਸੀ ਕੀਤਾ ਗਿਆ । ਗ਼੍ਰੀਬ-ਨਿਵਾਜ਼ ਜੀ ਦੀ ਹਜ਼ੂਰੀ ਵਿਚ ਦੋ ਦੀਵਾਨ ਲੱਗਦੇ ਰੋਜ਼ਾਨਾ । ਇਕ ਅੰਮ੍ਰਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਹੁੰਦਾ ਤੇ ਸ਼ਾਮ ਵੇਲੇ ਵੀ ਕੀਰਤਨ ਹੁੰਦਾ ਜਿਸ ਵਿਚ ਬਹੁਤ ਰੌਣਕ ਹੁੰਦੀ । ਮਾਘੀ ਦੀ ਸੰਗਰਾਂਦ ਦੇ ਦਿਨ ਸ੍ਰੀ ਸਤਿਗੁਰੂ ਜੀ ਕੀਰਤਨ ਦੇ ਭੋਗ ਤੋਂ ਬਾਦ ਪੁਛਿਆ, ਜੋ ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰੇ ਵਿਖੇ ਕਿੰਨੇ ਵਜੇ ਭੋਗ ਪੈਂਦਾ ਹੈ ? ਤਾਂ ਪਤਾਂ ਲੱਗਾਂ ਜੋ ੮ ਵਜੇ ਤੋਂ ਕੁਝ ਉਪਰ ਟਾਈਮ ਭੋਗ ਦਾ ਹੈ, ਤਾਂ ਉਸ ਵੇਲੇ ਬਿਨਾਂ ਕਿਸੇ ਦੇ ਸੱਦੇ ਤੇ ਸ੍ਰੀ ਹਜ਼ੂਰ ਜੀ ਸਿੰਘ ਸਭਾ ਦੇ ਗੁਰਦਵਾਰੇ ਵੱਲ ਰਵਾਨਾ ਹੋਏ ਤੇ ਉਸ ਵੇਲੇ ਹੋਰ ਵੀ ਬਹੁਤ ਸੰਗਤ ਨਾਲ ਨਾਲ ਪਹੁੰਚੀ । ਗ਼੍ਰੀਬ-ਨਿਵਾਜ ਜੀ ਦੇ ਉਥੇ ਜਾਨ ਦੀ ਖਬਰ ਉਥੇ ਕਿਸੇ ਸਰੀਰ ਨੇ ਕੁਝ ਮਿੰਟ ਹੀ ਪਹਿਲਾਂ ਪੁਚਾ ਦਿਤੀ ਹਾਲਾਂਕਿ ਉਨ੍ਹਾਂ ਦੀ ਕਮੇਟੀ ਨੇ ਇਹ ਪਾਸ ਕੀਤਾ ਹੋਇਆ ਸੀ ਜੋ ਸ੍ਰੀ ਹਜ਼ੂਰ ਜੀ ਨੂੰ ਗੁਰਦਵਾਰੇ ਦਰਸ਼ਨ ਕਰਨ ਲਈ ਨਿਮੰਤਰਨ ਨਹੀਂ ਕੀਤਾ ਜਾਵੇਗਾ । ਉਥੋਂ ਦੇ ਪਰਧਾਨ ਸ: ਇਕਬਾਲ ਸਿੰਘ ਨਰੂਲਾ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿ ਕਿਸ ਤਰ੍ਹਾਂ ਕੀਤਾ ਜਾਏ ? ਸ੍ਰੀ ਸਤਿਗੁਰੂ ਜੀ ਕੁਝ ਸੇਵਕਾਂ ਸਹਿਤ ਉਥੇ ਪਹੁੰਚ ਕੇ ਸ੍ਰੀ ਗ੍ਰੰਥ ਸਾਹਿਬ ਨੂੰ ਪ੍ਰਣਾਮ ਕਰਕੇ ਆਮ ਸੰਗਤ ਵਾਂਗੂ ਹੀ ਇਕ ਥਾਂ ਬਿਰਾਜਮਾਨ ਜਾ ਹੋਏ । ਪਰਧਾਨ ਨੇ ਇਕ ਸਫੇਦ ਕਪੜਾ ਹੇਠ ਵਿਛਾਨ ਲਈ ਬੇਨਤੀ ਕੀਤੀ ਪ੍ਰੰਤੂ ਗਰੀਬ-ਨਿਵਾਜ਼ ਜੀ ਉਵੇਂ ਹੀ ਬੈਠਨ ਨੂੰ ਠੀਕ ਸਮਝਿਆ । ਉਸ ਵੇਲੇ ਗਿਆਨੀ ਪ੍ਰੀਤਮ ਸਿੰਘ ਜੀ ਰੋਜ਼ਾਨਾ ਕਥਾ ਕਰ ਰਹੇ ਸੀ ਕੁਝ ਚਿਰ ਉਪਰ ਬੈਠ ਕੇ ਸ੍ਰੀ ਸਤਿਗੁਰੂ ਜੀ ਗੁਰਦਵਾਰੇ ਦੇ ਹੇਠਾਂ ਆ ਗਏ ਤੇ ਨਾਲ ਆਏ ਸੰਗਤ ਚੋਂ ਕਿਸੇ ਨੂੰ ਪੁਛਿਆ ਜੋ "ਨਿਧਾਨ ਸਿੰਘ ਸਚਦੇਵ ਦਾ ਘਰ ਕਿਥੇ ਹੈ ?" ਜੋ ਪਤਾ ਲਗਨ ਤੇ ਸ੍ਰੀ ਸਤਿਗੁਰੂ ਜੀ ਉਸ ਪਾਸੇ ਟੁਰ ਪਏ ਜੋ ਬਿਲਕੁਲ ਨਜ਼ਦੀਕ ਹੀ ਸੀ । ਅੱਗੇ ਜਾਂਦਿਆਂ ਨੂੰ ਉਥੇ ਮੰਜੇ ਤੇ ਸਫੇਦ ਚਾਦਰ ਵਿਛੀ ਹੋਈ ਤੇ ਫਲ ਦਾ ਟੋਕਰਾ ਪਾਸ ਹੀ ਪਿਆ ਹੋਇਆ ਸੀ ਇਉਂ ਮਲੂਮ ਹੁੰਦਾ ਸੀ ਜੋ ਇਸ ਨੇ ਸ੍ਰੀ ਹਜ਼ੂਰ ਜੀ ਪ੍ਰਤੀ ਚਰਨ ਪਾਉਣ ਲਈ ਬੇਨਤੀ ਕੀਤੀ ਹੋਈ ਹੈ ਗ਼੍ਰੀਬ-ਨਿਵਾਜ਼ ਜੀ ਉਸ ਮੰਜੇ ਤੇ ਬਿਰਾਜਮਾਨ ਹੋਏ ਪਰ ਘਰਵਾਲੇ (ਸੰਤ)



Sri Satguru Jagjit Singh Ji Elibrary NamdhariElibrary@gmail.com

ਨਿਧਾਨ ਸਿੰਘ ਜੀ ਸਚਦੇਵ ਉਸ ਵੇਲੇ ਘਰ ਨਹੀਂ ਸੀ ਕਿਸੇ ਨੇ ਝਟ ਪਟ ਜਾ ਕੇ ਗੁਰਦਵਾਰੇ ਜਾ ਕੇ ਖਬਰ ਦਿਤੀ ਤਾਂ ਇਕ ਦੋ ਮਿੰਟਾਂ ਬਾਦ ਹੀ ਘਰ ਪਹੁੰਚ ਗਏ ਚਰਨਾਂ ਤੇ ਨਮਸਕਾਰ ਕੀਤੀ ਫਲ ਭੇਟ ਕੀਤਾ ਤੇ ਨਾਲ ਆਈ ਸੰਗਤ ਤੇ ਹੋਰਨਾਂ ਨੂੰ ਪਰਸ਼ਾਦ ਵਰਤਾ ਦਿਤਾ ਇਥੇ ਇਹ ਗੱਲ ਖਾਸ ਵਰਨਣ ਯੋਗ ਹੈ ਜੋ ਇਹ (ਸੰਤ) ਨਿਧਾਨ ਸਿੰਘ ਸਚਦੇਵ ਤੇ (ਸੰਤ) ਤਾਰਾ ਸਿੰਘ (ਗੋਰਖ) ਤੇ ਇਕ ਹੋਰ ਸਰੀਰ ਮਿਲਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਲੰਪੜਾ ਤੇ ਚੰਗਮਈ ਵੀ ਪਹੁੰਚੇ ਸਨ। ਇਹ ਭਾਵਨਾਂ ਲੈ ਕੇ ਕਿ ਠੀਕ ਇਹ ਇਸ ਵੇਲੇ ਦੇ ਸਤਿਗੁਰੂ ਹਨ ਜਾਂ ਕੁਝ ਹੋਰ ਹੈ? ਇਸੇ ਭਾਵਨਾ ਨੂੰ ਲੈ ਕੇ (ਸੰਤ) ਨਿਧਾਨ ਸਿੰਘ ਨੇ ਆਪਨੇ ਮਨ ਵਿਚ ਇਹ ਚਿਤਵਨੀ ਕੀਤੀ ਕਿ ਜੇ ਏਹ ਠੀਕ ਵੇਲੇ ਦੇ ਸਤਿਗੁਰੂ ਹਨ ਤਾਂ ਮੇਰੇ ਮਨ ਦੀ ਭਾਵਨਾ ਜਾਨ ਕੇ ਬਿਨਾਂ ਸੱਦਾ ਦੇਨ ਤੇ ਮੇਰੇ ਘਰ ਵਿਖੇ ਦਰਸ਼ਨ ਦੇਵਨ ਸੋ ਉਸ ਦੀ ਭਾਵਨਾਂ ਨੂੰ ਪੂਰਿਆਂ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ ਇਹ ਚੋਜ ਸ੍ਰੀ ਗੁਰੂ ਸਿੰਘ ਸਭਾ ਜਾਨ ਵਾਲਾ ਕੀਤਾ ਅਤੇ ਨਾਲ ਨਾਲ ਇਸ ਸਿਖ ਦੀ ਭਾਵਨਾਂ ਨੂੰ ਵੀ ਜਾਨ ਕੇ ਇਸ ਦਾ ਮਨੋਰਥ ਪੂਰਾ ਕੀਤਾ।

(ਖਾਸ ਨੋਟ :—ਗ੍ਰੀਬ ਨਿਵਾਜ਼ ਜੀ ਦਾ ਏਹ ਚੋਜ ਇਸ ਤਰ੍ਹਾਂ ਸੁਣਿਆ ਹੈ "ਧਰਮਸਾਲਾ ਤੋਂ ਹੇਠਾਂ ਆ ਕੇ ਸ੍ਰੀ ਸਤਿਗੁਰੂ ਜੀ ਨਿਧਾਨ ਸਿੰਘ ਸਚਦੇਵ ਦੇ ਘਰ ਪਹੁੰਚੇ ਤਾਂ ਉਹ ਇਕਲਵਾਂਜੇ ਆਪਨੇ ਘਰ ਹੀ ਅਰਾਮ ਕੁਰਸੀ ਤੇ ਅਖਾਂ ਮੀਟ ਬੈਠਾ ਹੋਇਆ ਸੀ ਗ੍ਰੀਬ ਨਿਵਾਜ਼ ਜੀ ਪਾਸ ਜਾ ਕੇ ਪੁਛਿਆ "ਸਾਨੂੰ ਕਿਥੇ ਬੈਠਾਂਣਾ ਈ?" ਤਾਂ ਉਹ ਵਜਦ ਵਿਚ ਆਨ ਚਰਨਾਂ ਤੇ ਢਹਿ ਪਿਆ ਗ੍ਰੀਬ ਨਿਵਾਜ਼ ਜੀ ਮੰਜੇ ਤੇ ਬੈਠ ਗਏ ਤਾਂ ਉਸ ਵੇਲੇ ਕੁਝ ਗਵਢੀ ਸਰੀਰਾਂ ਨੇ ਵੀ ਆਨ ਕੇ ਚਰਨਾਂ ਤੇ ਨਮਸਕਾਰ ਕੀਤੀ 'ਜਿੰਨਾਂ ਵਿਚੋਂ' ਇਕ ਸਿਖ ਸੋਹਨ ਸਿੰਘ ਠਕਰਾਲ ਨੇ ਆਪਨੇ ਸਿਰ ਤੋਂ ਪਰਨਾ ਲਾਹ ਕੇ (ਇਹ ਸਿਖ ਹਮੇਸ਼ਾ ਹੀ ਰਖਦਾ ਸੀ) ਗ੍ਰੀਬ ਨਿਵਾਜ਼ ਜੀ ਦੇ ਚਰਨ ਪੂੰਝੇ ਜੋੜੇ ਸਮੇਤ ਤੇ ਆਪਨੇ ਆਪ ਨੂੰ ਵਡ-ਭਾਗੀ ਬਨਾਇਆ। ਅਜ ਕਲ ਇਸ ਸਿਖ ਦੀ ਸੰਤਾਨ ਕ੍ਰੋੜਾਂ ਦੀ ਮਾਲਿਕ ਹੈ ਤੇ ਇਸ ਤੋਂ ਜਦ ਹਿੰਦੂ ਸਭਾ (ਅਜ ਕਲ ਹਿੰਦੂ ਸਮਾਜ) ਵਾਲਿਆਂ ਨੇ ਦੋ ਦੀਵਾਨ ਲਵਾਏ ਤੇ ਬਹੁਤ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਗਤ ਵਿਚ
ਪ੍ਰਸਿਧ ਵਿਦਵਾਨ ਸੰਤ ਨਿਧਾਨ ਸਿੰਘ ਆਲਿਮ

ਹੀ ਸ਼ਾਨਦਾਰ ਸਵਾਗਤ ਕੀਤਾਂ ਤੇ ਇਸ ਦੇ ਕਾਰਨ ਸਿੰਘ ਸਭਾ ਦੇ ਪਰਧਾਨ ਇਕਬਾਲ ਸਿੰਘ ਨਰੂਲਾ ਨੇ ਆਪਨੀ ਕਮੇਟੀ ਦੀ ਮੀਟਿੰਗ ਸਦੀ ਤੇ ਇਹ ਵਿਚਾਰ ਰਖੇ ਜੋ ਸਡਾ ਸੇਠ ਪਰਵਾਰ ਨਾਲ ਗੂੜ੍ਹਾਂ ਸੰਬੰਧ ਹੈ। ਮੁੱਢ ਤੋਂ ਹੀ ਇਕਠੇ ਆਪਸ ਵਿਚ ਹਰ ਸਮਾਗਮਾਂ ਵਿਚ ਸ਼ਾਮਲ ਹੁੰਦੇ ਆਏ ਹਾਂ ਤੇ ਅਪਨੇ ਪਿੰਡ ਵਿਚ ਵੀ (ਫਿਲੌਰੀ) ਅਸੀਂ ਸਤਿਗੁਰੂ ਜੀ ਦੇ ਚਰਨ ਅਪਨੇ ਘਰਾਂ ਵਿਚ ਪਵਾਂਦੇ ਹਾਂ ਫਿਰ ਹੁਣ ਕਿਉਂ ਪਿਛੇ ਰਹੀਏ? ਸੋ ਇਸ ਵਿਚਾਰ ਨੂੰ ਲੈ ਕੇ ਇਹ ਫਿਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਪਹੁੰਚ ਕੇ ਸਿੰਘ ਸਭਾ ਗੁਰਦਵਾਰੇ ਵਿਖੇ ਦਰਸ਼ਨ ਦੇਨ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਬਚਨ ਕੀਤਾ ਮੁਸਕਰਾ ਕੇ "ਜੋ ਅਸੀਂ ਤਾਂ ਉਥੋਂ ਹੋ ਆਏ ਹਾਂ ਤਾਂ ਫਿਰ ਦੋਬਾਰਾਂ ਬੇਨਤੀਆਂ ਕਰਨ ਤੇ ਸ੍ਰੀ ਸਤਿਗੁਰੂ ਨੇ ਪਰਵਾਨਗੀ ਦਿਤੀ ਤੇ ਸਵੇਰੇ ਆਸਾ ਦੀ ਵਾਰ ਤੋਂ ਬਾਦ ਦੀਵਾਨ ਦਾ ਭੋਗ ਪਾ ਕੇ ਫਿਰ ਦੋਬਾਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਦਰਸ਼ਨ ਦਿਤੇ ਤੇ ਉਸ ਸਮੇ ਉਹਨਾਂ ਨੇ "ਜੀਉ ਆਇਆਂ ਹਿਤ ਕੁਝ ਸ਼ਬਦ ਆਖੇ ਗ੍ਰੀਬ ਨਿਵਾਜ਼ ਜੀ ਨਾਲ ਉਸ ਵੇਲੇ ਸੰਤ ਨਿਧਾਨ ਸਿੰਘ ਜੀ ਆਲਮ ਤੇ ਸੰਤ ਇੰਦਰ ਸਿੰਘ ਚਕਰਵਰਤੀ ਵੀ ਗਏ ਸਨ। ਇਹ ਉਪਰ ਲਿਖਿਆ ਖਾਸ ਨੋਟ ਸ: ਬਾਲ ਸਿੰਘ ਸੇਠੀ ਜੀ ਪਾਸੋਂ



Sri Satguru Jagjit Singh Ji Elibrary NamdhariElibrary@gmail.com

੧੮-੯-੧੯੯੨ ਨੂੰ ਸੁਣ ਕੇ ਲਿਖਿਆ ਹੈ ਇਸਦਾ ਘਰ ਉਸ ਵੇਲੇ ਨਿਧਾਨ ਸਿੰਘ ਸਜਦੇਵ ਦੇ ਗਵਾਂਢ ਸੀ ਤੇ ਇਸ ਨੇ ਇਹ ਸਾਰਾ ਚੋਜ ਅਖੀ ਡਿਠਾ ਮੈਨੂੰ ਸੁਣਾਇਆ ਹੈ। ਇਤਿਹਾਸ ਵਿਚ ਫਰਕ ਨਾ ਆਵੇ ਇਸ ਲਈ ਏਥੇ ਖਾਸ ਨੋਟ ਵਰਤਿਆਂ ਹੈ।)

ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਂਕੋਕ ਦੀਆਂ ਬਹੁਤ ਸਾਰੀਆਂ ਸੋਸਾਇਟੀਆਂ ਵਲੋਂ ਦਰਸ਼ਨ ਦੇਣ ਦੀ ਮੰਗ ਸੀ ਤੇ ਇਸ ਨੂੰ ਪਰਵਾਨ ਕਰਦਿਆਂ ਸ੍ਰੀ ਹਜ਼ੂਰ ਜੀ ਨੇ ਦੋ ਦਿਨ ਦੀਵਾਨ ਹਿੰਦੂ ਸਭਾ ਰੱਖਿਆ। ਇੰਡੀਅਨ ਐਸੋਸੀਏਸ਼ਨ ਵਿਖੇ ਦਰਸ਼ਨ ਦਿਤੇ ਇਸ ਦੇ ਬਹੁਤ ਸਾਰੇ ਮੈਂਬਰ ਮੁਸਲਮਾਨ ਵੀਰ ਸਨ ਤੇ ਇਸਦਾ ਪਰਧਾਨ ਏ ਈ. ਨਾਨਾ ਇਕ ਬਹੁਤ ਵੱਡਾ ਧਨੀ ਤੇ ਮਸ਼ਹੂਰ (ਬੋਰਾ ਮੁਸਲਮਾਨ) ਦਾਨੀ ਸੀ ਤੇ ਗ਼ਰੀਬ-ਨਿਵਾਜ ਜੀ ਦਾ ਸਵਾਗਤ ਵੀ ਉਸ ਨੇ ਆਪਣੇ ਘਰ ਵਿਖੇ ਹੀ ਕੀਤਾ ਜੋ ਇਧ ਵੇਲੇ ਸੁਖੁਮਵਿਟ ਰੋਡ ਗਲੀ ਨੰ: ੩ ਦੇ ਪਾਸ ਹੀ ਹੈ ਤੇ ਇਥੇ ਸੰਤ ਨਿਧਾਨ ਸਿੰਘ ਜੀ ਨੇ ਆਪਣੀ ਤਕਰੀਰ ਵਿਚ ਫਾਰਸੀ ਦੇ ਸ਼ਬਦ ਵਰਤਦਿਆਂ ਤੇ ਕੁਰਾਨ ਸ਼ਰੀਫ ਦੀਆਂ ਆਇਤਾਂ ਪੜ੍ਹ ਕੇ ਉਨ੍ਹਾਂ ਦੇ ਹਿਰਦਿਆਂ ਨੂੰ ਜਿਤ ਲਿਆ ਜਿਸਦਾ ਪਰਭਾਵ ਬਹੁਤ ਹੀ ਪਿਆ ਤੇ ਇਸੇ ਤਰ੍ਹਾਂ ੨੧ ਜਨਵਰੀ ੧੯੭੪ ਵਾਲੇ ਦਿਨ ਦੋਪਹਿਰ ਵੇਲੇ ਸੰਗਤਾਂ ਸਹਿਤ ਸ੍ਰੀ ਹਜ਼ੂਰ ਜੀ ਨੇ ਹਿੰਦੂ ਸਨਾਤਨ ਧਰਮ ਸਭਾ ਦੇ ਮੰਦਰ ਵਿਖੇ ਦਰਸ਼ਨ ਦਿਤੇ। ਇਥੋਂ ਦੇ ਪਰਧਾਨ ਲਾਲਾ ਸੁੰਦਰ ਦਾਸ ਜੀ ਪਾਵਾ (ਬਾਏਪੁਰ ਜ਼ਿਲਾ ਸਿਆਲਕੋਟ) ਨੇ ਬੜੀ ਸ਼ਰਧਾ ਤੇ ਪਿਆਰ ਨਾਲ ਜੋਤਾਂ ਜਗਾਕੇ ਆਰਤੀ ਉਤਾਰੀ ਤੇ ਇਥੇ ਸੰਤ ਇੰਦਰ ਸਿੰਘ "ਚੱਕਰਵਰਤੀ" ਜੀ ਪ੍ਰੇਮਾ ਭਗਤੀ ਦਾ ਦ੍ਰਿਸ਼ਯ ਖਿੱਚ ਕੇ ਇਸ ਤਰ੍ਹਾਂ ਪਿਆਰ ਦੇ ਸ਼ਬਦ ਵਰਤੇ ਜੋ ਸਭ ਸਰੋਤਿਆਂ ਦੇ ਸਜਲ ਨੇਤ੍ਰ ਉਸ ਵੇਲੇ ਸਤਿਗੁਰੂ ਜੀ ਦੇ ਪਿਆਰ ਨਾਲ ਭਰਪੂਰ ਸਨ ਤੇ ਉਸੇ ਦਿਨ ਸ੍ਰੀ ਹਜ਼ੂਰ ਜੀਓ ਨਜ਼ਦੀਕ ਬਣੇ ਆਰੀਯਾ ਸਮਾਜ ਦੇ ਅਸਥਾਨ ਤੇ ਪੁਜੇ ਤੇ ਇਥੇ ਵੀ ਕੀਰਤਨ ਕਰਨ ਤੋਂ ਬਾਦ ਚੱਕਰਵਰਤੀ ਜੀ ਨੇ ਬੜੇ ਪ੍ਰੇਮ ਭਰੇ ਸ਼ਬਦ ਵਰਤ ਕੇ ਵਾਤਾਵਰਨ ਨੂੰ ਹੋਰ ਭੀ ਲੁਭਾਇਮਾਨ ਕੀਤਾ। ਇਹ ਦੋਵੇਂ ਸੁਸਾਇਟੀਆਂ ਵਿਚ ਪਿਆਰ ਦੇ ਦ੍ਰਿਸ਼ਯ ਕਦੀ ਨਹੀਂ ਭੁਲਣ ਵਾਲੇ ਹਨ। ਅਜੇ ਵੀ ਉਸ ਵੇਲੇ ਦੇ ਪਰਧਾਨ ਲਾਲਾ ਸੁੰਦਰ ਦਾਸ ਜੀ ਇਕ ਵਡੇਰੀ ਉਮਰ ਦੇ (ਤਕਰੀਬਨ ੯੦ ਸਾਲ ਤੋਂ ਵੀ ਉਪਰ ਦੇ) ਜੀਵਤ ਹਨ ਤੇ ਇਸ ਪਿਆਰ ਨੂੰ ਸਾਂਭੀ ਰੱਖ ਹਨ।

ਸ੍ਰੀ ਸਤਿਗੁਰੂ ਜੀ ਇਨ੍ਹਾਂ ਦਿਨਾਂ ਵਿਚ ਬੈਂਕੋਕ ਵਿਖੇ ਅਨੇਕਾਂ ਕੌਤਕ ਤੇ ਚੋਜ ਕੀਤੇ ਜਿਵੇਂ ਕਿ ਇਕ ਸਿਖ ਜੀਊਣ ਸਿੰਘ ਭੋਮੇ ਪਿੰਡ ਦਾ ਸੂਫੀ ਖਿਆਲਾਂ ਦਾ ਰਹਿੰਦਾ ਸੀ ਇਸ ਨੂੰ ਗੁਰਦੇ ਦੀ ਤਕਲੀਫ ਹੋਈ ਪੇਸ਼ਾਬ ਬੰਦ ਹੋ ਗਿਆ। ਘਰ ਦਿਆਂ ਨੇ ਡਾਕਟਰ ਪਾਸ ਜਾਨ ਲਈ ਕਿਹਾ ਪਰ ਇਹ ਰਿਕਸ਼ੇ ਤੇ ਚੜ੍ਹਕੇ ਸਿਧਾ ਸ੍ਰੀ ਸਤਿਗੁਰੂ ਜੀ ਦੇ ਡੇਰੇ ਪਹੁੰਚਿਆ। ਗ਼ਰੀਬ-ਨਿਵਾਜ ਜੀ ਉਸ ਵੇਲੇ ਪਰਸ਼ਾਦਾ ਛੱਕ ਕੇ ਉਪਰਲੀ ਛੱਤ ਆਪਨੇ ਕਮਰੇ ਵਿਚ ਆਰਾਮ ਕਰ ਰਹੇ ਸਨ। ਇਹ ਉਥੇ ਪਉੜੀਆਂ ਦੇ ਪਾਸ ਹੀ ਹੇਠਾਂ ਲੰਮਾ ਪੈ ਗਿਆ ਜਦ ਗ਼ਰੀਬ-ਨਿਵਾਜ ਜੀ ਹੇਠਾਂ ਉਤਰੇ ਤਾਂ ਇਸ ਨੇ ਚਰਨਾਂ ਵਿਚ ਨਮਸ਼ਕਾਰ ਕੀਤੀ। ਗ਼ਰੀਬ-ਨਿਵਾਜ਼ ਜੀ ਪੁਛਿਆ, "ਬਾਬਾ ਕੀ ਤਕਲੀਫ ਹੈ ?" ਤਾਂ ਇਸ ਨੇ ਉੱਤਰ ਵਜੋਂ ਬੇਨਤੀ ਕੀਤੀ :—

ਪੇਸ਼ਾਬ ਰੁਕਨ ਕਰਕੇ ਬੜੀ ਤਕਲੀਫ ਹੈ, ਆਪ ਹੀ ਇਸ ਨੂੰ ਦੂਰ ਕਰ ਸਕਦੇ ਹੋ" ਤਾਂ ਉਸ ਦੀ ਤਕਲੀਫ ਵੇਖ ਕੇ ਸ੍ਰੀ ਸਤਿਗੁਰੂ ਜੀ ਸੰਤ ਸਰਦਾਰਾ ਸਿੰਘ ਜੀ ਵੈਦ ਨੂੰ ਹੁਕਮ ਕੀਤਾ "ਜੋ ਇਸ ਨੂੰ ਦਵਾਈ ਦੇਵੋ ਜਿਸ ਨਾਲ ਇਸ ਨੂੰ ਆਰਾਮ ਆ ਜਾਵੇ"। ਸੰਤ ਸਰਦਾਰਾ ਸਿੰਘ ਜੀ ਪੁੜੀਆਂ ਦਿਤੀਆਂ ਤੇ ਵਾਪਸ ਰਿਕਸ਼ੇ ਤੇ ਚੜ੍ਹ ਕੇ ਘਰ ਆ ਗਿਆ ਪੁੜੀਆਂ ਇਸ ਨੇ ਪੱਲੇ ਨਾਲ ਬੱਧੀਆਂ ਹੋਈਆਂ ਸਨ ਤੇ ਬਿਨਾਂ ਕੋਈ ਦਵਾਈ ਛੱਕਿਆਂ ਇਸ ਨੂੰ ਆਰਾਮ ਆਉਣਾ ਸ਼ੁਰੂ ਹੋ ਗਿਆ ਤੇ ਦੂਸਰੇ ਦਿਨ ਇਹ ਗਲੀ ਵਿਚ ਹੋਕਾ ਦੇ ਕੇ ਕਹਿਨ ਲੱਗਾ ਕਿ "ਭੁਲਿਓ ਲੋਕੋ ! ਇਹ ਸੱਚਾ ਸਤਿਗੁਰੂ ਵੈਦ ਜੇ ! ਮੇਰੇ ਵਲ ਵੇਖੋ, ਮੈਨੂੰ ਕੱਲ ਕਿਤਨੀ ਤਕਲੀਫ ਸੀ ਤੇ ਅੱਜ ਮੈਂ ਰਾਜ਼ੀ ਹਾਂ, ਜਿਹੜੀ ਦਵਾਈ ਮੈਨੂੰ ਮਿਲੀ ਸੀ ਉਹ ਮੈਂ ਪੱਲੇ ਨਾਲ ਬੱਧੀ ਹੋਈ ਹੈ। ਇਹ ਅਰਾਮ ਉਨ੍ਹਾਂ ਦੇ ਬਚਨਾਂ ਅਨੁਸਾਰ ਆਇਆ ਹੈ"। ਤੇ ਦੂਜੇ ਦਿਨ ਓਹ ਫੇਰ ਸ੍ਰੀ ਸਤਿਗੁਰੂ ਜੀ ਦੇ ਡੇਰੇ ਪਹੁੰਚਾ ਚਰਨਾਂ ਤੇ ਨਮਸਕਾਰ ਕੀਤੀ। ਗ਼ਰੀਬ-ਨਿਵਾਜ਼ ਜੀ ਪੁਛਿਆ, "ਬਾਬਾ ਜੀ ਕੀ ਹਾਲ ਹੈ ?" ਤਾ ਅੱਗੋਂ ਉਤਰ ਦਿਤਾ :—

"ਮੈਂ ਤਾਂ ਇਹੋ ਵੇਖਣ ਆਇਆ ਸਾਂ ਕਿ ਕਿਤਨੀ ਕੁ



Sri Satguru Jagjit Singh Ji Elibrary NamdhariElibrary@gmail.com

ਤਾਕਤ ਦੇ ਮਾਲਕ ਹਨ ਮੇਰਾ ਸ਼ਿਕਾ ਆਪ ਨੇ ਨਵਿਰਤ ਕਰ ਦਿਤਾ ਹੈ। ਦਵਾਈ ਮੇਰੇ ਪੱਲੇ ਉਸੇ ਤਰ੍ਹਾਂ ਹੀ ਬੱਧੀ ਪਈ ਹੈ ਆਪ ਦੀ ਮੇਹਰ ਦੀ ਨਿਗਾਹ ਨੇ ਮੇਰਾ ਸੰਕਟ ਦੂਰ ਕਰ ਦਿਤਾ ਹੈ"।

ਗ਼ਰੀਬ-ਨਿਵਾਜ ਜੀ ਨੇ ਇਕ ਕੌਤਕ ਹੋਰ ਕੀਤਾ ਜੋ ਕਿ ਮਾਤਾ ਚੰਨਨ ਦੇਵੀ ਸੁਪਤਨੀ ਮੰਤ ਈਸ਼ਰ ਸਿੰਘ ਜੀ ਮਨਚੰਦਾ ਦੇ ਨਾਲ ਵਰਤਿਆ ਸੀ। ਮਾਤਾ ਜੀ ਦੀ ਅੱਖੀਆਂ ਦੀ ਜੋਤ ਦਿਨੋ ਦਿਨ ਕਮਜ਼ੋਰ ਹੋ ਰਹੀ ਸੀ ਤੇ ਬਹੁਤ ਘੱਟ ਰੋਸ਼ਨੀ ਰਹਿ ਗਈ ਸੀ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਅਥਾਹ ਪਿਆਰ ਸੀ। ਸਤਿਗੁਰੂ ਜੀ ਦੇ ਬੰਕੋਕ ਆਵਨ ਤੇ ਦੋ ਵੇਲੇ ਮਾਤਾ ਜੀ ਧਰਮਸਾਲਾ ਜਾਂਦੇ। ਜੋਤ ਨਿੰਮੀ ਹੋਨ ਕਰਕੇ ਅਪਨੀ ਛੋਟੀ ਬੱਚੀ ਦਾ ਆਸਰਾ ਲੈਂਦੇ ਤੇ ਹਰ ਵੇਲੇ ਇਹ ਪਛਤਾਉ ਰਹਿੰਦਾ ਕਿ "ਮੈਂ ਨਿਭਾਗਣ ਹਾਂ ਜੋ ਸ੍ਰੀ ਸਤਿਗੁਰੂ ਰੂਪੀ ਖੂਹ ਆਪ ਚੱਲ ਕੇ ਮੇਰੇ ਪਾਸ ਆਇਆ ਹੈ ਤੇ ਮੈਂ ਫਿਰ ਵੀ ਦਰਸ਼ਨ ਰੂਪੀ ਜਲ ਉਸ ਵਿਚੋਂ ਪ੍ਰਾਪਤ ਨਹੀਂ ਕਰ ਸਕਦੀ। ਇਸੇ ਤਰ੍ਹਾਂ ਇਕ ਦਿਨ ਆਪ ਆਪਨੀ ਬੱਚੀ ਦਾ ਆਸਰਾ ਲੈ ਕੇ ਧਰਮਸਾਲਾ ਜਾ ਰਹੇ ਸਨ ਤਾਂ ਅਪਨੇ ਮਨ ਵਿਚ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਕਰਕੇ ਬੇਨਤੀ ਕੀਤੀ :—"ਹੇ ਗ਼ਰੀਬ-ਨਿਵਾਜ਼ ! ਮੇਰੇ ਤੇ ਬਖਸ਼ਸ਼ ਕਰੋ, ਅੱਜ ਆਪ ਦੇਸ ਤੋਂ ਚੱਲ ਕੇ ਪਰਦੇਸ ਰਹਿੰਦਿਆਂ ਸੇਵਕਾਂ ਨੂੰ ਦਰਸ਼ਨ ਦੇਨ ਲਈ ਆਏ ਹੋ, ਆਪ ਜੀ ਦੇ ਦਰਸ਼ਨਾਂ ਨੂੰ ਤਕਰੀਬਨ ਚੋਦਾਂ ਸਾਲ ਗੁਜ਼ਰ ਚੁਕੇ ਹਨ ਤੇ ਹੁਣ ਜਦ ਆਪ ਕਿਰਪਾ ਕੀਤੀ ਹੈ ਤਾਂ ਮੇਰੀ ਜੋਤ ਅੱਖਾਂ ਦੀ ਬੰਦ ਹੈ। ਮੈਂ ਨਿਕਰਮਣ ਦੀ ਅਰਦਾਸ ਹੈ ਜੋ ਇਕ ਵੇਰੀ ਮੈਨੂੰ ਇਹਨਾਂ ਅੱਖਾਂ ਵਿਚ ਜੋਤ ਬਖਸ਼ੋ, ਤੁਹਾਡਾ ਦਰਸ਼ਨ ਹੋ ਜਾਵੇ ਫਿਰ ਬੇਸ਼ਕ ਇਹ ਜੋਤ ਵਾਪਸ ਲੈ ਲਿਆ ਜੇ।" ਇਹ ਬੇਨਤੀਆਂ ਕਰਦਿਆਂ ਜਦ ਮਾਤਾ ਜੀ ਧਰਮਸਾਲਾ ਦੀ ਤੀਜੀ ਛੱਤੇ ਪਹੁੰਚੇ ਜਿਥੇ ਰੋਜ਼ਾਨਾ ਕੀਰਤਨ ਹੁੰਦਾ ਸੀ ਤਾਂ ਉਸ ਵੇਲੇ ਆਸਰਾ ਦੇਣ ਵਾਲੀ ਬੱਚੀ ਨੂੰ ਕਹਿਨ ਲੱਗੇ, "ਮੇਰਾ ਹੱਥ ਛੱਡ ਦੇ, ਮੈਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਸਿੰਘਾਸਨ ਤੇ ਬੈਠਿਆਂ ਦੇ ਕਰ ਰਹੀ ਹਾਂ, ਮੈਂ ਆਪ ਜਾ ਕੇ ਚਰਨਾਂ ਤੇ ਨਮਸ਼ਕਾਰ ਕਰਾਂਗੀ।" ਮਾਤਾ ਜੀ ਜਦ ਨਮਸਕਾਰ ਕਰਕੇ ਵਾਪਸ ਹੋਏ ਤਾਂ ਜੋਤਨਾਂ ਫਿਰ ਦਿਸਨੋਂ ਹੱਟ ਗਈ (ਇਹ ਸਾਰੀ ਵਾਰਤਾ ਮਾਤਾ ਜੀ ਨੇ ਮੈਨੂੰ ਆਪ ਸੁਣਾਈ ਹੈ। ਅਤੇ ਫਿਰ ਜਦ



ਸਤਿਗੁਰੂ ਪਰਤਾਪ ਸਿੰਘ ਜੀ

ਸ੍ਰੀ ਸਤਿਗੁਰੂ ਜੀ ਸੇਵਕਾਂ ਦੇ ਗ੍ਰਿਹ ਪਵਿਤ੍ਰ ਕਰਨ ਲਈ ਉਸ ਗਲੀ ਵਿਚ ਦਰਸ਼ਨ ਦਿਤੇ ਜਿਥੇ ਮਾਤਾ ਜੀ ਰਹਿੰਦੇ ਸਨ ਤਾਂ ਇਕ ਵਿਲੱਕਿਆਂ ਦੀ ਮਾਈ ਰਾਧੇ ਨੇ ਹੱਥ ਪਕੜ ਕੇ ਚਰਨਾਂ ਤੇ ਨਮਸ਼ਕਾਰ ਕਰਵਾਈ। ਗ਼ਰੀਬ-ਨਿਵਾਜ਼ ਜੀ ਪੁੱਛਨ ਲੱਗੇ ਕਿ ਇਸ ਮਾਈ ਨੂੰ ਕੀ ਹੈ ? ਉੱਤਰ ਵਿੱਚ ਮਾਈ ਰਾਧੇ ਨੇ ਦੱਸਿਆ, ਜੀ ਦੋਹਾਂ ਅੱਖੀਆਂ ਵਿੱਚ ਮੋਤੀਆ ਉਤਰਿਆ ਹੋਇਆ ਹੈ, ਡਾਕਟਰ ਨੇ ਅਪ੍ਰੇਸ਼ਨ ਕਰਨ ਲਈ ਕਿਹਾ ਹੈ।" ਸਤਿਗੁਰੂ ਜੀ ਹੁਕਮ ਕੀਤਾ, ਠੀਕ ਹੈ, ਕੋਈ ਗੱਲ ਨਹੀਂ, ਸਤਿਗੁਰ ਭਲੀ ਕਰਨਗੇ।

ਸ੍ਰੀ ਸਤਿਗੁਰੂ ਜੀ ਦੇਸ ਵਾਪਸ ਚਲੇ ਗਏ, ਤੇ ਮਾਤਾ ਜੀ ਛੇ ਮਹੀਨਿਆਂ ਦੀ ਵਿੱਥ ਤੇ ਦੋਹਾਂ ਅੱਖੀਆਂ ਦਾ ਅਪ੍ਰੇਸ਼ਨ ਇਕ ਸਿਆਮੀ ਡਾਕਟਰ ਪਾਸੋਂ ਇਕ ਸਰਕਾਰੀ ਹਸਪਤਾਲ ਵਿਚ ਕਰਵਾਇਆ। ਸਤਿਗੁਰੂ ਜੀ ਦੀ ਬਖਸ਼ਸ਼ ਅਨੁਸਾਰ ਇਹ ਅੱਖੀਆਂ ਤੋਂ (ਬਿਨਾਂ ਕੋਈ ਐਨਕ ਲਾਇਆ) ਮਾਤਾ ਜੀ ਪੰਝੀ ਸਾਲ ਤਕ ਪਾਠ ਆਦਿਕ ਕਰ ਲੈਂਦੇ ਰਹੇ।

ਇਕ ਚੋਜ ਸ੍ਰੀ ਸਤਿਗੁਰੂ ਜੀ ਹੋਰ ਕੀਤਾ ਜੋ ਗੋਡਿਆਂ ਦੇ ਦਰਦ ਦਾ ਬਹਾਨਾ ਕਰ ਇਕ ਕ੍ਰਿਸਚੀਅਨ ਡਾਕਟਰ



Sri Satguru Jagjit Singh Ji Elibrary NamdhariElibrary@gmail.com

ਵਿਲੀਅਮ ਨੂੰ ਦਿਖਾਨ ਲਈ ਉਸਦੇ ਦਵਾਖਾਨਾ ਵਿਚ ਐਤਵਾਰ ਵਾਲੇ ਦਿਨ ਪਹੁੰਚੇ। ਉਹ ਡਾਕਟਰ ਉਸ ਵੇਲੇ ਅਜੇ ਉਪਰ ਹੀ ਸੀ ਜਦ ਹੇਠਾਂ ਪਉੜੀਆਂ ਤੋਂ ਉਤਰ ਕੇ ਆ ਰਿਹਾ ਸੀ ਤਾਂ ਨੂਰਾਨੀ ਚੇਹਰੇ ਦਾ ਦਰਸ਼ਨ ਕਰਕੇ ਉਨ੍ਹਾਂ ਪੈਰਾਂ ਤੇ ਵਾਪਸ ਉਤੇ ਚਲਾ ਗਿਆ ਜਿਵੇਂ ਕਿ ਕੁਝ ਭੁਲ ਗਿਆ ਹੁੰਦਾ ਹੈ ਅਤੇ ਉਪਰ ਜਾ ਕੇ ਇਕ ਟ੍ਰੇ (Tray) ਵਿਚ ਕੁਝ ਫਲ ਰੱਖ ਕੇ ਤੇ ਕੁਝ ਮਾਇਆ ਰੱਖ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਆਨ ਕੀਤੀ ਤੇ ਕਹਿਨ ਲੱਗਾ :- "ਜੋ ਮੈਂ ਏਹਨਾਂ ਦਾ ਇਲਾਜ ਕੀ ਕਰ ਸਕਦਾ ਹਾਂ, ਜੋ ਆਪ ਸਾਡੇ ਇਲਾਜ ਦੂਰ ਕਰਨ ਵਾਲੇ ਹਨ। ਉਸਨੇ ਸਿਆਮੀ ਭਾਸ਼ਾ ਵਿਚ ਦੱਸਿਆ ਜੋ ਇਨ੍ਹਾਂ ਵਿਚੋਂ ਮੈਨੂੰ ਈਸਾ ਜੀ ਦੇ ਦਰਸ਼ਨ ਹੋਏ ਹਨ।

(ਇਹ ਉਪਰਲੀ ਵਾਰਤਾ ਮੈਨੂੰ ਜੈਮਲ ਸਿੰਘ ਸੇਠੀ ਜੀ ਨੇ ਸੁਨਾਈ ਹੈ ਜੋ ਸਤਿਗੁਰੂ ਜੀ ਦੇ ਨਾਲ ਇਸ ਡਾਕਟਰ ਦੇ ਪਾਸ ਗਿਆ ਸੀ ਤੇ ਅਜੇ ਵੀ ਸਰੀਰ ਕਰਕੇ ਜੀਵਤ ਹੈ)

ਉਸ ਵੇਲੇ ਬੰਕੋਕ ਵਿਖੇ ਇਕ ਸੰਨਿਆਸੀ ਬਾਬਾ ਰਹਿੰਦਾ ਸੀ ਪਹਿਰਾਵੇ ਤੇ ਬੋਲੀ ਤੋਂ ਓਹ ਹਿੰਦ ਜਾਪਦਾ ਸੀ ਜਿਵੇਂ ਯੂ. ਪੀ. ਪਰਾਂਤ ਦਾ ਰਹਿਣ ਵਾਲਾ ਹੈ ਪਰ ਅਸਲ ਵਿਚ ਉਹ ਇਕ ਪੰਜਾਬੀ ਸਾਧੂ ਸੀ ਤੇ ਬਹੁਤ ਘੱਟ ਹੀ ਉਸਦਾ ਆਵਨ ਜਾਨ ਘਰਾਂ ਵਿਚ ਸੀ ਉਸ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰੀ ਭਰ ਕੇ ਕੁਝ ਐਸੇ ਬਚਨ ਕੀਤੇ ਸਨ ਜਿੰਨਾ ਬਾਰੇ ਮੈਨੂੰ ਬੜੀ ਕੋਸ਼ਸ਼ ਤੇ ਪੁੱਛ ਗਿੱਛ ਕਰਨ ਤੇ ਵੀ ਪੂਰੀ ਜਾਣਕਾਰੀ ਨਹੀਂ ਮਿਲ ਸਕੀ ਕੇਵਲ ਏਨਾਂ ਹੀ ਪਤਾ ਲਗਾ ਸੀ ਕਿ ਉਹ ਆਪਨਾਂ ਮਨ ਦਾ ਸ਼ੰਕਾ ਦੂਰ ਕਰਕੇ ਗਿਆ ਸੀ।

ਗ੍ਰੀਬ ਨਿਵਾਜ ਜੀ ਦੇ ਹੁਕਮ ਅਨੁਸਾਰ ਉਸ ਵੇਲੇ ਪਾਠ ਮੁਕਾਬਲਾ (ਸੁਧ ਪਾਠ) ਵੀ ਹੋਇਆ ਸੀ ਤੇ ਨਾਮਧਾਰੀ ਸਿਖਾਂ ਤੋਂ ਬਿਨਾਂ ਗੈਰ ਨਾਮਧਾਰੀ ਵੀਰਾਂ ਸਿਖਾਂ ਨੇ ਵੀ ਭਾਗ ਲਿਆ ਸੀ। ਪਾਠੀਆਂ ਪਾਸੋਂ ਜੋ ਸੁਭਾਵਕ ਤੌਰ ਤੇ ਗਲਤੀਆਂ ਹੋਈਆਂ ਉਹ ਸਿਆਰੀ ਬਿਹਾਰੀ ਲਾਂ ਤੇ ਦੁਲਾਵਾਂ, ਔਂਕੜ ਤੇ ਕਨੌੜਾ, ਦ ਤੇ ਰ ਦੀ ਅਵਾਜ਼ ਵਿਚ ਫਰਕ ਇਤਿਆਦਿ ਦੀਆਂ ਸਨ ਇਸ ਮੁਕਾਬਲੇ ਵਿਚ ਸ੍ਰੀ ਸਤਿਗੁਰੂ ਜੀ ਵੀ ਹਿੱਸਾ ਲਿਆ ਸੀ ਤੇ ਪਹਿਲਾ ਨੰਬਰ ਆਪ ਜੀ ਦਾ ਆਇਆ ਸੀ।

ਰੋਜ਼ਾਨਾ ਦੁਪਹਿਰ ਵੇਲੇ ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ ਇਕ ਘੰਟਾ ਕਥਾ ਕਰਦੇ ਸਨ ਤੇ ਪੂਰੇ ਟਾਈਮ ਨਾਲ ਸ਼ੁਰੂ ਕਰ ਦੇਂਦੇ ਸਨ। ਇਕ ਦਿਨ ਆਪ ਦਾ ਜਦ ਕਥਾ ਸ਼ੁਰੂ ਕਰਨ ਦਾ ਵਕਤ ਹੋ ਗਿਆ ਤੇ ਉਸ ਵੇਲੇ ਕੇਵਲ ਚਾਰ ਪੰਜ ਸਰੀਰ ਹੀ ਪਾਸ ਬੈਠੇ ਸਨ ਤਾਂ ਵਿਚੋਂ ਇਕ ਕਿਸੇ ਨੇ ਬੇਨਤੀ ਕੀਤੀ "ਸੰਤ ਜੀ। ਕੁਝ ਮਿੰਟ ਠਹਿਰ ਜਾਵੋ, ਸੰਗਤ ਨੂੰ ਆ ਲੈਣ ਦਿਓ"। ਤਾਂ ਸੰਤਾਂ ਨੇ ਬੜੇ ਪਿਆਰ ਵਿਚ ਹੋ ਕੇ ਉੱਤਰ ਦਿਤਾ ਜੋ ਇਸ ਪਰਕਾਰ ਸੀ। "ਭਾਈ ਮੈਂ ਤਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪੂਰੇ ਟਾਈਮ ਤੇ ਕਥਾ ਸ਼ੁਰੂ ਕਰ ਦੇਨੀ ਹੈ ਚਾਹੇ ਸੰਗਤ ਵਿਚੋਂ ਕੋਈ ਵੀ ਨਾ ਆਇਆ ਹੋਵੇ ਇਸ ਨਾਲ ਮੈਨੂੰ ਕੋਈ ਫਰਕ ਨਹੀਂ ਹੈ।"

ਰਾਗੀ ਸਿੰਘਾਂ ਦੇ ਸ਼ਾਮ ਦੇ ਕੀਰਤਨ ਤੋਂ ਬਾਦ ਫਿਰ ਰਾਤ ਨੂੰ ਜੱਥੇਦਾਰ ਫੌਜਾ ਸਿੰਘ ਜੀ ਦਾ ਕੀਰਤਨ ਹੁੰਦਾ ਜਿਸ ਵਿਚ ਢੋਲਕ ਦਾ ਸਾਥ ਮਹੰਤ ਇੰਦਰ ਸਿੰਘ ਜੀ ਦੇ ਦੇ। ਆਪ ਮਿਠੀਆਂ ਧਾਰਨਾ ਪੜਦੇ ਤੇ ਆਪ ਜੀ ਦੀ ਰਸਨਾਂ ਵਿਚ ਬੜਾ ਰਸ ਸੀ। ਕੀਰਤਨ ਸੁਨਣ ਵਾਲਾ ਜਿਸ ਨਾਲ ਮੋਹਿਆ ਜਾਂਦਾਂ। ਅਜੇ ਵੀ ਆਪ ਦੀਆਂ ਧਾਰਨਾਂ ਦੀ ਗੂੰਜ ਕੰਨਾਂ ਵਿਚ ਰਹਿੰਦੀ ਹੈ।

"ਨਾਲੇ ਕਾਨ੍ਹ ਗਊਆਂ ਚਾਰਦਾ ਰੰਗ ਰੰਗ ਦੀ ਬਜਾਵੇ ਕਾਨ੍ਹ ਬੰਸਰੀ।"

"ਤੇਰੀ ਬੰਸਰੀ ਦੀ ਧੁਨ ਸੁਨ ਕੇ ਰਾਜੇ ਜੋਗੀ ਹੋ ਗਏ ਨੇ"

"ਕਾਹਨੂੰ ਛਾਲ ਜਮਨਾਂ ਵਿਚ ਮਾਰੀ ਨਿੱਕੀ ਜ਼ੇਹੀ ਗੇਂਦ ਬਦਲੇ।"

ਜਿਵੇਂ ਕਿ ਮੈਂ ਉਪਰ ਸ਼ੁਰੂ ਤੋਂ ਲਿਖ ਕੇ ਆਇਆ ਹਾਂ ਕਿ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਨ ਤੋਂ ਪਹਿਲਾਂ ਏਥੇ ਸਿੰਘ ਸਭਾ ਗੁਰਦਵਾਰੇ ਵਿਖੇ ਦੇਹਧਾਰੀ ਗੁਰੂ ਦੇ ਖਿਲਾਫ ਪਰਚਾਰ ਨਿੱਤ ਹੋਂਵਦਾ ਸੀ ਤੇ ਗ੍ਰੰਥ ਸਾਹਿਬ ਨੂੰ ਗੁਰੂ ਦੇ ਮੰਨਣ ਲਈ ਅਪਣ ਢੰਗ ਨਾਲ ਪਰਚਾਰ ਵਿੱਚ ਕਈ ਅਯੋਗ ਸ਼ਬਦ ਵੀ ਵਰਤੇ ਜਾਂਦੇ ਸਨ ਤਾਂ ਉਸ ਦਾ ਜਵਾਬ ਦੇਨ ਲਈ ਸੰਤ ਨਿਧਾਨ ਸਿੰਘ ਜੀ ਆਲਿਮ ਤਿਆਰ ਹੋ ਗਏ ਪਰ ਗ੍ਰੀਬ-ਨਿਵਾਜ਼ ਜੀ ਨੇ ਇਹਨਾਂ ਨੂੰ ਰੋਕ ਦਿਤਾ ਤੇ ਹੁਕਮ ਕੀਤਾ ਕਿ ਅਸਾਂ ਨੇ ਕਿਸੇ ਦੇ ਖਿਲਾਫ ਨਹੀਂ ਬੋਲਣਾ, ਕੇਵਲ ਆਪਨੇ ਧਰਮ ਦਾ ਪਰਚਾਰ ਮੰਡਨ ਰੂਪ ਵਿਚ ਕਰਨਾ ਹੈ ਪਰ ਉਹ



Sri Satguru Jagjit Singh Ji Elibrary NamdhariElibrary@gmail.com

ਸ਼ਬਦ ਨਹੀਂ ਵਰਤਣੇ ਜਿਸ ਨਾਲ ਕਿਸੇ ਦੇ ਹਿਰਦੇ ਨੂੰ ਤਕਲੀਫ ਪਹੁੰਚੇ।" ਅਤੇ ਰੋਜ਼ ਦਾ ਕੁਝ ਟਾਈਮ ਨੀਯਤ ਕਰ ਦਿਤਾ ਕਿ ਜਿਸ ਨੂੰ "ਦੇਹ ਧਾਰੀ ਗੁਰੂ ਬਾਰੇ ਕੋਈ ਸ਼ੰਕਾ ਹੋਵੇ ਤਾਂ ਉਹ ਇਤਿਹਾਸ ਤੇ ਗੁਰਬਾਣੀ ਅਨੁਸਾਰ ਦੂਰ ਕੀਤਾ ਜਾਵੇਗਾ" ਪਰੰਤੂ ਇਹਨਾਂ ਦਿਨਾਂ ਵਿਚ ਇਕ ਵੀ ਸ਼ੰਕਾਵਾਦੀ ਉਥੇ ਨਹੀਂ ਪਹੁੰਚਿਆ।

ਸਿੰਘ ਸਭਾ ਵਾਲਿਆਂ ਏਹ ਵੀ ਪਾਸ ਕੀਤਾ ਸੀ ਜੋ ਕੋਈ ਵੀ ਸ੍ਰੀ ਸਤਿਗੁਰੂ ਜੀ ਚਰਨ ਆਪਣੇ ਘਰਾਂ ਵਿਚ ਨ ਪਵਾਏ ਪਰ ਇਸ ਵਿੱਚ ਵੀ ਉਹ ਕਾਮਯਾਬ ਨਾ ਹੋਏ। ਸਭ ਤੋਂ ਪਹਿਲਾਂ ਸ: ਬੂੜ ਸਿੰਘ ਨਰੂਲਾ ਫਿਲੌਰੀ ਨਿਵਾਸੀ ਨੂੰ ਜਦ ਇਹ ਪਤਾ ਲਗਾ ਕਿ ਗੁਰਦਵਾਰੇ ਇਹ ਮਤਾ ਪਾਸ ਕੀਤਾ ਹੈ ਤਾਂ ਉਹ ਕਹਿਨ ਲੱਗਾ ਕਿ ਅਸੀਂ ਮੁੱਢ ਤੋਂ ਹੀ ਆਪਣੇ ਪਿੰਡਾਂ ਵਿਚ ਸਤਿਗੁਰੂ ਜੀ ਦੇ ਚਰਨ ਆਪਣੇ ਘਰਾਂ ਵਿਚ ਪਵਾਂਦੇ ਆਏ ਹਾਂ ਇਹ ਕੀ ਲਗਦੇ ਹਨ ਸਾਨੂੰ ਮਨ੍ਹਾਂ ਕਰਨ ਵਾਲੇ? ਤੇ ਫਿਰ ਉੱਚੀ ਸਾਰੀ ਕਹਿਨ ਲੱਗਾ "ਸਭ ਤੋਂ ਪਹਿਲਾਂ ਮੈਂ ਚਰਨ ਪੁਆਵਾਂਗਾ, ਕਿਹੜਾ ਜੰਮਿਆ ਹੈ ਮੈਨੂੰ ਰੋਕਨ ਵਾਲਾ?" ਸੋ ਉਸ ਦੇ ਚਰਨ ਪਵਾਨ ਤੇ ਹੋਰ ਵੀ ਫਿਲੌਰੀ ਨਿਵਾਸੀ ਗੈਰ ਨਾਮਧਾਰੀਆਂ ਨੇ ਚਰਨ ਪੁਵਾਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਲਈਆਂ ਤੇ ਹਿੰਦੂ ਵੀਰਾਂ ਨੇ ਵੀ ਅਰਜ਼ਾਂ ਕਰਕੇ ਚਰਨ ਪਵਾਏ ਸਨ।

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਏਥੇ ਬਸੰਤ ਪੰਚਮੀ ਦਾ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਜੋ ਕਿ ੨੧ ਜਨਵਰੀ ੧੯੩੪ ਐਤਵਾਰ ਦਾ ਦਿਨ ਸੀ ਇਸ ਅਵਸਰ ਤੇ ਸ੍ਰੀ ਸਤਿਗੁਰੂ ਜੀ ਦੇ ਡੇਰੇ (ਫੱਯਾ ਬਾਈ ਬੰਗਲੇ) ਵਿਖੇ ਅਖੰਡ ਪਾਠ ਰੱਖਿਆ ਗਿਆ। ਇਸ ਲਈ ਸਭ ਸੰਸਥਾਵਾਂ ਨੂੰ ਸੱਦਾ ਪੱਤਰ ਭੇਜਿਆ ਗਿਆ। ਸ਼ਹਿਰ ਤੋਂ ਇਹ ਜਗ੍ਹਾ ਕੁਝ ਦੂਰ ਹੋਨ ਤੇ ਅਤੇ ਆਵਾ ਜਾਈ ਲਈ ਸਵਾਰੀ ਦਾ ਪਰਬੰਧ ਪੂਰਾ ਨਾ ਹੋਨ ਤੇ ਸਭ ਦੀ ਸਹੂਲਤ ਲਈ ਦੋ ਬਸਾਂ ਦਾ ਇੰਤਜ਼ਾਮ ਕੀਤਾ ਗਿਆ ਸੀ। ਸ੍ਰੀ ਸਤਿਗੁਰੂ ਜੀ ਵਲੋਂ ਸਨਿਚਰ ਵਾਰ ਦੀ ਰਾਤ ਵਾਸਤੇ ਸਾਰੀ ਰਾਤ ਦਾ ਕੀਰਤਨ ਅਤੇ ਜਗਰਾਤੇ ਦਾ ਹੁਕਮ ਸੀ। ਬੱਸਾਂ ਰਾਤ ਦੇ ਅੱਠ ਵਜੇ ਤੋਂ ਹੀ ਫੱਯਾ ਬਾਈ ਵੱਲ ਚਲਨੀਆਂ ਸ਼ੁਰੂ ਹੋ ਗਈਆਂ ਸਨ ਤੇ ਨਾਮਧਾਰੀ ਸੰਗਤ ਤੋਂ ਬਿਨਾਂ ਅਕਾਲੀ ਸਿਖ ਤੇ ਹਿੰਦੂ ਵੀਰ ਵੀ ਘਰਾਂ ਨੂੰ ਜੰਦਰੇ ਮਾਰ ਕੇ ਪਰਵਾਰ ਸਹਿਤ ਇਸ ਪੁਰਬ ਵਿਚ ਸ਼ਾਮਲ ਹੋ ਕੇ ਰੌਣਕ ਨੂੰ ਵਧਾਇਆ। ਇਕ ਬੰਗਾਲੀ ਸੰਨਿਆਸੀ ਬਾਬਾ ਸਵਾਮੀ ਸਤਯਾਨੰਦ ਪੁਰੀ ਜੋ ਸੰਗਤ ਦੀ ਜਾਣਕਾਰੀ ਵੀ ਰੱਖਦੇ ਸਨ ਓਹ ਵੀ ਇਸ ਵਿਚ ਸ਼ਾਮਲ ਹੋਏ ਸਨ। ੨੧ ਜਨਵਰੀ ੧੯੩੪ ਨੂੰ ਜਦ ਇਨ੍ਹਾਂ ਸਤਰਾਂ ਦਾ ਲੇਖਕ (ਉਸ ਵੇਲੇ ਦੀ ਛੋਟੀ ਉਮਰ ਵਿਚ) ਉਥੇ ਪਹੁੰਚਿਆ ਤਾਂ ਇਸ਼ਨਾਨ ਕਰਨ ਤੋਂ ਬਾਦ ਪਰਕਾਸ਼ ਕੀਤੇ ਸ੍ਰੀ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਤਾਂ ਉਸ ਵੇਲੇ ਗ੍ਰੀਬ-ਨਿਵਾਜ਼ ਸ੍ਰੀ ਸਤਿਗੁਰੂ ਜੀ ਆਪ ਅਖੰਡ ਪਾਠ ਦੀ ਰੌਲ ਤੇ ਬੈਠੇ ਪਾਠ ਕਰ ਰਹੇ ਸੀ। ਜੋ ਅਨੰਦ ਉਸ ਵੇਲੇ ਆਇਆ ਉਹ ਅਕੱਥਨੀਯ ਹੈ। ਤਕਰੀਬਨ ਪੌਣੇ ਪੰਜ ਵਜੇ ਅਖੰਡ ਪਾਠ ਦੇ ਭੋਗ ਤੋਂ ਬਾਦ ਬਾਹਰ ਗਰਾਊਂਡ ਤੇ ਦਰੀਆਂ ਵਿਛੀਆਂ ਹੋਈਆਂ ਸਨ। ਰਾਗੀ ਸਿੰਘਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕੀਤਾ ਗ੍ਰੀਬ-ਨਿਵਾਜ਼ ਜੀ ਤਾਊਸ ਦੀਆਂ ਸੁਰਾਂ ਨਾਲ ਇਸ ਵਿਚ ਹੋਰ ਰਸ ਭਰ ਦਿਤਾ। ਇਕ ਵਿਸ਼ਾਲ ਹਵਨ-ਕੁੰਡ ਵਿਚ ਹਵਨ ਕੀਤਾ ਜਾ ਰਿਹਾ ਸੀ। ਪਾਠੀ ਸਿੰਘ ਪਾਠ ਕਰ ਰਹੇ ਸਨ ਤੇ ਹਵਨ ਦੀ ਅਗਨੀ ਪ੍ਰਚੰਡ ਹੋ ਕੇ ਸੁਗੰਧ ਭਰੀ ਲਾਟਾਂ ਛਡ ਕੇ ਸਮੇਂ ਨੂੰ ਹੋਰ ਵੀ ਸੁਹਾਵਨਾ ਬਨਾ ਰਹੀ ਸੀ। ਸ੍ਰੀ ਸਤਿਗੁਰੂ ਜੀ ਦੀ ਰਸਨਾਂ ਤੋਂ ਕੀਰਤਨ ਦੀਆਂ ਧਨਾਂ ਸੁਨ ਕੇ ਅਨੇਕਾਂ ਮਸਤਾਨੇ ਪੰਡਾਲ ਵਿਚ ਲੇਟਨੀਆਂ ਲੈ ਰਹੇ ਸਨ ਜਿਸ ਦਾ ਵਰਨਣ ਕਰਨਾ ਅਤਿ ਕਠਨ ਹੈ। ਕੀਰਤਨ ਦਾ ਭੋਗ ਤੇ ਬਸੰਤ ਦੇ ਮੇਲੇ ਦਾ ਭੋਗ ਤਕਰੀਬਨ ੯ ਵਜੇ ਤੋਂ ਉਪਰ ਪਿਆ ਅਤੇ ਲੰਗਰ ਛਕਣ ਉਪਰੰਤ ਸੰਗਤਾਂ ਆਪੋ ਆਪਣੇ ਘਰੀ ਵਾਪਸ ਗਈਆਂ।

ਸ੍ਰੀ ਸਤਿਗੁਰੂ ਜੀ ਨੇ ਪਤਾ ਨਹੀਂ ਕਿੰਨੇ ਕੁ ਚੋਜ ਕੀਤੇ ਜੋ ਗਿਣੇ ਨਹੀਂ ਜਾ ਸਕਦੇ। ਫਿਰ ਵੀ ਇਸ ਵਿਚੋਂ ਸਾਗਰ ਚੋਂ ਇਕ ਬੂੰਦ ਅਨੁਸਾਰ ਵਰਨਣ ਕਰ ਸਕਿਆ ਹਾਂ ਤੇ ਜੇ ਕਰ ਕੋਈ ਹੋਰ ਵੀ ਯਾਦ ਆ ਗਿਆ ਤਾਂ ਉਹ ਵੀ ਲਿਖ ਸਕਾਂਗਾ। ਜਿਵੇਂ ਕਿ ਇਕ ਦਿਨ ਸ਼ਾਮ ਦੇ ਕੀਰਤਨ ਸਮੇਂ ਸੰਤ ਵਜ਼ੀਰ ਸਿੰਘ ਜੀ ਕੁਮਾਰ ਮਸਤਾਨੇ ਹੋ ਗਏ ਤਾਂ ਆਪ ਸ੍ਰੀ ਸਤਿਗੁਰੂ ਜੀ ਦੇ ਸੰਘਾਸਨ ਤੇ ਜਾ ਪਏ। ਜਦ ਉਹ ਹੋਸ਼ ਵਿਚ ਆਏ ਤਾਂ ਕਿਸੇ ਨੇ ਉਹਨਾਂ ਨੂੰ ਦੱਸਿਆ ਕਿ ਤੁਸੀਂ ਜਦ ਮਸਤਾਨੇ ਹੋ ਗਏ ਸੀ ਤਾਂ ਉਸ ਵੇਲੇ ਤੁਹਾਡੀ ਲੱਤ ਸ੍ਰੀ ਸਤਿਗੁਰੂ ਜੀ ਨੂੰ ਵੱਜੀ ਸੀ ਉਹ ਸੁਣ ਕੇ ਰਾਤ ਵੇਲੇ ਬੰਗਲੇ (ਡੇਰੇ) ਪਹੁੰਚੇ ਤੇ ਖਿਮਾਂ ਮੰਗੀ ਕਿ ਮੇਰੇ ਪਾਸੋਂ ਭੁਲ



Sri Satguru Jagjit Singh Ji Elibrary NamdhariElibrary@gmail.com

ਹੋ ਗਈ ਹੈ" ਸ੍ਰੀ ਸਤਿਗੁਰੂ ਜੀ ਉੱਤਰ ਵਜੋਂ ਬਚਨ ਕੀਤਾ, "ਕਿ ਜੇ ਤੂੰ ਮਸਤਾਨੀ ਬਿਰਤੀ ਵਿਚ ਸੀ ਤਾਂ ਤੈਨੂੰ ਹੋਸ਼ ਨਹੀਂ ਹੋਣੀ ਚਾਹੀਦੀ ਤੇ ਜੇ ਕਰ ਤੂੰ ਹੋਸ਼ ਵਿਚ ਸੈਂ ਤਾਂ ਤੂੰ ਮਸਤਾਨਾ ਨਹੀਂ ਹੋ ਸਕਦਾ।" ਸੰਤ ਵਜ਼ੀਰ ਸਿੰਘ ਨੇ ਫਿਰ ਇਹ ਕਿਹਾ :—'ਮੈਨੂੰ ਕੋਈ ਪਤਾ ਨਹੀਂ ਕਿ ਮੈਂ ਕਿਥੇ ਡਿਗਾ ਹਾਂ। ਇਹ ਮੈਨੂੰ ਕਿਸੇ ਨੇ ਦੱਸਿਆ ਹੈ ਤਾਂ ਉਸ ਦੇ ਅਨੁਸਾਰ ਮੈਂ ਆਪ ਜੀ ਪ੍ਰਤੀ ਬੇਨਤੀ ਕੀਤੀ ਹੈ। ਵੈਸੇ ਮੈਨੂੰ ਇਸ ਦੀ ਕੋਈ ਜਾਣਕਾਰੀ ਨਹੀਂ।" ਸਤਿਗੁਰੂ ਜੀ ਨੇ ਫਿਰ ਕਿਹਾ :—'ਜੇ ਕਰ ਇਸ ਪ੍ਰਕਾਰ ਹੈ ਤਾਂ ਫਿਰ ਕੋਈ ਗੱਲ ਨਹੀਂ।"

ਇਕ ਦਿਨ ਸ਼ਾਮ ਦੇ ਦੀਵਾਨ ਦੇ ਭੋਗ ਤੋਂ ਬਾਦ ਅਰਦਾਸ ਹੋਣ ਉਪਰੰਤ ਇਕ ਸਿਖ ਜੈਮਲ ਸਿੰਘ ਸੇਠੀ ਨੇ "ਧੰਨ ਸ੍ਰੀ ਸਤਿਗੁਰੂ ਪਰਤਾਪ ਸਿੰਘ" ਕਹਿ ਕੇ ਸੰਬੋਧਨ ਕੀਤਾ ਸਤਿਗੁਰੂ ਜੀ ਦੇ ਮਨ੍ਹਾ ਕਰਨ ਤੇ ਇਕ ਵੇਰੀ ਫੇਰ ਕਿਹਾ ਤੇ ਗ੍ਰੀਬ ਨਿਵਾਜ ਉਸੇ ਵੇਲੇ ਨਰਾਜ ਹੋ ਕੇ ਪਉੜੀਆਂ ਤੋਂ ਇਸ ਤਰ੍ਹਾਂ ਉਤਰੇ ਜਿਵੇਂ ਛਾਲ ਮਾਰੀਦੀ ਹੈ। ਹੇਠਾਂ ਖੜੀ ਮੋਟਰ ਤੇ ਆਨ ਸਵਾਰ ਹੋਏ ਜੋ ਵਾਪਸ ਜਾਨ ਲਈ ਤਿਆਰ ਸੀ ਤੇ ਬੈਠਦਿਆਂ ਹੀ ਸਿਆਮੀ ਡਰਾਈਵਰ, ਜਿਸ ਦਾ ਨਾਮ "ਈਅਮ" ਸੀ ਉਸ ਨੂੰ ਕਹਿਨ ਲੱਗੇ. 'ਪਾਏ ਬਾਨ" (ਇਹ ਸਿਆਮੀ ਬੋਲੀ ਦਾ ਸ਼ਬਦ ਹੈ ਜਿਸ ਦਾ ਮਤਲਬ ਇਹ ਹੈ ਜੋ "ਘਰ ਚਲ")। ਇਤਨੇ ਨੂੰ ਸੰਤ ਬਹਾਦਰ ਸਿੰਘ ਤੇ ਸੰਤ ਵਜ਼ੀਰ ਸਿੰਘ ਜੀ ਵੀ ਆ ਕੇ ਪਾਸ ਬੈਠ ਗਏ ਗ੍ਰੀਬ-ਨਿਵਾਜ ਜੀ ਡੇਰੇ ਵਾਪਸ ਚਲੇ ਗਏ ਤਾਂ ਫਿਰ ਕੁਝ ਚਿਰ ਬਾਦ ਉਹ ਸਿਖ ਜੈਮਲ ਸਿੰਘ ਡੇਰੇ ਪੁਜਾ ਤੇ ਭੁਲ ਬਖਸ਼ਾਈ। ਸਿਆਮੀ ਡਰਾਈਵਰ ਇਸ ਗਲੋਂ ਹੈਰਾਨ ਸੀ ਜੋ ਏਹਨਾਂ ਨੂੰ ਮੇਰਾ ਨਾਮ ਤੇ ਸਿਆਮੀ ਦੇ ਸ਼ਬਦ ਕਿਸ ਤਰ੍ਹਾਂ ਪਤਾ ਲਗ ਗਿਆ ਹੈ।

ਸ੍ਰੀ ਸਤਿਗੁਰੂ ਜੀ ਚੰਗਮਈ ਲੰਪਾਂਡ ਰਸਤਿਓਂ ਉੱਤਰ ਵਾਲੇ ਪਾਸਿਉਂ ਹੋ ਕੇ ਬੈਂਕੋਕ ਆਏ ਸਨ। ਰਸਤੇ ਵਿਚ ਪਹਾੜੀ ਰਸਤੇ ਤੇ ਘਣੇ ਜੰਗਲਾਂ ਨੂੰ ਪਾਰ ਕੀਤਾ ਸੀ ਤਾਂ ਇਥੇ ਬੈਂਕੋਕ ਤੋਂ ਵਾਪਸ ਜਾਨ ਦਾ ਪ੍ਰੋਗਰਾਮ ਇਸ ਪਰਕਾਰ ਨੀਯਤ ਕੀਤਾ ਗਿਆ ਜੋ ਸ੍ਰੀ ਸਤਿਗੁਰੂ ਜੀ ਸਹਿਤ ਕੁਝ ਸੇਵਕ ਤੇ ਹਜ਼ੂਰੀ ਜੱਥਾ ਗੱਡੀ ਰਾਹੀਂ ਦੱਖਨ ਪਾਸੇ ਮਲਾਯਾ ਦੀ ਬੰਦਰਗਾਹ ਪੀਨਾਂਗ ਵਲ ਜਾਵੇਗਾ ਤੇ ਮਲਾਯਾ ਤੋਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ ਪਹੁੰਚੇਗਾ।

ਮਾਤਾ ਜੀ ਅਤੇ ਕਈ ਹਜ਼ੂਰੀ ਸੇਵਕ ਤੇ ਜੱਥਾ ਉੱਤਰ ਪੱਛਮ ਵਾਲੇ ਪਾਸੇ ਗੱਡੀ ਤੇ ਘੋੜਿਆਂ ਰਾਹੀਂ ਮੈਸੋਟ ਪਹੁੰਚੇਗਾ ਤੇ ਇਥੋਂ ਬਰਮਾਂ ਸਰਹੱਦ ਪਾਰ ਕਰਕੇ ਮੌਲਮੀਨ ਸ਼ਹਿਰ ਤੋਂ ਹੋ ਕੇ ਰੰਗੂਨ ਵਲ ਜਾਵੇਗਾ ਸੋ ਇਸ ਲਈ ਰਸਤੇ ਦੀ ਜਾਣਕਾਰੀ ਲਈ ਸੰਤ ਕੇਸਰ ਸਿੰਘ ਜੀ ਕਿਲਾ ਸੋਭਾ ਸਿੰਘ ਦੇ ਅਤੇ ਇਕ ਸਰੀਰ ਹੋਰ ਨਾਲ ਜਾਣ ਲਈ ਤਿਆਰ ਕੀਤੇ ਗਏ।

ਸ੍ਰੀ ਗ੍ਰੀਬ-ਨਿਵਾਜ ਬੈਂਕੋਕ ਤੋਂ ਬੁਧਵਾਰ ੨੪ ਜਨਵਰੀ ੧੯੩੪ ਸ਼ਾਮ ਦੇ ਚਾਰ ਵਜੇ ਹੂਆਲੰਫੋਂਗ ਸਟੇਸ਼ਨ ਤੋਂ ਰਵਾਨਾ ਹੋਨਾ ਸੀ। ਸਭ ਗ੍ਰਰੇਣੀਆਂ ਦੇ ਆਗੂ ਤੇ ਨਾਮਧਾਰੀ ਸੰਗਤ ਵਿਦਾ ਕਰਨ ਲਈ ਆਏ ਹੋਏ ਸੀ। ਗੱਡੀ ਦੇ ਚਲਣ ਲਈ ਕੁਝ ਮਿੰਟ ਪਹਿਲਾਂ ਸ: ਰਾਮ ਸਿੰਘ ਕਾਲੜਾ ਵੀ ਪਹੁੰਚਾ ਜੋ ਮਨ ਦਾ ਕਠੋਰ ਤੇ ਮੂੰਹ ਦਾ ਬਹੁਤ ਮਿੱਠਾ ਸੀ ਸਤਿਗੁਰੂ ਜੀ ਜਦ ਗੱਡੀ ਚੜ੍ਹਨ ਲੱਗੇ ਤਾਂ ਆਵਾਜ਼ ਦੇ ਕੇ ਕਹਿਨ ਲੱਗੇ "ਰਾਮ ਸਿੰਘ ਜੀ, ਲਉ ਹਾਰ" ਇਹ ਪੁਸ਼ਪ ਹਾਰ ਗ੍ਰੀਬ-ਨਿਵਾਜ਼ ਜੀ ਨੇ ਉਸ ਦੇ ਗਲ ਵਿਚ ਪਾਇਆ ਤਾਂ ਉਹ ਹਾਰ ਉਸੇ ਵੇਲੇ ਟੁੱਟ ਗਿਆ। ਸਭ ਦੇ ਮਨ ਵਿਚ ਇਹ ਗੱਲ ਆ ਗਈ ਕਿ ਰਾਮ ਸਿੰਘ ਦੀ ਹਾਰ ਹੋ ਗਈ ਹੈ। ਸ੍ਰੀ ਸਤਿਗੁਰੂ ਜੀ ਦੇ ਨਾਲ ਰਸਤੇ ਦੀ ਜਾਣਕਾਰੀ ਲਈ ਤੇ ਪੀਨਾਂਗ ਤੋਂ ਸਮੁੰਦਰੀ ਜਹਾਜ਼ ਤੇ ਚੜ੍ਹਾਨ ਲਈ ਸ: ਗੁਰਬਖਸ਼ ਸਿੰਘ ਜੀ 'ਪ੍ਰੀਤਮ' ਨਾਲ ਗਏ।

ਮਾਤਾਂ ਜੀ ਤੇ ਬਾਕੀ ਦਾ ਜੱਥਾ ਦੂਜੇ ਦਿਨ ਸਵੇਰੇ ਗੱਡੀ ਤੇ ਰਵਾਨਾ ਹੋਇਆ (ਯਾਦ ਨਹੀਂ ਕਿ ਗੱਡੀ ਉਸ ਵੇਲੇ ਪਕਨੇਫੋ ਜਾਂਦੀ ਸੀ ਜਾਂ ਵਿਸ਼ਨੂਲੋਕ ਨੂੰ ਜਾਂਦੀ ਸੀ ਤੇ ਅੱਗੋਂ ਬੱਸ ਰਾਹੀਂ ਤਾਕ (ਜਿਸ ਨੂੰ ਰੈਹ ਵੀ ਕਹਿੰਦੇ ਸਨ) ਜਾ ਕੇ ਉਥੋਂ ਘੋੜਿਆਂ ਤੇ ਦੋ ਰਾਤਾਂ ਦਾ ਸਫਰ ਕਰ ਕੇ ਬਰਮਾਂ ਦੀ ਸਰਹੱਦ ਤੇ ਮੈਸੋਟ ਸ਼ਹਿਰ ਪਹੁੰਚੀ ਦਾ ਸੀ।

ਗ੍ਰੀਬ-ਨਿਵਾਜ ਜੀ ਹਜ਼ੂਰੀ ਜਥੇ ਸਮੇਤ ਨੀਯਤ ਕੀਤੇ ਪ੍ਰੋਗਰਾਮ ਅਨੁਸਾਰ ਪੀਨਾਂਗ ਤੋਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ ਪਹੁੰਚੇ ਜਿਥੇ ਮਾਤਾ ਜੀ ਵੀ ਬਾਕੀ ਸਿਖ ਸੇਵਕਾਂ ਨਾਲ ਮੈਸੋਟ, ਮੌਲਮੀਨ ਤੋਂ ਹੁੰਦੇ ਰੰਗੂਨ ਪਹੁੰਚੇ ਤੇ ਫਿਰ ਇਹ ਸਾਰੇ ਇਕੱਠੇ ਰੰਗੂਨ ਤੋਂ ਸਮੁੰਦਰੀ ਜਹਾਜ਼ ਰਾਹੀਂ ਕਲਕਤੇ ਪਹੁੰਚੇ ਤੇ ਗਡੀ ਰਾਹੀਂ ਉਥੋਂ ਲੁਧਿਆਣੇ ਪਹੁੰਚੇ। ਸੰਤ ਸੁੰਦਰ ਸਿੰਘ ਜੀ ਫਰੀਦ ਪਾਸੋਂ ਸੁਣਿਆ ਸੀ ਕਿ ਜਦ ਇਹ ਵਾਪਸ ਸ੍ਰੀ ਸਤਿਗੁਰੂ ਜੀ ਦੀ ਅਗਵਾਈ ਹੇਠਾਂ ਸਾਨ੍ਹੇਵਾਲ ਪਹੁੰਚੇ ਤਾਂ ਇਸ ਦੀ ਖਬਰ ਤਾਰ ਰਾਹੀਂ ਸ੍ਰੀ ਭੈਣੀ ਸਾਹਿਬ ਵਿਖੇ ਪਹਿਲੇ ਹੀ ਪਹੁੰਚ ਚੁਕੀ ਸੀ ਤਾਂ ਉਥੋਂ ਸਾਨੇਵਾਲ ਤੋਂ ਗਡਿਆਂ ਵਿਚ ਬੈਠ ਕੇ ਜਲੂਸ ਦੀ ਸ਼ਕਲ ਵਿਚ ਕੀਰਤਨ ਕਰਦਿਆਂ ਉਸ ਵੇਲੇ ਦੇ ਬਾਬਾ ਜੀ ਦੇ ਰੂਪ ਵਿਚ (ਹਜ਼ੂਰੀ ਸਤਿਗੁਰੂ ਜਗਜੀਤ ਸਿੰਘ ਜੀ) ਇਹਨਾਂ ਦੀ ਅਗਵਾਈ ਹੇਠਾਂ ਸ੍ਰੀ ਭੈਣੀ ਸਾਹਿਬ ਮੁੜ ਆਨ ਦਰਸਨ ਦਿਤੇ ਤੇ ਇਸ ਤਰ੍ਹਾਂ ਇਹ ਦੌਰਾ ਭਲੀ ਪਰਕਾਰ ਸਫਲਤਾ ਨਾਲ ਸੰਪੂਰਨ ਹੋਇਆ। ●



Sri Satguru Jagjit Singh Ji Elibrary NamdhariElibrary@gmail.com

# ਪ੍ਰਤੀਕ੍ਰਿਆ


178/C
Model Town
Lahore
Pakistan
Jan 8, 84

جگدیش سنگھ صاحب

میں کجھ مہینے یورپ وچ گزارن بعد واپس اپڑیا
تہاڈا پرچہ ملیا۔ بہت بہت شکریہ۔
میں امید کردا ہاں کہ تسی ایہہ Venture
جاری رکھوگے۔ پنجابی زبان تے ادب دی خدمت لئی
جو دوست جو کم کردا اے مبارکباد دا حقدار اے۔
میری دعا اے کہ تسی ایہہ رسالہ باقاعدگی نال کڈھدے رہوگے
تے دن بدن ایہدا معیار اچا کردے رہوگے
نیک خواہشاں نال۔ تہاڈا
فخر زمان

ਉਪ੍ਰੋਕਤ ਚਿਠੀ ਫਾਰਸੀ ਲਿਪੀ ਪੰਜਾਬੀ ਵਿਚ ਮਸ਼ਹੂਰ ਪੰਜਾਬੀ ਨਾਵਲਕਾਰ ਜਨਾਬ ਫਖਰ ਜ਼ਮਾਂ ਨੇ ਭੇਜੀ ਹੈ। ਹਠਾਂ ਉਸ ਦਾ ਪੰਜਾਬੀ ਰੂਪ ਤੇ ਕੁਝ ਹੋਰ ਚਿਠੀਆਂ ਪ੍ਰਕਾਸ਼ਤ ਕਰ ਰਹੇ ਹਾਂ।

178-C
Model Town Lahore
Pakistan
Jan 8, 84

ਜਗਦੀਸ਼ ਸਿੰਘ ਸਾਹਿਬ,

ਮੈਂ ਕੁਝ ਮਹੀਨੇ ਯੂਰਪ ਵਿਚ ਗੁਜ਼ਾਰਨ ਬਾਅਦ ਵਾਪਸ ਅਪੜਿਆ ਤੇ ਤੁਹਾਡਾ ਪਰਚਾ ਮਿਲਿਆ, ਬਹੁਤ ਬਹੁਤ ਸ਼ੁਕਰੀਆ।

ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਹ Venture ਜਾਰੀ ਰਖੋਗੇ। ਪੰਜਾਬੀ ਜ਼ਬਾਨ ਤੇ ਅਦਬ ਦੀ ਖਿਦਮਤ ਲਈ ਜੋ ਦੋਸਤ ਭੀ ਕਮ ਕਰਦਾ ਏ ਮੁਬਾਰਕਬਾਦ ਦਾ ਹੱਕਦਾਰ ਏ। ਮੇਰੀ ਦੁਆ ਏ ਕਿ ਤੁਸੀਂ ਇਹ ਰਸਾਲਾ ਬਾਕਾਇਦਗੀ ਨਾਲ ਕਢਦੇ ਰਹੋਗੇ ਤੇ ਦਿਨ ਬਦਿਨ ਇਹਦਾ ਮਿਆਰ ਉੱਚਾ ਕਰਦੇ ਰਹੋਗੇ।

ਨੇਕ ਖ਼ੁਹਾਸ਼ਾਂ ਨਾਲ

ਤੁਹਾਡਾ
ਫ਼ਖ਼ਰ ਜ਼ਮਾਂ

——

ਪੰਜਾਬ ਅਦਬੀ ਬੋਰਡ ਲਾਹੌਰ
੫੨ ਦੇਵੀ ਦਯਾਲ ਸਕੀਮ
ਕ੍ਰਿਸ਼ਨ ਨਗਰ ਲਾਹੌਰ
(ਪਾਕਿਸਤਾਨ)

ਮੁਹਤਰਿਮ ਜਗਦੀਸ਼ ਸਿੰਘ ਜੀ।

ਆਦਾਬ! ਵਰਿਆਮ ਦਾ ਦਸੰਬਰ ੧੯੮੩ ਅੰਕ ਮਿਲਿਆ। ਏਸ ਖੇਚਲ ਵਾਸਤੇ ਸ਼ੁਕਰ ਗੁਜ਼ਾਰ ਹਾਂ ਤੇ ਐਹ ਉਮੀਦ ਵੀ ਕਰਦਾ ਹਾਂ ਕਿ ਏਸ ਦੇ ਬਾਅਦ ਵੀ ਪਰਚੇ ਘਲਦੇ ਰਿਹਾ ਕਰੋਗੇ। ਜਤਿੰਦਰ ਜੌਲੀ ਅਸਲ ਵਿਚ ਮੁਬਾਰਕਬਾਦ ਦਾ ਹਕਦਾਰ ਏ ਜਿਸ ਰੰਧਾਵੇ ਦੀ ਕਹਾਣੀ ਦੀ ਲਿਪੀ ਬਦਲਕੇ 'ਵਰਿਆਮ' ਵਿਚ ਛਾਪੀ। ਡਾ: ਬਿੰਦ, ਡਾ ਅਤਰ ਸਿੰਘ ਡਾਕਟਰ ਜਗਤਾਰ ਵੀ ਪਾਕਿ ਪੰਜਾਬੀ ਵਿਚ ਰਚੇ ਜਾ ਰਹੇ ਅਦਬ ਨੂੰ ਚੜਦੇ ਪੰਜਾਬ ਦੇ ਵਾਸੀਆਂ ਨੂੰ ਜਾਣੂ ਕਰਨ ਦੀ ਵੱਡੀ ਸੇਵਾ ਕਰ ਰਹੇ ਹਨ। ਜੌਲੀ ਉਹਨਾਂ ਦੀ ਬੀਜੀ ਪਨੀਰੀ ਦਾ ਪਹਿਲਾ ਪੌਦਾ ਹੈ।

ਐਹ ਨਵੀਨ ਤਵਾਰੀਖ ਦੀਆਂ ਪਹਿਲੀਆਂ ਪੈੜਾਂ ਹਨ। ਅਗੇ ਚਲਕੇ ਐਹਨਾਂ ਹੀ ਸ਼ਾਹਰਾਵਾਂ ਬਨਣਾ ਹੈ।

ਮੇਰੇ ਗੋਚਰੀ ਕੋਈ ਸੇਵਾ ?

ਤੁਹਾਡਾ ਆਪਣਾ
ਮਿਬਤੁਲ ਹੱਸਨ ਚੇਗਮ

੨੫-੧-੮੪

——



Sri Satguru Jagjit Singh Ji Elibrary NamdhariElibrary@gmail.com

ਆਪ ਜੀ ਦਾ ਦਿਸੰਬਰ, ੯੩ ਦਾ ਪਰਚਾ ਮਿਲਿਆ ਅਤੇ ਪੜ੍ਹ ਕੇ ਪੱਤਰ ਲਿਖਣ ਬੈਠ ਗਿਆ ਹਾਂ ਕਿ ਵਰਿਆਮ ਜ਼ਰੂਰ ਚਾਲੂ ਰਹਿਣਾ ਚਾਹੀਦਾ ਹੈ ਅਤੇ ਮੇਰੀ ਅਰਦਾਸ ਹੈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਕਿ ਇਹ ਪਰਚਾ ਹੋਰ ਵੀ ਜ਼ਿਆਦਾ ਵਧੇ ਫੁਲੇ ਤੇ ਫਲੇ ।

ਜੁਗਿੰਦਰ ਸਿੰਘ ਸੱਗੂ
ਐਲਡੋਰੇਟ (ਕੀਨੀਆ)

——

ਪਰਚਾ ਆਪ ਦਾ ਪੜ੍ਹਣ ਜੋਗ ਹੈ । ਹਰ ਤਰ੍ਹਾਂ ਦੀ ਜਾਣਕਾਰੀ ਔਰ ਕਵੀ ਜੀ ਦੀਆਂ ਬੀਤੇ ਦੀਆਂ ਪੈੜਾਂ ਬਹੁਤ ਅੱਛੀ ਚੀਜ਼ ਹੈ ਜੋ ਇਕ ਹਿਸਟਰੀ ਬਣੇਗੀ ।

ਏਕਮ ਸਿੰਘ
ਬਰਮਿੰਘਮ (ਯੂ. ਕੇ)

——

ਜਿਸ ਦਿਨ ਤੋਂ ਮੈਂ ਵਰਿਆਮ ਬਾਰੇ ਆਪ ਜੀ ਦਾ ਲੇਖ ਪੜ੍ਹਿਆ ਉਸੇ ਦਿਨ ਤੋਂ ਹੀ ਮੈਨੂੰ ਫਿਕਰ ਲਗਾ ਹੋਇਆ ਹੈ ਅਤੇ ਇਸ ਗਲ ਦੀ ਚਿੰਤਾ ਖਾ ਰਹੀ ਹੈ ਕਿ ਬੜੀਆਂ ਸੱਧਰਾਂ ਅਤੇ ਮਿਹਨਤਾਂ ਨਾਲ ਆਪ ਜੀ ਨੇ ਵਰਿਆਮ ਨੂੰ ਇਥੋਂ ਤਕ ਪਹੁੰਚਾਇਆ ਹੈ । ਹੁਣ ਜਦੋਂ ਕਿ ਪਰਚੇ ਨੂੰ ਆਪਣੇ ਪੈਰਾਂ ਤੇ ਖੜਾ ਹੋਣਾ ਚਾਹੀਦਾ ਸੀ ਤਦ ਵੀ ਇਹ ਆਪ ਜੀ ਤੇ ਬੋਝ ਹੈ । ਚਾਹੀਦਾ ਤਾਂ ਇਹ ਸੀ ਕਿ ਇਹ ਪਰਚਾ ਆਪ ਜੀ ਦਾ ਬੋਝ ਵੀ ਹਲਕਾ ਕਰ ਦਿੰਦਾ ।...

ਸੁਰਜੀਤ ਸਿੰਘ ਜੀਤ (ਐਮ. ਏ.)
ਲੰਡਨ—ਯੂ.ਕੇ.

——

ਅੱਜ ੨੯-੧੨-੯੩ ਗੁਰਦੇਵ ਦੇ ਘਰ ਪਹਿਲੀ ਵਾਰ ਵਰਿਆਮ ਨਜ਼ਰ ਪਿਆ ਅਤੇ ਜਦੋਂ ਮੈਂ 'ਵਰਿਆਮ ਬੰਦ' ਦੀ ਸੁਰਖੀ ਪੜ੍ਹੀ ਤਾਂ ਜਿਵੇਂ ਪ੍ਰਾਣ ਹੀ ਨਿਕਲ ਚੱਲੇ । ਜਿਸ ਵਰਿਆਮ ਨੇ ਨਾਵੇਂ ਸਾਲ ਵਿਚ ਪਦਾਰਪਣ ਕੀਤਾ ਸੀ ਕੀ ਉਹਦਾ ਦਮ ਘੁੱਟਿਆ ਗਿਆ ? ਸਚਮੁਚ ਕਾਫ਼ੀ ਹੀ ਆਰਥਕ ਮੁਸ਼ਕਲਾਂ ਨੇ ਪਰੇਸ਼ਾਨ ਕੀਤਾ ਹੋਵੇਗਾ ਕਿ 'ਵਰਿਆਮ-ਬੰਦੀ' ਦਾ ਐਲਾਨ ਕਰਨਾ ਪਿਆ ।

ਪਰ ਜਿਉਂ ਜਿਉਂ ਦਿਲ ਕਰੜਾ ਕਰਕੇ ਸੰਪਾਦਕੀ ਪੜ੍ਹਿਆ ਤਿਉਂ ਤਿਉਂ ਸਾਹ ਪਰਤੇ ਕਿ ਵਰਿਆਮ ਨਹੀਂ ਬੰਦ ਹੋਇਆ ਉਨ੍ਹਾਂ, ਦੇ ਪਰਚੇ ਹੀ ਬੰਦ ਹੋਣਗੇ ਜੋ ਚੰਦਾ ਨਹੀਂ ਭੇਜਦੇ । ਪਰਚੇ ਦੀ ਰੱਖਿਆ ਹਿਤ ਇਹ ਗਲ ਚੰਗੀ ਹੀ ਹੈ ।

ਸਾਂਵੇਂ, ਸੰਤੁਲਤ ਤੇ ਠਰੰਮੇ ਭਰੇ ਐਲਾਨ ਨੇ ਸਾਰੇ ਹਿਤੂ-ਅਹਿਤੂ ਵਰਗਾਂ ਨੂੰ ਉਹਨਾਂ ਦੀ ਪਹੁੰਚ ਦਰਸਾ ਦਿਤੀ ਹੈ । ਤੁਹਾਡੇ ਇਸ ਯਥਾਰਥ ਕਥਨ ਤੇ ਮੁਬਾਰਕ ।

ਮੈਂ ਤਾਂ ਇਹ ਫ਼ੈਸਲਾ ਕੀਤਾ ਹੈ ਕਿ 'ਵਰਿਆਮ' ਦੇ ਪਿਛਲੇ ਅਠਾਂ ਸਾਲਾਂ ਦਾ ਚੰਦਾ ਇੱਕਠਾ ਹੀ ਭੇਜ ਦਿਆਂਗਾ ਭਾਵੇਂ ਤੁਸੀਂ ਕਹੋਗੇ ਕਿ ਮੈਂ ਲੇਖਕ ਹਾਂ ਵਰਿਆਮ ਦਾ, ਮੈਨੂੰ ਚੰਦਾ ਭੇਜਣ ਦੀ ਲੋੜ ਨਹੀਂ ਪਰ ਵਰਿਆਮ ਨੂੰ ਬਚਾਣ ਦੀ ਲੋੜ ਹੈ ਇਸ ਲਈ ਹਰ ਕੁਰਬਾਣੀ ਕਰਨੀ ਹੀ ਬਣਦੀ ਹੈ । ਆਖਰ ਸਾਡਾ ਸਾਹਿਤਕ ਪਰਚਾ ਹੈ, ਸਮਾਜਕ ਰਸਾਲਾ ਹੈ, ਇਤਿਹਾਸਕ ਵਿਰਾਸਤ ਦਾ ਸੰਭਾਲੂ ਹੈ, ਭਾਰਤੀ ਸਭਿਆਚਾਰ ਦਾ ਪੱਖੀ ਹੈ ।...

ਜਦ ਮੈਂ ਇਹ ਝੰਜੋੜਦਾ ਸੰਪਾਦਕੀ ਪੜ੍ਹ ਰਿਹਾ ਸਾਂ ਜਾਪਦਾ ਸੀ ਸਾਡੀ ਦਿਲ ਧੜਕਣ ਹੀ ਬੰਦ ਹੋ ਰਹੀ ਹੈ । ਹਰਭਜਨ ਸਿੰਘ ਉਸਤਾਦ ਨੇ ਉਸੇ ਵੇਲੇ ਵਰਿਆਮ ਵਾਸਤੇ ੫੦/- ਰੁ ਤੇ ਗੁਰਦੇਵ ਸਿੰਘ ਨੇ ੧੦੦/- ਭੇਜਨ ਦਾ ਵਚਨ ਲਿਆ ।

ਅਫ਼ਜ਼ਲ ਅਹਿਸਨ ਰੰਧਾਵਾ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੁਹਣੀ ਅਕੀਦਤ ਪੇਸ਼ ਕੀਤੀ ਹੈ । ਤੁਸਾਂ ਤਸਵੀਰਾਂ ਲਾ ਕੇ ਹੋਰ ਵੀ ਵਾਧਾ ਕਰ ਦਿਤਾ । ਅਸਲ ਵਿਚ ਤੁਹਾਡੀ ਕਲਮ ਜ਼ੋਰਦਾਰ ਜ਼ਬਤ ਭਰੀ, ਸੰਜੀਦਾ ਅਤੇ ਆਕਰਸ਼ਕ ਹੋ ਗਈ ਹੈ ।......

ਪ੍ਰੀਤਮ ਸਿੰਘ ਕਵੀ
ਨਵੀਂ ਦਿਲੀ

——

ਕਲ ਹੀ ਦਸੰਬਰ ਮਹੀਨੇ ਦਾ ਪਰਚਾ ਮਿਲਿਆ । ਪਹਿਲੇ ਸਫ਼ੇ ਤੇ ਹੀ ਵਰਿਆਮ ਦੀ ਸਾਹਿਤਕ ਹੋਂਦ ਦੀ ਪਛਾਣ ਹੋਣ ਲਗ ਪਈ । ਭਈ ਕਿਆ ਕਹਿਣੇ ਅਫ਼ਜ਼ਲ ਸਾਹਿਬ ਦੀ ਲਿਖਤ ਦੇ । ਰਾਮ ਸਰੂਪ ਅਣਖੀ ਦਾ ਸ਼ਬਦ ਚਿੱਤ ਪੜ੍ਹਿਆ । ਲੇਖਕ ਨੇ ਬਹੁਤ ਹੀ ਸੋਹਣੇ ਢਂਗ ਨਾਲ ਅਣਖੀ ਸਾਹਿਬ ਦਾ ਅੱਗਾ ਪਿੱਛਾ ਫੋਲਿਆ ਹੈ ।



Sri Satguru Jagjit Singh Ji Elibrary NamdhariElibrary@gmail.com

ਹੋਰ ਵਰਿਆਮ ਦੀ ਚਿੰਤਾ ? ਜੇ ਵਰਿਆਮ ਬੰਦ ਹੋਇਆ ਤਾਂ ਪੰਥ ਨੂੰ ਕਦੇ ਵੀ ਨਾ ਪੂਰਿਆ ਜਾਣ ਵਾਲਾ ਘਾਟਾ ਹੋਵੇਗਾ। ਰਸਾਲੇ ਅਤੇ ਅਖਬਾਰਾਂ ਕਿਸੇ ਵੀ ਪੰਥ, ਪਾਰਟੀ ਯਾ ਸੰਸਥਾ ਹੀ ਜ਼ਬਾਨ ਹੁੰਦੇ ਹਨ ਅਤੇ ਗੁੰਗਿਆਂ ਦਾ ਨਾਓਂ ਅਪਾਹਜਾਂ ਦੀ ਲਿਸਟ ਵਿਚ ਆਉਂਦਾ ਹੈ। ਵਰਿਆਮ ਦਾ ਸਾਹਿਤਕ ਰੂਪ ਪੰਥ ਦੀ ਜਿਨੀ ਸੇਵਾ ਕਰ ਸਕਦਾ ਹੈ, ਪੰਥਕ ਨਹੀਂ।

ਤ. ਸਿੰ, ਤਰੁਣ
ਜੰਮੂ

— —

ਮੈਂ ਆਪ ਦੇ ਮਾਸਕ ਵਰਿਆਮ ਦਾ ਕਾਫੀ ਸਮੇਂ ਤੋਂ ਪਾਠਕ ਹਾਂ। ਆਪ ਦਾ ਅਗਸਤ ਸਤੰਬਰ ਦਾ ਅੰਕ ਆਪਣੀ ਮਿਸਾਲ ਆਪ ਹੀ ਸੀ। ਉਸ ਵਿਚ ਜੋ ਆਪ ਨੇ ਬੈਂਕੌਕ ਵਿਖੇ ਹੋਈ ਪੰਜਾਬੀ ਕਾਨਫਰੰਸ ਦਾ ਅਖੀਂ ਡਿੱਠਾ ਹਾਲ ਆਪਣੀ ਕਲਮ ਤੋਂ ਬਿਆਨ ਕੀਤਾ ਹੈ, ਮੈਨੂੰ ਪੜ੍ਹ ਕੇ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਸ ਤਰ੍ਹਾਂ ਮੈਂ ਸਾਰਾ ਨਜ਼ਾਰਾ ਅਖੀਂ ਵੇਖ ਰਿਹਾ ਹੋਵਾਂ। ਆਏ ਪ੍ਰਾਹੁਣਿਆਂ ਵਾਸਤੇ ਜੋ ਸੇਵਾ ਭਾਵਨਾ ਨਾਮਧਾਰੀਆਂ ਨੇ ਵਿਖਾਈ ਉਹ ਬਹੁਤ ਹੀ ਪਰਸੰਸਾ ਯੋਗ ਸੀ। ਪੜ੍ਹਨ ਤੋਂ ਇਸ ਤਰ੍ਹਾਂ, ਮਹਿਸੂਸ ਹੋ ਹੋ ਰਿਹਾ ਸੀ ਜਿਵੇਂ ਸਾਰਾ ਪਰਬੰਧ ਨਾਮਧਾਰੀਆਂ ਵਲੋਂ ਹੀ ਕੀਤਾ ਗਿਆ ਹੋਵੇ। ਬੈਂਕੋਕ ਦੀ ਨਾਮਧਾਰੀ ਸੰਗਤ ਤੇ ਸਤਿਗੁਰੂ ਜੀ ਦੀ ਬੜੀ ਕ੍ਰਿਪਾ ਹੈ।

ਨਵੰਬਰ ਦਾ ਅੰਕ ਵੀ ਮੇਰੇ ਹੱਥ ਵਿਚ ਹੈ। ਜਿਸ ਨੂੰ ਮੈਂ ਪਹਿਲਾਂ ਦੀ ਤਰ੍ਹਾਂ ਉਤਸ਼ਾਹ ਨਾਲ ਪੜ੍ਹਿਆ। ਇਸ ਵਿਚ ਠਾਕਰ ਦਲੀਪ ਸਿੰਘ ਜੀ ਦਾ ਲੇਖ "ਮੱਕੜੀ ਦਾ ਜੀਵਨ" ਬੜਾ ਹੀ ਖੋਜ ਭਰਪੂਰ ਸੀ ਜਿਸ ਵਿਚ ਮਕੜੀ ਦੀਆਂ ਕਿਸਮਾਂ ਮਕੜੀ ਦੇ ਬੁਨਤੀ ਦੇ ਆਰਟ ਬਾਰੇ ਅਤੇ ਹੋਰ ਬਹੁਤ ਕੁਝ ਪੜ੍ਹ ਕੇ ਬਹੁਤ ਹੀ ਹੈਰਾਨੀ ਅਨੁਭਵ ਹੋਈ ਹੈ। ਮੱਕੜੀ ਜਿਸ ਨੂੰ ਅਸੀਂ ਦੇਖ ਕੇ ਕਦੀ ਸੋਚਿਆ ਵੀ ਨਹੀਂ ਸੀ ਕਿ ਮਕੜੀ ਸਾਡੇ ਵਾਸਤੇ ਕੀ ਕੀ ਕੰਮ ਕਰਦੀ ਹੈ। ਇਸ ਲੇਖ ਤੋਂ ਸਾਨੂੰ ਕਾਫੀ ਜੀਵ ਵਿਗਿਆਨ ਦੀ ਵਾਕਫੀਅਤ ਮਿਲਦੀ ਹੈ। ਅਗੋਂ ਵਾਸਤੇ ਸਿਹਤ ਵਿਗਿਆਨ ਬਾਰੇ ਵੀ ਲੇਖ ਦੇਂਦੇ ਰਿਹਾ ਕਰੋ ਜਿਵੇਂ ਚਾਹ ਤੋਂ ਕੈਂਸਰ ਦਾ ਰੋਗ ਆਦਿ।

ਇਕ ਹੋਰ ਅਰਜ਼ ਹੈ ਕਿ ਜੋ ਆਪ ਸ: ਪ੍ਰੀਤਮ ਸਿੰਘ ਕਵੀ ਵਲੋਂ ਲਿਖਤ "ਬੀਤੇ ਦੀਆਂ ਪੈੜਾਂ" ਹਰ ਅੰਕ ਵਿਚੋਂ ਜਿੰਦੇ ਹੋ ਇਸ ਤੋਂ ਸਾਨੂੰ ਕਾਫੀ ਕੂਤ ਦੀ ਵਾਕਫੀ ਮਿਲਦੀ ਹੈ ਜੋ ਬਹੁਤ ਕੀਮਤੀ ਹੈ। ਮੇਰੀ ਰਾਇ ਹੈ ਕਿ ਜੇ ਇਸ ਨੂੰ ਇਕ ਵਿਸ਼ੇਸ਼ ਅੰਕ ਦੇ ਰੂਪ ਵਿਚ ਛਾਪ ਦਿਓ ਤਾਂ ਹੋਰ ਵੀ ਚੰਗੀ ਗਲ ਹੋਵੇਗੀ। ਜਦੋਂ ਆਪ ਹਰ ਅੰਕ ਵਿਚ ਛਾਪਦੇ ਹੋ ਤਾਂ ਕਈ ਵਾਰ ਕੋਈ ਸਜਨ ਪੜ੍ਹਨ ਵਾਸਤੇ ਲੈ ਜਾਂਦਾ ਹੈ ਜਾਂ ਕਈ ਵਾਰ ਮਿਸ ਹੋ ਜਾਂਦਾ ਹੈ ਜੇ ਆਪ ਸਾਲਾਨਾ ਵਸ਼ੇਸ਼ ਅੰਕ ਕਢੋਗੇ ਤਾਂ ਉਹ ਜ਼ਰੂਰ ਸਾਂਭ ਕੇ ਰੱਖਿਆ ਜਾ ਸਕਦਾ ਹੈ।

ਇਕਬਾਲ ਸਿੰਘ ਮਨਚੰਦਾ ਦੀ ਕਵਿਤਾ "ਸੂਰਾ ਮੌਤ ਨੂੰ ਵੇਖ ਕੇ ਲੁਕਦਾ ਨਹੀਂ" ਸ਼ਲਾਘਾ ਯੋਗ ਹੈ। ਅੰਕ ਦੀ ਸਰਵਿਸ ਬਹੁਤ ਠੀਕ ਹੈ। ਹਰ ਮਹੀਨੇ ਸਮੇਂ ਸਿਰ ਪੁਜਦਾ ਹੈ। ਇਸ ਬਾਰੇ ਸਾਨੂੰ ਕੋਈ ਸ਼ਕਾਇਤ ਨਹੀਂ ਹੈ। ਮੇਰੀ ਦਿਲੀ ਇਛਿਆ ਹੈ ਕਿ ਵਰਿਆਮ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਦੀ ਮੰਜ਼ਲ ਨੂੰ ਛੂਹੇ।

ਗੁਰਦੇਵ ਸਿੰਘ
ਪ੍ਰਧਾਨ ਯੁਵਕ ਸੇਵਾ ਦਲ (ਰਜਿ:)
(ਬਲਾਕ ਡੇਹਲੋਂ)
ਸਿਆਹੜ (ਜ਼ਿਲਾ ਲੁਧਿਆਣਾ)

— —

ਵਰਿਆਮ ਬੰਦ ਪੜ੍ਹ ਲਿਆ ਹੈ ਤੇ ਹੋਰ ਵੀ, ਕਵੀ ਜੀ ਦੀ ਡਾਇਰੀ, ਸਾਰਿਆਂ ਤੋਂ ਵੱਡਾ ਮੇਲਾ, ਆਦਿ ਪੜ੍ਹੇ ਹਨ ਕੋਸ਼ਿਸ਼ ਕਰਾਂਗਾ ਕਿ ਆਪਣੇ ਹਿੱਸੇ ਦਾ ਮੁਲ ਤਾਰ ਦਿਆਂ।

ਅਮਰ ਭਾਰਤੀ
ਨਵੀਂ ਦਿਲੀ

— —

ਕੋਈ ਅੱਠ ਸਾਲ ਤੋਂ ਜਾਰੀ ਨਰੋਈ ਸੇਧ ਵਾਲਾ ਇੱਕ ਮਾਸਕ ਪੱਤਰ 'ਵਰਿਆਮ' ਜਲੰਧਰ ਤੋਂ ਸ੍ਰੀ ਜਗਦੀਸ਼ ਸਿੰਘ ਦੇ ਸੰਪਾਦਨ ਹੇਠ ਪ੍ਰਕਾਸ਼ਿਤ ਹੋ ਰਿਹਾ ਹੈ। ਜਗਦੀਸ਼ ਸਿੰਘ ਇਸ਼ਟ ਵਜੋਂ ਨਾਮਧਾਰੀ ਹਨ, ਇਸ ਲਈ ਪਰਚੇ ਵਿਚ ਨਾਮਧਾਰੀ ਦਰਬਾਰ ਅਤੇ ਨਾਮਧਾਰੀ ਸਿੱਖਾਂ ਦੀਆਂ ਗਤੀ-ਵਿਧੀਆਂ ਨੂੰ ਥਾਂ ਮਿਲਣੀ ਸੁਭਾਵਿਕ ਹੈ। ਪਰ ਸਾਹਿਤ ਅਤੇ ਪੰਜਾਬੀ ਭਾਸ਼ਾ ਵਿਚ ਜਗਦੀਸ਼ ਸਿੰਘ ਆਪਣਾ ਮਨ ਮਸਤਕ



Sri Satguru Jagjit Singh Ji Elibrary NamdhariElibrary@gmail.com

ਖੁੱਲ੍ਹਾ ਰਖਦੇ ਹਨ ਅਤੇ ਸਾਹਿਤਕ ਗੁਟ ਬੰਦੀਆਂ ਤੋਂ ਨਿਰਲੇਪ ਰਹਿੰਦੇ ਹਨ। ਇਸ ਪਰਚੇ ਵਿਚ ਪ੍ਰੀਤਮ ਸਿੰਘ ਕਵੀ ਦੀ "ਬੀਤੇ ਦੀਆਂ ਪੈੜਾਂ" ਨਾਮਿਕ ਲੇਖ ਲੜੀ ਅਤੇ ਸਾਹਿਤਕ ਗਤੀਵਿਧੀਆਂ ਬਾਰੇ 'ਅਨੁਭਵੀ' ਦੇ ਵਿਚਾਰ ਬੜੇ ਦਿਲਚਸਪ ਹੁੰਦੇ ਹਨ। ਜਸਵੰਤ ਸਿੰਘ ਵਿਰਦੀ ਨੂੰ ਵੀ ਇਸ ਪਰਚੇ ਵਿਚ ਵਿਸ਼ੇਸ਼ ਥਾਂ ਮਿਲਦੀ ਹੈ।

ਭਾਸ਼ਾ ਵਿਭਾਗ ਪੰਜਾਬ ਵਲੋਂ
ਛਪਿਆ ਪਤਰ—ਜ਼ਿਲਾ ਜਲੰਧਰ ਦੀ ਪੰਜਾਬੀ
ਸਾਹਿਤ ਨੂੰ ਦੇਣ।
— ਲੇਖਕ ਈਸ਼ਰ ਸਿੰਘ ਅਟਾਰੀ

——

ਸ: ਪ੍ਰੀਤਮ ਸਿੰਘ ਕਵੀ ਜੀ ਦਾ—

ਮੈਂ 'ਵਰਿਆਮ' ਨਵੰਬਰ ੯੩ ਦੇ ਅੰਕ ਵਿਚੋਂ ਸਿਲਸਿਲੇਵਾਰ ਲੇਖ 'ਬੀਤੇ ਦੀਆਂ ਪੈੜਾਂ' ਵੀ ਪੜ੍ਹਿਆ ਹੈ। ਉਹ ਇਸ ਲੇਖ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਰੰਮ ਅਪਾਰ ਸ਼ਖਸੀਅਤ ਦਾ ਉਲੇਖ ਕਰ ਰਹੇ ਹਨ। ਉਨ੍ਹਾਂ ਨੇ ਇਸ ਲੇਖ ਵਿਚ ਲਿਖਿਆ ਹੈ ਕਿ ਇਕ ਬੀਬੀ ਡੋਲੀ ਸੁਪਤਨੀ ਸ: ਅਮਰਜੀਤ ਸਿੰਘ ਨੂੰ ਸਤਿਗੁਰੂ ਜੀ ਨੇ ਮਾਲਾ ਨਹੀਂ ਬਖਸ਼ੀ, ਕਿ ਉਹ ਮਾਸ ਸ਼ਰਾਬ ਵਲੋਂ ਪਰਹੇਜ਼ ਕਰਨ ਦੀ ਗਾਰੰਟੀ ਨਹੀਂ ਸੀ ਦੇ ਸਕੀ—ਏਸੇ ਤਰ੍ਹਾਂ ਇਕ ਹੋਰ ਸ਼ਰਧਾਲੂ ਸ੍ਰੀ ਚੰਦ ਨੇ ਨਾਮ ਲੈਣ ਤੋਂ ਏਸੇ ਲਈ ਸੰਕੋਚ ਕੀਤਾ ਕਿ ਉਹ ਨਿਯਮਾਂ ਦੀ ਪਾਲਣਾ ਸ਼ਾਇਦ ਨਾ ਕਰ ਸਕੇ। ਸਤਿਗੁਰੂ ਸਾਹਿਬ ਨੇ ਉਸ ਨੂੰ ਨਾਮ ਨਹੀਂ ਦਿਤਾ।

ਯੂ. ਪੀ. ਵਲ ਹੋਏ ਇਕ ਸਮਾਗਮ ਵਿਚ ਸਤਿਗੁਰੂ ਜੀ ਨੇ ਗਿਆਨੀ ਜ਼ੈਲ ਸਿੰਘ (ਉਦੋਂ ਗ੍ਰਹਿ ਮੰਤਰੀ ਸਨ) ਜੀ ਨੂੰ ਮਾਲਾ ਬਖਸ਼ੀ। ਗਿਆਨੀ ਹੋਰਾਂ ਨਾਲ ਸ੍ਰੀ ਰਾਜੀਵ ਗਾਂਧੀ ਵੀ ਬੈਠੇ ਹਨ। ਇਹ ਰੰਗੀਨ ਫੋਟੋ ਮੇਰੇ ਪਾਸ ਮੌਜੂਦ ਹੈ। ਸਤਿਗੁਰਾਂ ਨੇ ਆਪ ਮੁਸਕਰਾ ਕੇ ਗਿਆਨੀ ਜੀ ਨੂੰ ਮਾਲਾ ਬਖਸ਼ੀ। ਕੀ ਗਿਆਨੀ ਜੀ ਸ਼ਰਾਬ ਜਾਂ ਮਾਸ ਦਾ ਪਰਯੋਗ ਨਹੀਂ ਕਰਦੇ ? ਤੁਹਾਨੂੰ ੧੦੦% ਮੇਰੇ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਉਹ ਇਨ੍ਹਾਂ ਦੋਹਾਂ ਵਸਤੂਆਂ ਦਾ ਸੇਵਨ ਬੜੇ ਸ਼ੌਕ ਨਾਲ ਕਰਦੇ ਹਨ। ਫੇਰ ਉਨ੍ਹਾਂ ਨੂੰ ਕੀ ਸਤਿਗੁਰਾਂ ਨੇ ਗ੍ਰਹਿ ਮੰਤਰੀ ਦੀ ਪਦਵੀ ਕਰ ਕੇ ਮਾਲਾ ਬਖਸ਼ੀ ? ਸਤਿਗੁਰੂ ਤਾਂ ਗ੍ਰਹਿ ਮੰਤਰੀ ਤੋਂ ਬਹੁਤ ਉਚੇ ਤੇ ਸੁੱਚੇ ਹਨ। ਕੀ ਮੇਰਾ ਭਰਮ ਨਿਵਰਤ ਕਰੋਗੇ ? ਸਤਿਗੁਰਾਂ ਪਰਤੀ ਮਾਲਾ ਵਾਲੀ ਗੱਲ ਨੇ ਮੈਨੂੰ ਚਕਰ ਵਿਚ ਪਾ ਦਿਤਾ ਹੈ।

ਗੁਰਬਚਨ ਸਿੰਘ ਭੁਈ
ਸੰਪਾਦਕ ਸਾਹਿਤਕਾਰ
ਅਮ੍ਰਿਤਸਰ

—ਗਿਆਨੀ ਜੀ ਵਾਲੀ ਤਸਵੀਰ ਵਰਿਆਮ ਵਿਚ ਵੀ ਪ੍ਰਕਾਸ਼ਤ ਹੋ ਚੁਕੀ ਹੈ। ਕਵੀ ਜੀ ਨੇ ਜੋ ਵੇਖਿਆ ਉਹ ਹੀ ਲਿਖਿਆ ਹੈ। ਗੁਰੂ ਦੀ ਕਰਨੀ ਉਤੇ ਬਹੁਤ ਕੁਝ ਲਿਖਿਆ ਜਾ ਚੁਕਾ ਹੈ ਅਤੇ ਲਿਖਿਆ ਜਾ ਰਿਹਾ ਹੈ। ਇਹ ਸਤਿਗੁਰੂ ਦੀ ਹਿਕਮਤ ਅਮਲੀ ਹੁੰਦੀ ਹੈ ਜਿਸ ਰਾਹੀਂ ਉਹ ਵੱਖ ਵੱਖ ਵਿਅਕਤੀਆਂ ਪ੍ਰਤੀ ਵੱਖ ਵੱਖ ਤਰਹਾਂ ਦੀ ਪਹੁੰਚ ਕਰਕੇ ਕਲਿਆਣ ਕਰਦੇ ਹਨ। ਉਹਨਾਂ ਦੇ ਸਾਹਮਣੇ ਕਿਸੇ ਵਿਅਕਤੀ ਦੀਆਂ ਉਹ ਗਲਾਂ ਵੀ ਹੁੰਦੀਆਂ ਹਨ ਜੋ ਸਾਧਾਰਨ ਆਦਮੀ ਨੂੰ ਨਹੀਂ ਦਿਸਦੀਆਂ ਸਗੋਂ ਜਨਮ ਜਨਮਾਂਤਰਾਂ ਦੇ ਕਰਮ ਵੀ ਸਾਹਮਣੇ ਹੁੰਦੇ ਹਨ। ਮਾਲਾ ਤਾਂ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਸਤਿਗੁਰਾਂ ਕੋਲੋਂ ਲਈ ਸੀ। ਗਿਆਨੀ ਜੀ ਦੇ ਸਮੁਚੇ ਜੀਵਨ ਅਤੇ ਘਾਲਣਾ ਦਾ ਸਤਿਕਾਰ ਕਰਦਿਆਂ ਮਾਲਾ ਬਖਸ਼ੀ ਗਈ ਪਰ ਜਿਹੜਾ ਵਿਅਕਤੀ ਮਾਲਾ ਦੀ ਯਾਚਨਾ ਕਰਦਾ ਹੈ ਉਸ ਨੂੰ ਸਤਿਗੁਰੂ ਜੀ ਵੀ ਕਹਿ ਸਕਦੇ ਹਨ ਕਿ ਪਹਿਲਾਂ ਮੇਰੀ ਗਲ ਮੰਨ। ਉਹ ਬਹੁਤ ਥਾਵਾਂ ਤੇ ਵਿਚਰਦੇ ਹਨ। ਮੀਟਿੰਗਾਂ ਵਿਚ ਵੀ ਜਾਂਦੇ ਹਨ ਪਰ ਕਈ ਵਾਰ ਕਿਸੇ ਦੀ ਇਹ ਯਾਚਨਾ ਕਿ ਉਹਨਾਂ ਦੇ ਘਰ ਚਰਨ ਪਾਉਨ ਉਤੇ ਉਹ ਸ਼ਰਤ ਲਾਉਂਦੇ ਹਨ ਕਿ ਪਹਿਲਾਂ ਜਾਚਕ ਮਾਸ ਸ਼ਰਾਬ ਦਾ ਤਿਆਗ ਕਰੇ ਤੇ ਭਜਨ ਪੁਛੇ।

ਨਾਮਧਾਰੀ ਇਤਿਹਾਸ ਵਿਚ ਐਸੀਆਂ ਵੀ ਸਾਖੀਆਂ ਹਨ ਜਦੋਂ ਨਾਮਧਾਰੀ ਸੰਤਾਂ ਨੇ ਮਾਸ ਸ਼ਰਾਬ ਛਡਾਏ ਬਗੈਰ ਭਜਨ ਦਸਿਆ ਅਤੇ ਕਿਹਾ ਕਿ ਭਜਨ ਵਿਚ ਤਾਕਤ ਹੋਈ ਤਾਂ ਆਪ ਛੁੜਾ ਲਵੇਗਾ ਅਤੇ ਇਵੇਂ ਹੀ ਹੋਇਆ। ਪਰ ਇਹ ਜਨਰਲ ਰੂਲ ਨਹੀਂ। ਇਸ ਤਰ੍ਹਾਂ ਇਹ ਤਾਜ਼ੀਰਾਤੇ-ਹਿੰਦ ਵਰਗੀ ਕੋਈ ਗਲ ਨਹੀਂ ਸਗੋਂ ਇਹ ਤਾਂ ਵੱਖ ਵੱਖ ਕੇਸਾਂ ਤੇ ਲੋੜ ਅਨੁਸਾਰ ਪਹੁੰਚ ਹੁੰਦੀ ਹੈ। ਅਤੇ ਸਦਾ ਅਭਿਲਾਖੀ ਦੇ ਭਲੇ ਵਾਸਤੇ ਹੁੰਦੀ ਹੈ।

—ਸੰਪਾਦਕ



Sri Satguru Jagjit Singh Ji Elibrary NamdhariElibrary@gmail.com

ਹਿੰਦੀ ਕਹਾਣੀ

# ਉਦਘਾਟਨ

—ਦਿਨੇਸ਼ ਖਰੇ

ਮੰਤਰੀ ਜੀ ਦੇ ਆਉਣ ਦੀ ਖਬਰ ਸੁਣਦਿਆਂ ਸਾਰ ਪਬਲਿਕ ਹੈਲਥ ਡਿਪਾਰਟਮੈਂਟ ਦੀਆਂ ਗੱਡੀਆਂ ਦੂਣੇ ਵੇਗ ਨਾਲ ਦੌੜਨ ਲਗੀਆਂ। ਗੈਰਜ ਵਿਚ ਆਰਾਮ ਫਰਮਾ ਰਹੀਆਂ ਗੱਡੀਆਂ ਨੂੰ ਕੁਟ ਕੁਟ ਕੇ ਚਲਣ ਲਾਇਕ ਬਣਾ ਲਿਆ ਗਿਆ ਸੀ। ਮਹਿਕਮੇ ਦੇ ਚੀਫ ਇੰਜੀਨੀਅਰ ਦੀ ਇਹ ਖਾਹਸ਼ ਸੀ ਕਿ ਪੰਜ ਹਜ਼ਾਰ ਦੀ ਵਸੋਂ ਵਾਲੇ ਭਰਸੂ ਪਿੰਡ ਵਿਚ ਪਾਣੀ ਦੀ ਉਸਾਰੀ ਜਾਣ ਵਾਲੀ ਟੈਂਕੀ ਦਾ ਉਦਘਾਟਨ ਮੰਤਰੀ ਜੀ ਹੀ ਆਪਣੇ ਕਰ ਕਮਲਾ ਦੁਆਰਾ ਕਰਨ। ਉਂਜ ਤੇ ਉਹਨਾ ਦੇ ਮਹਿਕਮੇ ਦੇ ਮੰਤਰੀ ਕਾਫੀ ਔਪਚਾਰਿਕ ਸਨ। ਮੰਤਰੀ ਮੰਡਲ ਵਿਚ ਆਉਣ ਤੋਂ ਬਾਅਦ ਉਹਨਾ ਨੇ ਕੁਝ ਨਵੇਂ ਰਸਮੋ ਰਿਵਾਜ ਸਥਾਪਤ ਕੀਤੇ ਸਨ। ਉਦਘਾਟਨ ਕਰਨ ਵਰਗੀਆਂ ਰਸਮੀ ਗਲਾਂ ਤੋਂ ਉਹਨਾਂ ਨੇ ਆਪਣੇ ਆਪ ਨੂੰ ਅਲੱਗ ਹੀ ਰਖਿਆ ਹੋਇਆ ਸੀ। ਸ਼ਾਇਦ ਇਹ ਉਹਨਾਂ ਦੀ ਘਟ ਉਮਰ ਦਾ ਨਤੀਜਾ ਸੀ। ਪਰ ਉਹ ਜਨਤਾ ਅਤੇ ਮਹਿਕਮੇ ਦੀਆਂ ਸਿਫਾਰਸ਼ਾਂ ਦੇ ਲਾਇਕ ਸਨ। ਆਖਿਰ ਸਮਾਜਿਕ ਪ੍ਰਤਿਸ਼ਠਾ ਭਾਸ਼ਨਾ ਤੋਂ ਬਗੈਰ ਥੋੜ੍ਹਾ ਬਣਦੀ ਹੈ। ਬਜ਼ੁਰਗ ਸਹਿਯੋਗੀਆ ਨੇ ਉਸ ਨੂੰ ਸਮਝਾਇਆ, "ਰਾਜੇ ਨੂੰ ਆਪਣੀਆਂ ਨੀਤੀਆਂ ਦਾ ਐਲਾਨ ਜਨਤਾ ਦੇ ਵਿਚ ਜਾ ਕੇ ਹੀ ਕਰਨਾ ਚਾਹੀਦਾ ਹੈ। ਕੁਰਸੀ ਤੇ ਬੈਠ ਕੇ ਫਾਈਲਾਂ ਦਾ ਕੰਮ ਨਿਪਟਾਣ ਨਾਲ ਕੁਝ ਨਹੀਂ ਹੋਣ ਵਾਲਾ। ਫਾਈਲਾਂ ਦਾ ਕੰਮ ਨਿਪਟਾਣ ਲਈ ਸਰਕਾਰ ਨੇ ਸੈਕਟਰੀ ਜੁ ਰਖੇ ਹੋਏ ਨੇ।"

ਹੌਲੀ ਹੌਲੀ ਇਹ ਗਲ ਉਹਨਾ ਦੀ ਸਮਝ ਵਿਚ ਆ ਗਈ ਸੀ, ਅਤੇ ਇਸ ਕਰਕੇ ਉਹਨਾ ਨੇ ਆਪਣੀਆਂ ਔਪਚਾਰਕਤਾਵਾਂ ਵਿਚ ਥੋੜ੍ਹੀ ਥੋੜ੍ਹੀ ਢਿਲ ਦੇਣੀ ਸ਼ੁਰੂ ਕਰ ਦਿਤੀ ਸੀ। ਪਿਛਲੇ ਮਹੀਨੇ ਹੀ ਉਹਨਾ ਨੇ ਦੌੜ ਭਜ ਕਰਕੇ ਦਸ ਯੋਜਨਾਵਾਂ ਦੇ ਵਿਧੀਵੱਤ ਉਦਘਾਟਨ ਕੀਤੇ ਸਨ। ਅਖਬਾਰਾਂ ਵਿਚ ਉਹਨਾਂ ਦੀਆਂ ਤਸਵੀਰਾਂ ਛਪੀਆਂ ਸਨ, ਅਤੇ ਉਹਨਾ ਦੇ ਹਿਤੈਸ਼ੀਆਂ ਅਨੁਸਾਰ ਉਹਨਾ ਦੀ ਸਮਾਜਿਕ ਪ੍ਰਤਿਸ਼ਠਾ ਕਈ ਗੁਣਾ ਵਧ ਗਈ ਸੀ। ਇਹ ਸਾਰੇ ਆਯੋਜਨ ਕਰਨ ਦਾ ਸੇਹਰਾ ਚੀਫ ਇੰਜਨੀਅਰ ਠਾਕੁਰ ਦੇ ਸਿਰ ਬੱਝਾ ਸੀ। ਲੋਕਾਂ ਦਾ ਖਿਆਲ ਸੀ ਕਿ ਠਾਕੁਰ ਦੀ ਇਜ਼ਤ ਮੰਤਰੀ ਜੀ ਦੀ ਨਜ਼ਰ ਵਿਚ ਬਹੁਤ ਵਧ ਗਈ ਵੈਸੇ ਵੀ ਠਾਕੁਰ ਸਾਹਿਬ ਰਿਟਾਇਰਮੈਂਟ ਦੇ ਕਿਨਾਰੇ ਤੇ ਖੜੇ ਸਨ।

ਜਦੋਂ ਠਾਕੁਰ ਸਾਹਿਬ ਨੇ ਇਹ ਮਹਿਕਮਾ ਜਾਇਨ ਕੀਤਾ ਸੀ, ਤਾਂ ਲੋਕ ਇਸ ਨੂੰ ਮੂੰਗਫਲੀ ਵੇਚਣ ਵਾਲਾ ਮਹਿਕਮਾ ਕਹਿੰਦੇ ਸਨ। ਪਰ ਠਾਕੁਰ ਸਾਹਿਬ ਕਰ ਵੀ ਕੀ ਸਕਦੇ ਸਨ। ਬੜੀ ਮੁਸ਼ਕਲ ਨਾਲ ਠਾਕਰ ਸਾਹਿਬ ਨੇ ਡਿਗਰੀ ਹਾਸਲ ਕੀਤੀ ਸੀ, ਤੇ ਫਿਰ ਮਿਲੀ ਮਹਿਕਮੇ ਦੀ ਅਸਿਸਟੈਂਟ ਇੰਜਨੀਅਰੀ। ਉਹਨਾਂ ਦੇ ਕਈ ਸਾਥੀ ਸਿੰਜਾਈ ਵਿਭਾਗ ਵਿਚ ਜਾ ਕੇ ਵਗਦੇ ਪਾਣੀ ਵਾਂਗੂ ਪੈਸਾ ਇਕਠਾ ਕਰ ਰਹੇ ਸਨ, ਉਹ ਮਹਿਕਮੇ ਵਿਚ ਖਿਲਰੀ ਮੂੰਗਫਲੀ ਦੇ ਛਿੱਲੜ ਚੁਣਦੇ ਪਏ ਸਨ। ਛਿਲੜ ਚੁਣਦੇ ਚੁਣਦੇ ਕਦੀ ਕਦੀ ਕੋਈ ਦਾਣਾ ਵੀ ਹੱਥ ਲਗ ਜਾਂਦਾ, ਤੇ ਉਹ ਇੰਨੇ ਨਾਲ ਹੀ ਆਪਣੇ ਆਪ ਨੂੰ ਸੰਤੁਸ਼ਟ ਕਰ ਲੈਂਦੇ। ਸਮਾਂ ਬੀਤਣ ਤੇ ਹਰ ਕੁੱਤੇ ਦੇ ਦਿਨ ਵੀ ਬਦਲਦੇ ਹਨ" ਬਜ਼ੁਰਗਾਂ ਦੀਆਂ ਕਹੀਆਂ ਹੋਈਆਂ ਇਹੋ ਜਿਹੀਆਂ ਕਹਾਵਤਾਂ ਬਿਰਥਾ ਥੋੜ੍ਹਾ ਜਾਂਦੀਆਂ ਹਨ। ਆਖਿਰ ਕੁਝ ਸਮਾਂ ਬਾਅਦ ਪਬਲਿਕ ਹੈਲਥ ਡਿਪਾਰਟਮੈਂਟ ਵਿਚ ਵੀ ਪੈਸੇ ਦਾ ਵਹਾਅ ਵਧ ਗਿਆ। ਬੋ ਵਾਲਾ ਪਾਣੀ ਪੀ ਕੇ ਵੀ ਜਿਉਂਦੇ ਰਹਿਣ ਵਾਲੇ ਲੋਕਾਂ ਨੂੰ ਸਾਫ ਸੀਤਲ ਪਾਣੀ ਦੇਣ ਲਈ ਯੋਜਨਾਵਾਂ ਬਨਣ ਲਗੀਆਂ। ਮੂੰਗਫਲੀ ਦੇ ਦਾਣੇ ਤੇ ਸੋਨੇ ਦੀ ਪਰਤ ਚੜ੍ਹਨ ਲਗੀ। ਠਾਕੁਰ ਤਰੱਕੀ ਕਰਦੇ ਕਰਦੇ ਚੀਫ ਇੰਜਨੀਅਰ ਬਣ ਗਏ। ਮੂੰਗਫਲੀ ਖਾਂਦੇ ਖਾਂਦੇ ਉਹਨਾਂ ਦਾ ਹਾਜਮਾ ਹੁਣ ਏਨਾ ਵਧੀਆ ਹੋ ਗਿਆ ਸੀ ਕਿ ਹੁਣ ਉਹਨਾ ਦਾ ਇਸ ਤੋਂ ਬਗੈਰ ਕੰਮ ਚਲਣਾ ਮੁਸ਼ਕਲ ਹੋ ਗਿਆ। ਅਗਲੇ ਮਹੀਨੇ ਹੀ ਉਹਨਾਂ ਦਾ ਇਸ ਮੂੰਗਫਲੀ ਦੇ ਦਾਣੇ ਤੋਂ ਸਾਥ ਛੁਟਣ ਵਾਲਾ ਸੀ। ਉਹ ਚਾਹੁੰਦੇ ਸਨ ਕਿ ਮੰਤਰੀ ਜੀ ਦੀ ਕ੍ਰਿਪਾ ਨਾਲ ਕੁਝ ਐਕਸਟੈਨਸ਼ਨ ਮਿਲ ਜਾਏ, ਤਾਕਿ ਰਹਿੰਦੀ ਉਮਰ ਲਈ ਉਹ ਏਨੀਆ ਕੁ ਮੂੰਗਫਲੀਆਂ ਇਕਠੀਆਂ ਕਰ ਲੈਣ



Sri Satguru Jagjit Singh Ji Elibrary NamdhariElibrary@gmail.com

ਕਿ ਢਲਦੀ ਉਮਰ ਵਿਚ ਉਹਨਾ ਦਾ ਹਾਜ਼ਮਾ ਨਾ ਵਿਗੜੇ ।

ਸੋਚ ਸੋਚ ਕੇ ਉਹਨਾਂ ਨੇ ਆਪਣੀ ਕਾਰਜ ਕੁਸਲਤਾ ਦੀ ਧਾਂਕ ਬਿਠਾਣ ਲਈ ਉਦਘਾਟਨ ਦਾ ਸਿਲਸਿਲਾ ਸ਼ੁਰੂ ਕਰਵਾਇਆ । ਮੰਤਰੀ ਜੀ ਨੂੰ ਮਿਲੇ । ਮਿੰਨਤ ਤਰਲਾ ਕੀਤਾ ਤੇ ਫਿਰ ਮੰਤਰੀ ਜੀ ਨੇ ਉਹਨਾਂ ਦੀਆਂ ਯੋਜਨਾਵਾਂ ਦੀ ਵਿਧੀ ਵਤ ਉਦਘਾਟਨ ਕਰਨ ਦੀ ਆਗਿਆ ਦੇ ਦਿਤੀ । ਲੋਕ ਕਹਿੰਦੇ ਸਨ ਕਿ ਠਾਕੁਰ ਜੀ ਮੂੰਗਫਲੀ ਦੇ ਕੁਝ ਦਾਣੇ ਮੰਤਰੀ ਜੀ ਦੀ ਝੋਲੀ ਵਿਚ ਵੀ ਪਾ ਦਿਤੇ ਹਨ ।

ਭਰਸੂ ਪਿੰਡ ਦੇ ਲੋਕਾਂ ਨੂੰ ਸਾਫ ਸੀਤਲ ਜਲ ਮਿਲਦਾ ਹੈ ਕਿ ਨਹੀਂ, ਇਹ ਅਜੇ ਪਤਾ ਨਹੀਂ ਸੀ, ਪਰ ਉਹ ਪਿੰਡ ਦੇ ਲੋਕਾਂ ਨੂੰ ਮੰਤਰੀ ਜੀ ਦੇ ਦੁਰਲੱਭ ਦਰਸ਼ਨ ਜ਼ਰੂਰ ਕਰ-ਵਾਉਣ ਜਾ ਰਹੇ ਸਨ, ਨਿਸ਼ਚਿਤ ਤਾਰੀਖ ਨੂੰ ਉਹ ਆਪਣੇ ਦਰਬਾਰੀਆਂ ਦੀ ਪੂਰੀ ਫੋਜ ਨਾਲ ਪਿੰਡ ਪਹੁੰਚੇ । ਉਹਨਾਂ ਦੇ ਸਾਫ ਆਦੇਸ਼ ਸਨ, "ਜਦੋਂ ਅਸੀਂ ਦੋਰੇ ਤੇ ਹੋਈਏ, ਸਾਰੇ ਕਰਮਚਾਰੀ ਅਟੈਂਡ ਕਰਨ !"

ਉਦਘਾਟਨ ਥਾਂ ਦੀ ਚੋਣ ਕੀਤੀ ਗਈ । ਮਜ਼ਦੂਰ ਲਾ ਕੇ ਆਲਾ ਦੁਆਲਾ ਸਾਫ ਸੁਥਰਾ ਕਰਵਾਇਆ ਗਿਆ । ਸੰਗਮਰਮਰੀ ਪੱਥਰ ਤੇ ਖੁਦਿਆ ਸ਼ਿਲਾਲੇਖ ਵੀ ਜੜ੍ਹ ਦਿਤਾ ਗਿਆ, ਜਿਸਦਾ ਕਿ ਮੰਤਰੀ ਜੀ ਨੇ ਉਦਘਾਟਨ ਕਰਨਾ ਸੀ । ਸਬ-ਇੰਜਨੀਅਰ ਵਸੰਤ ਕੁਮਾਰ ਨੂੰ ਇਸ ਕੰਮ ਦਾ ਸਾਰਾ ਇੰਤਜ਼ਾਮ ਸੌਂਪਿਆ ਗਿਆ । ਵਿਚਾਰਾ ਇਹ ਸਾਰਾ ਇੰਤਜ਼ਾਮ ਬੜੀ ਮੁਸ਼ਕਿਲ ਨਾਲ ਕਰ ਸਕਿਆ । ਨਵਾਂ ਨਵਾਂ ਆਇਆ ਸੀ, ਤਜਰਬੇ ਦੀ ਵੀ ਘਾਟ ਸੀ । ਰੁਪੈ ਪੈਸੇ ਦੀ ਖਿਚ-ਧੂਹ ਦਾ ਵੀ ਬਹੁਤਾ ਗਿਆਨ ਨਹੀਂ ਸੀ । ਉਸਦੀ ਸਾਈਟ ਤੇ ਪਹਿਲੀ ਵਾਰੀ ਮੰਤਰੀ ਜੀ ਪਧਾਰਨ ਵਾਲੇ ਸਨ । ਜਦੋਂ ਰੁਪੈ ਦੀ ਕਮੀ ਹੋਈ, ਆਪਣੀ ਤਨਖਾਹ ਵੀ ਵਿਚੇ ਝੋਕ ਦਿਤੀ ।

ਕੰਮ ਖਤਮ ਹੋਣ ਤੇ ਮੰਤਰੀ ਜੀ ਦੇ ਆਉਣ ਤੋਂ ਇਕ ਦਿਨ ਪਹਿਲਾਂ ਠਾਕੁਰ ਫਾਈਨਲ ਇੰਸਪੈਕਸ਼ਨ ਕਰਨ ਲਈ ਭਰਸੂ ਪਿੰਡ ਗਏ । ਦਰਬਾਰੀ ਨਾਲ ਸਨ । ਸ਼ਿਲਾ ਲੇਖ ਵਲ ਵੇਖ ਕੇ ਮੂੰਹ ਬਣਾਇਆ ਤੇ ਚੀਖੇ, "ਕੌਣ ਬਦਤਮੀਜ਼ ਸਬ-ਇੰਜਨੀਅਰ ਏ ਇਸ ਸਾਈਟ ਤੇ ।"

"ਸਰ, ਵਸੰਤ ਕੁਮਾਰ" ਐਸ. ਡੀ. ਓ. ਕਰੀਬ ਕਰੀਬ ਹਫਿਆ ਹੋਇਆ ਬੋਲਿਆ ।

ਵਸੰਤ ਕੁਮਾਰ ਨੂੰ ਲੱਭਣ ਲਗੇ ਤੇ ਪਤਾ ਲਗਾ ਕਿ ਉਹ ਸਾਰਿਆਂ ਦੇ ਖਾਣੇ ਦਾ ਇੰਤਜ਼ਾਮ ਕਰਨ ਗਿਆ ਹੋਇਆ ਹੈ । ਠਾਕੁਰ ਨੇ ਕਿਸੇ ਨਾ ਕਿਸੇ ਤੇ ਗੁਸਾ ਕਢਣਾ ਹੀ ਸੀ, ਸਾਹਮਣੇ ਐਸ. ਡੀ. ਓ. ਸੀ । ਉਸ ਨੂੰ ਬੁਲਾ ਕੇ ਪੁਛਿਆ "ਤੁਸੀਂ ਕਦੀ ਮੰਤਰੀ ਦਾ ਉਦਘਾਟਨ ਦੇਖਿਆ ?"

"ਬਹੁਤ ਦੇਖੇ ਨੇ ਸਰ," ਐਸ. ਡੀ. ਓ. ਨੇ ਮੁਸਕਰਾ ਕੇ ਕਿਹਾ ।

"ਸਵਾਹ ਦੇਖੇ ਨੇ ! ਸ਼ਿਲਾਲੇਖ ਦੇ ਉਤੇ ਇਹ ਕੀ ਸੜਿਆ ਜਿਹਾ ਪਰਦਾ ਲਾਇਆ ਹੋਇਐ । ਇਹੋ ਜਿਹੇ ਪਰਦੇ ਲਾਈ ਦੇ ਨੇ ? ਕਿੰਨੀ ਵਾਰ ਕਿਹਾ, ਮੇਰੇ ਅੰਡਰ ਜੋ ਵੀ ਕੰਮ ਹੋਵੇ ਮਜ਼ਬੂਤ ਹੋਵੇ, ਪਰ ਪਤਾ ਨਹੀਂ ਤੁਹਾਨੂੰ ਕੀ ਹੋ ਗਿਆ । ਲਗਦੈ, ਤੁਸੀਂ ਮੈਨੂੰ ਰਿਟਾਇਅਰ ਕਰਾ ਕੇ ਹੀ ਛੜੋਗੇ ।

"ਸੋਰੀ ਸਰ, ਜੇ ਕੁਝ ਗਲਤੀ ਹੋ ਗਈ ਏ, ਦਸ ਦਿਓ ।"

"ਮਿਸਟਰ ਸਿਨਹਾ, ਕੀ ਇਹ ਸਭ ਕੁਝ ਮੈਨੂੰ ਦਸਣਾ ਪਏਗਾ ।" ਠਾਕੁਰ ਨੇ ਕਾਰਜ ਪਾਲਕ ਖੇਤਰੀ ਨੂੰ ਮੁਖਾਤਿਬ ਹੋ ਕੇ ਕਿਹਾ । ਮਿਸਟਰ ਸਿਨਹਾ ਸਾਂਹਮਣੇ ਆ ਕੇ ਬੋਲਿਆ, "ਸਰ ਤੁਸੀਂ ਰੈਸਟ ਹਾਊਸ ਵਿਚ ਚਲੋ । ਤੁਸੀਂ ਕਾਫੀ ਥੱਕ ਗਏ ਹੋ । ਤੁਸੀਂ ਥੋੜ੍ਹਾ ਆਰਾਮ ਕਰਕੇ ਖਾਣਾ ਖਾਓ, ਤਦ ਤਕ ਮੈਂ ਸਭ ਠੀਕ ਠਾਕ ਕਰ ਲਵਾਂਗਾ । ਠਾਕੁਰ ਇਕ ਦਮ ਉਠੇ ਤੇ ਜੀਪ ਵਿਚ ਜਾ ਕੇ ਬੈਠ ਗਏ, ਜਿਹੜੀ ਉਹਨਾਂ ਨੂੰ ਰੈਸਟ ਹਾਊਸ ਛੱਡ ਆਈ । ਸਿਨਹਾ ਆਪ ਸਾਈਟ ਤੇ ਹੀ ਰਹਿ ਗਏ । ਐਸ. ਡੀ. ਓ. ਨੂੰ ਠਾਕੁਰ ਦੀ ਸੇਵਾ ਲਈ ਰੈਸਟ ਹਾਊਸ ਭੇਜ ਦਿਤਾ, ਤੇ ਵਸੰਤ ਕੁਮਾਰ ਨੂੰ ਬੁਲਾਉਣ ਲਈ ਬੰਦਾ ਭੇਜ ਦਿੱਤਾ । ਵਸੰਤ ਕੁਮਾਰ ਨੂੰ ਘਟਨਾ ਦੀ ਸੂਚਨਾ ਪਹਿਲਾ ਹੀ ਮਿਲ ਗਈ ਸੀ । ਦੌੜਾ ਦੌੜਾ ਆਇਆ ਸਿਨਹਾ ਦੇ ਸਾਹਮਣੇ ਹਫੀ ਹੋਈ ਆਵਾਜ਼ ਵਿਚ ਬੋਲਿਆ, "ਸਰ, ਬਿਲਕੁਲ ਨਵਾਂ ਹਾਂ । ਉਦਘਾਟਨ ਸਮਾਰੋਹ ਅਰੇਂਜ ਕਰਨ ਦਾ ਅਜੇ ਮੈਨੂੰ ਤਜਰਬਾ ਨਹੀਂ ।

"ਕੋਈ ਗਲ ਨਹੀਂ, ਤੂੰ ਫਿਕਰ ਨਾ ਕਰ । ਇਸ ਸਾਲੇ ਠਾਕੁਰ ਨੂੰ ਰਿਟਾਇਰ ਕਰਵਾ ਕੇ ਨਾ ਛਡਿਆ, ਤਾਂ ਸਿਨਹਾ ਦਾ ਪੁੱਤਰ ਨਹੀਂ । ਪਤਾ ਨਹੀਂ ਕੀ ਸਮਝਦਾ ਆਪਣੇ ਆਪ ਨੂੰ ।

"ਸਰ, ਮੇਰੇ ਲਈ ਕੀ ਹੁਕਮ ਹੈ ।"

"ਧਿਆਨ ਨਾਲ ਸੁਣ, ਪਹਿਲਾਂ ਤੇ ਇਕ ਸਫੇਦ ਸਿਲਕ ਦਾ ਵਧੀਆ ਜਿਹਾ ਕਪੜਾ ਲਿਆ, ਤੇ ਉਸਦਾ ਪਰਦਾ ਬਨਵਾ ਕੇ ਸ਼ਿਲਾਲੇਖ ਤੇ ਲਟਕਾ ਦੇ । ਫਿਰ ਕੁਝ ਇਟਾਂ ਮੰਗਵਾਂ ਕੇ ਸ਼ਿਲਾਲੇਖ ਦੇ ਸਾਹਮਣੇ ਇਕ ਰਸਤਾ



Sri Satguru Jagjit Singh Ji Elibrary NamdhariElibrary@gmail.com

ਬਨਵਾ ਦੇ, ਤੇ ਪਿੰਡ ਵਾਲਿਆਂ ਕੋਲੋਂ ਕੁਝ ਗਮਲੇ ਮੰਗ ਕੇ ਸਾਈਟ ਨੂੰ ਚੰਗੀ ਤਰ੍ਹਾਂ ਸਜਾ ਦੇ।

"ਪਰ ਪਿੰਡ ਵਾਲੇ ਬਿਲਕੁਲ ਸਹਿਯੋਗ ਨਹੀਂ ਦੇ ਰਹੇ। ਉਹ ਕਹਿੰਦੇ ਨੇ ਸਾਨੂੰ ਤੇ ਪਾਣੀ ਨਾਲ ਮਤਲਬ ਏ, ਮੰਤਰੀ ਨਾਲ ਨਹੀਂ। ਉਹ ਤੇ ਇਥੋਂ ਤਕ ਕਹਿ ਰਹੇ ਨੇ ਕਿ ਫੰਕਸ਼ਨ ਵਿਚ ਵੀ ਸ਼ਾਮਲ ਨਹੀਂ ਹੋਣਗੇ"।

"ਸਭ ਆਉਣਗੇ, ਤੂੰ ਚਿੰਤਾ ਨਾ ਕਰ, ਸਰਪੰਚ ਨੂੰ ਮੇਰੇ ਕੋਲ ਭੇਜ ਦਈਂ। ਮੈਂ ਸਭ ਠੀਕ ਕਰ ਲਵਾਂਗਾ ਕਾਂਡੀ ਤੇ ਕਟੋਰੇ ਦਾ ਇੰਤਜ਼ਾਮ ਕਰ ਲਿਆ।

"ਜੀ ਹਾਂ"

"ਕਾਂਡੀ ਕਿਹੜੀ ਲਿਆਂਦੀ ਏ"

"ਸਟੀਲ ਦੀ"

"ਸਟੀਲ ਦੀ ਕਾਂਡੀ ਠੀਕ ਨਹੀਂ ਏ। ਠਾਕੁਰ ਸਾਹਿਬ ਦੇ ਘਰੋਂ ਚਾਂਦੀ ਦੀ ਕਾਂਡੀ ਲਿਆਉਣੀ ਪਏਗੀ। ਖੈਰ ਉਹ ਮੈਂ ਆਪ ਆਉਂਦਾ ਹੋਇਆ ਲਈ ਆਵਾਂਗਾ। ਕਟੋਰਾ ਤੇ ਕੋਈ ਚੰਗਾ ਜਿਹਾ ਮੰਗਵਾਇਆ ਏ ਨਾ"

"ਹਾਂ ਸਰ, ਬਹੁਤ ਵਧੀਆ ਏ"।

"ਤੌਲੀਆ ਮੰਗਵਾ ਲਿਆ ਏ ਨਾਂ ? ਬੁਰ ਵਾਲਾ ਏ ਨਾਂ ?"

"ਜੀ ਸਰ"

"ਸੁਣ, ਠਾਕੁਰ ਸਾਹਿਬ ਹਾਰਟ ਪੇਸ਼ੇਂਟ ਨੇ। ਬੜੀ ਜਲਦੀ ਘਬਰਾ ਜਾਂਦੇ ਨੇ। ਜਦੋਂ ਉਹ ਮਾਰਟਰ ਦਾ ਕਟੋਰਾ ਲੈ ਕੇ ਮੰਤਰੀ ਜੀ ਕੋਲ ਜਾਣ, ਤਾਂ ਤੂੰ ਕੋਲ ਹੀ ਰਹੀਂ। ਜੇ ਹੱਥ ਕੰਬਨ ਲਗਣ ਤਾਂ ਕਟੋਰਾ ਆਪ ਸੰਭਾਲ ਲਈਂ। ਅੱਛਾ ......ਵਸੰਤ ਕੁਮਾਰ ਖਾਣ ਪੀਣ ਦਾ ਸਭ ਇੰਤਜ਼ਾਮ ਕਰ ਲਿਆ ਏ ਨਾ, ਖਾਣ ਦਾ ਤੇ ਪੀਣ ਦਾ ਵੀ। ਮੰਤਰੀ ਜੀ ਤੇ ਪੀਂਦੇ ਨਹੀਂ, ਪਰ ਉਹਨਾਂ ਦੇ ਨਾਲ ਆਏ ਹੋਏ ਉਹਨਾਂ ਦੇ ਚਮਚੇ ਪੀਣ ਨੂੰ ਟੁਟਕੇ ਪੈਣਗੇ। ਸਭ ਕੁਝ ਤਰੀਕੇ ਨਾਲ ਮੈਨੇਜ ਕਰੀਂ, ਘਬਰਾਨਾ ਨਹੀਂ"।

"ਜੀ ਸਰ, ਸਭ ਕੁਝ ਸਮਝ ਗਿਆ"

"ਅੱਛਾ, ਤੂੰ ਜਾਂ ਤੇ ਜਲਦੀ ਨਾਲ ਸਰਪੰਚ ਨੂੰ ਬੁਲਾ ਕੇ ਲਿਆ"

ਵਸੰਤ ਕੁਮਾਰ ਦੇ ਜਾਣ ਤੋਂ ਬਾਅਦ ਸਿਨਹਾ ਨੇ ਸਾਰੀ ਸਾਈਟ ਦਾ ਮੁਆਇਨਾ ਕੀਤਾ। ਸਭ ਕੁਝ ਤਕਰੀਬਨ ਠੀਕ ਠਾਕ ਲਗਿਆ। ਡੁਬਦੇ ਸੂਰਜ ਨੂੰ ਇਸ ਤੋਂ ਵਧ ਹੋਰ ਕੀ ਨਮਸਕਾਰ ਹੋ ਸਕਦੀ ਏ ?

ਥੋੜੀ ਦੇਰ ਬਾਅਦ ਵਸੰਤ ਕੁਮਾਰ ਸਰਪੰਚ ਨੂੰ ਬੁਲਾ ਲਿਆਇਆ। ਚਿੱਟਾ ਸਫੈਦ ਧੋਤੀ ਕੁੜਤਾ ਪਾਈ ਬੁੱਢਾ ਬਹੁਤ ਹੀ ਕਾਇਆ ਵਿਅਕਤੀ ਨਜ਼ਰ ਆ ਰਿਹਾ ਸੀ। ਸਿਨਹਾ ਨੇ ਉਠਕੇ ਨਮਸਤੇ ਕੀਤੀ, ਤੇ ਬੋਲਿਆ, "ਆਉ ਸਰਪੰਚ ਜੀ। ਮਾਫ ਕਰਨਾ, ਆਉਣਾ ਤੇ ਮੈਂ ਆਪ ਸੀ ਤੁਹਾਡੇ ਕੋਲ, ਪਰ ਤੁਸੀਂ ਦੇਖ ਹੀ ਰਹੇ ਹੋ, ਕਿੰਨੀਆਂ ਪ੍ਰੇਸ਼ਾਨੀਆਂ ਨੇ ਇਥੇ...ਹੋਰ ਸੁਣਾਉ। ਸਭ ਕੁਸ਼ਲ ਮੰਗਲ ਏ ਨਾ...ਸੁਣਿਆ ਇਸ ਵਾਰ ਤੁਸੀਂ ਵੀ ਅਲੈਕਸ਼ਨ ਲੜਨ ਦੀ ਤਿਆਰੀ ਕਰ ਰਹੇ ਹੋ...ਇਹ ਬੜੀ ਚੰਗੀ ਗੱਲ ਏ, ਜਿੰਨਾ ਚਿਰ ਨਿਚਲੇ ਤਬਕੇ ਦੇ ਲੋਗ ਉਪਰ ਨਹੀਂ ਆਉਣਗੇ, ਦੇਸ਼ ਦੀ ਤਰੱਕੀ ਕਿਸ ਤਰ੍ਹਾਂ ਹੋਵੇਗੀ। ਅਰੇ ਬੈਠੋ ਨਾ"...।

"ਤੁਹਾਨੂੰ ਕਿਸ ਤਰ੍ਹਾਂ ਪਤੈ ਮੈਂ ਅਲੈਕਸ਼ਨ ਲੜਨੀ ਏ"

"ਲਉ ਜੀ, ਅਸੀਂ ਤੇ ਤੁਹਾਡੇ ਸੇਵਕ ਹਾਂ, ਤੇ ਸਾਨੂੰ ਨਹੀਂ ਪਤਾ ਹੋਵੇਗਾ, ਤੇ ਫਿਰ ਕਿਸ ਨੂੰ ਹੋਵੇਗਾ।

"ਦਸੋ, ਕਿਸ ਤਰ੍ਹਾਂ ਯਾਦ ਕੀਤਾ"

"ਬਸ ਤੁਹਾਡੇ ਵਲੋਂ ਥੋੜਾ ਸਹਿਯੋਗ ਚਾਹੀਦਾ ਏ। ਮੈਂ ਵਸੰਤ ਕੁਮਾਰ ਨੂੰ ਕਹਿ ਦਿਤਾ ਏ, ਟੈਂਕੀ ਬਨਣ ਤੇ ਪਾਣੀ ਦੀ ਲਾਈਨ ਸਭ ਤੋਂ ਪਹਿਲਾਂ ਤੁਹਾਡੇ ਘਰ ਪਹੁੰਚੇਗੀ।

"ਪਰ ਲਾਈਨ ਲਗਵਾਉਣ ਲਈ ਇਥੇ ਪੈਸੇ ਕਿਸ ਕੋਲ ਹਨ। ਇਕ ਸਾਂਝਾ ਨਲ ਲਗਵਾ ਦੇਣਾ, ਉਹ ਈ ਕਾਫੀ ਹੋਵੇਗਾ।

"ਕਿਸ ਤਰ੍ਹਾਂ ਦੀਆਂ ਗਲਾਂ ਕਰਦੇ ਓ, ਸਰਪੰਚ ਜੀ, ਟੈਂਕੀ ਬਣੇ ਤੇ ਤੁਹਾਡੇ ਘਰ ਨਲ ਨਾ ਲਗੇ, ਆਖਿਰ ਅਸਾਂ ਲੋਕਾਂ ਨੇ ਨੌਕਰੀ ਵੀ ਕਰਨੀ ਏ ਕਿ ਨਹੀਂ।

'...' ਸਰਪੰਚ ਸਿਨਹਾ ਦੇ ਮੂੰਹ ਵਲ ਵੇਖੀ ਜਾਵੇ।

"ਤੁਸੀਂ ਚਿੰਤਾ ਨਾ ਕਰੋ, ਵਸੰਤ ਕੁਮਾਰ ਆਪੇ ਸਭ ਕੁਝ ਕਰ ਲਵੇਗਾ। ਬਸ ਤੁਹਾਡੇ ਕੋਲ ਇਕ ਛੋਟੀ ਜਿਹੀ ਬੇਨਤੀ ਏ"।

"ਬੋਲੋ: ਤੁਸੀਂ ਸਾਨੂੰ ਛਡਣਾ ਸੌਹੜਾ ਏ"।

"ਮੰਤਰੀ ਜੀ ਆ ਰਹੇ ਨੇ, ਇਹ ਤੇ ਤੁਹਾਨੂੰ ਪਤਾ ਈ ਏ। ਪਬਲਿਕ ਇਕੱਠੀ ਕਰਨੀ ਏ। ਤੇ ਚਾਹ ਪਾਣੀ ਦਾ ਇੰਤਜ਼ਾਮ ਵੀ ਤੁਹਾਡੀ ਪੰਚਾਇਤ ਵਲੋਂ ਹੀ ਹੋਣਾ ਚਾਹੀਦਾ ਏ"।

'ਲੋਕ ਟੈਕਸ ਤੇ ਦੇਂਦੇ ਨਹੀਂ, ਪੰਚਾਇਤ ਕੋਲ ਪੈਸੇ ਕਿਥੇ ਨੇ"।

"ਪਰ ਸਾਹਿਬ, ਮੈਂ ਤੇ ਸਿਰਫ ਇੰਤਜ਼ਾਮ ਕਰਨ ਲਈ ਕਹਿ ਰਿਹਾ ਹਾਂ। ਕੁਝ ਦਰੀਆਂ, ਕੁਰਸੀਆਂ ਅਤੇ ਪਬਲਿਕ।



Sri Satguru Jagjit Singh Ji Elibrary NamdhariElibrary@gmail.com

ਆਖਿਰ ਮੰਤਰੀ ਜੀ ਨੂੰ ਇਹ ਵੀ ਤੇ ਪਤਾ ਲਗਣਾ ਚਾਹੀਦਾ ਏ, ਕਿ ਤੁਹਾਡੀ ਪੰਚਾਇਤ ਵੀ ਉਹਨਾਂ ਦਾ ਸਵਾਗਤ ਕਰ ਰਹੀ ਏ। ਹਾਂ ਜੀ...ਦਸੋ ਫਿਰ ਹੋ ਜਾਏਗਾ ਨਾ ਸਾਰਾ ਇੰਤਜ਼ਾਮ" ?

"ਤੁਸੀਂ ਕਹੋ, ਤੇ ਇੰਤਜ਼ਾਮ ਨਾ ਹੋਵੇ। ਆਖਰ ਸਾਨੂੰ ਪਾਣੀ ਵੀ ਚਾਹੀਦਾ ਏ ਨਾ ਪੀਣ ਲਈ। ਤੁਸੀਂ ਬਿਲਕੁਲ ਫਿਕਰ ਨਾ, ਕਰੋ ਸਭ ਇੰਤਜ਼ਾਮ ਹੋ ਜਾਏਗਾ।

"ਹਾਂ ਸਰਪੰਚ ਜੀ, ਯਾਦ ਆਇਆ, ਕੁਝ ਗਮਲਿਆਂ ਦਾ ਵੀ ਇੰਤਜ਼ਾਮ ਕਰ ਦੇਣਾ"

"ਸਭ ਹੋ ਜਾਏਗਾ, ਜੋ ਜੋ ਚਾਹੀਦਾ ਹੈ, ਵਸੰਤ ਨੂੰ ਦਸ ਦੇਣਾ"

ਜਿਸ ਦਿਨ ਮੰਤਰੀ ਜੀ ਨੇ ਭਰਸੂ ਆਉਣਾ ਸੀ, ਟੈਂਕੀ ਵਾਲੀ ਸਾਈਟ ਤੇ ਮੇਲਾ ਲਗ ਗਿਆ। ਬਹੁਤ ਸਾਰੇ ਅਧਨੰਗੇ ਬੱਚੇ ਸਜੀ ਹੋਈ ਸਾਈਟ ਦੇ ਆਸੇ ਪਾਸੇ ਮੰਡਲਾਂ ਰਹੇ ਸਨ। ਉਹਨਾਂ ਨੂੰ ਇਸ ਗਲ ਨਾਲ ਕੋਈ ਮਤਲਬ ਨਹੀਂ ਸੀ ਕਿ ਟੈਂਕੀ ਕੀ ਹੁੰਦੀ ਹੈ, ਲੋਕ ਕਿਉਂ ਇਕਠੇ ਹੋਏ ਨੇ। ਉਹਨਾਂ ਦੀ ਇਕੋ ਦਿਲੀ ਖਾਹਸ਼ ਸੀ ਕਿ ਮੰਤਰੀ ਜੀ ਨੂੰ ਦੇਖਣ। ਆਖਰ ਕਿਹੋ ਜਿਹਾ ਹੁੰਦਾ ਏ ਮੰਤਰੀ। ਸਕੂਲ ਦੇ ਪੰਡਿਤ ਜੀ ਨੇ ਉਹਨਾਂ ਨੂੰ ਬੁਲਾਇਆ ਹੋਇਆ ਸੀ, "ਮੰਤਰੀ ਦਾ ਮਤਲਬ ਬਹੁਤ ਵਡਾ ਆਦਮੀ ਹੁੰਦਾ ਹੈ। ਸਾਰਾ ਦੇਸ਼ ਬਸ ਉਹਨਾਂ ਦੇ ਸਹਾਰੇ ਹੀ ਚਲਦਾ ਹੈ। ਪ੍ਰਾਰਥਨਾ ਨਾਲ ਭਗਵਾਨ ਤੇ ਮਿਲ ਸਕਦਾ ਹੈ, ਪਰ ਮੰਤਰੀ ਨਹੀਂ। ਬਚਿਆਂ ਦੇ ਦਿਲ ਵਿਚ ਬਹੁਤ ਵਡਾ ਅਜੂਬਾ ਪੈਦਾ ਹੋ ਗਿਆ ਸੀ।

ਸਾਈਟ ਤੇ ਵਿਛੀ ਹੋਈ ਦਰੀ ਤੇ ਕੁਝ ਬਜ਼ੁਰਗ ਲੋਕ ਬੈਠੇ ਸਨ। ਨੀਂਹ ਪੱਥਰ ਰਖਣ ਵਾਲੀ ਥਾਂ ਦੇ ਕੋਲ ਕੁਝ ਕੁਰਸੀਆਂ ਪਈਆਂ ਸਨ। ਗੁਲਾਬ ਅਤੇ ਸਦਾਬਹਾਰ ਫੁੱਲਾਂ ਦੇ ਗਮਲੇ ਕਰੀਨੇ ਨਾਲ ਸਜਾਏ ਹੋਏ ਸਨ। ਸਾਹਮਣੇ ਰਖੇ ਸਟੂਲ ਤੇ ਸਟੀਲ ਦਾ ਕਟੋਰਾ ਤੇ ਰੰਗੀਨ ਕਾਗਜ਼ ਵਿਚ ਲਪੇਟੀ ਹੋਈ ਕਾਂਡੀ ਰਖੀ ਹੋਈ ਸੀ। ਰੇਤ ਅਤੇ ਸੀਮਿੰਟ ਮਿਲਾਂ ਕੇ ਸੁਕਾ ਹੀ ਕਟੋਰੇ ਵਿਚ ਰਖ ਦਿਤਾ ਗਿਆ ਸੀ। ਪਰਦਾ ਖਿੱਚਣ ਲਈ ਡੋਰੀ ਲਾਈ ਹੋਈ ਸੀ। ਸਭ ਕੁਝ ਠੀਕ ਠਾਕ, ਬਸ ਇਕ ਮੰਤਰੀ ਜੀ ਦੇ ਆਗਮਨ ਨੂੰ ਛੱਡ ਕੇ। ਸ਼ਾਮ ਚਾਰ ਵਜੇ ਦਾ ਸਮਾਂ ਰਖਿਆ ਗਿਆ ਸੀ।

ਸ਼ਾਮ ਪੰਜ ਵਜੇ ਮੰਤਰੀ ਜੀ ਪਧਾਰੇ। ਠਾਕਰ ਮੰਤਰੀ ਜੀ ਦੇ ਨਾਲ ਸਨ। ਇਕ ਦੋ ਹੋਰ ਉਦਘਾਟਨ ਨਿਪਟਾ ਕੇ ਆ ਰਹੇ ਸਨ। ਮੰਤਰੀ ਜੀ ਦੇ ਆਉਂਦਿਆਂ ਹੀ ਦਰਬਾਰੀਆਂ ਵਿਚ ਗਤੀ ਆ ਗਈ। ਮੰਤਰੀ ਜੀ ਜਲਦੀ ਜਲਦੀ ਮੰਚ ਕੋਲ ਆਏ। ਠਾਕੁਰ ਨੇ ਹੱਥ ਜੋੜ ਕੇ ਉਹਨਾਂ ਨੂੰ ਬੈਠਣ ਲਈ ਕਿਹਾ। ਸਾਹਮਣੇ ਬੈਠੀ ਜਨਤਾ ਨੂੰ ਠਾਕੁਰ ਸਾਹਿਬ ਨੇ ਦੋ ਸ਼ਬਦ ਆਖੇ। ਅਤੇ ਫਿਰ ਮੰਤਰੀ ਜੀ ਨੂੰ ਨੀਂਹ-ਪੱਥਰ ਰਖਣ ਲਈ ਬੇਨਤੀ ਕੀਤੀ। ਸਿਨਹਾ ਨੇ ਠਾਕੁਰ ਨੂੰ ਕਟੋਰਾ, ਤੇ ਮੰਤਰੀ ਜੀ ਨੂੰ ਚਾਂਦੀ ਦੀ ਕਾਂਡੀ ਪਕੜਾ ਦਿੱਤੀ। ਡੋਰੀ ਖਿਚਕੇ ਪਰਦਾ ਹਟਾ ਦਿਤਾ ਗਿਆ। ਮੰਤਰੀ ਜੀ ਨੇ ਜਿਉਂ ਹੀ ਕਾਂਡੀ ਨਾਲ ਮਾਰਟਰ ਲਾਇਆ, ਤਾੜੀਆਂ ਵੱਜ ਉਠੀਆਂ। ਦੋ ਸ਼ਬਦ ਬੋਲ ਕੇ ਮੰਤਰੀ ਬੈਠ ਗਏ। ਸਰਪੰਚ ਨੇ ਚਾਹ ਪਾਣੀ ਪੀਣ ਲਈ ਬੇਨਤੀ ਕੀਤੀ। ਚਾਹ ਪਾਣੀ ਪੀਣ ਤੋਂ ਬਾਅਦ ਮੰਤਰੀ ਜੀ ਠਾਕੁਰ ਨਾਲ ਰੈਸਟ ਹਾਊਸ ਚਲੇ ਗਏ। ਮਿੰਟਾਂ ਵਿਚ ਸਾਰੀ ਭੀੜ ਛਟ ਗਈ। ਬਚੀ ਹੋਈ ਜੂਠ ਤੇ ਪਿਛੇ ਦੋ ਕੁਤੇ ਟੁੱਟ ਕੇ ਪੈ ਗਏ। "ਇਸ ਤਰਾਂ ਦਾ ਹੁੰਦਾ ਜੇ ਬਚੂ ਜੀ ਮੰਤਰੀ" ਕਹਿੰਦੇ ਹੋਏ ਬੱਚੇ ਘਰਾਂ ਨੂੰ ਚਲੇ ਗਏ।

ਰਾਤ ਨੂੰ ਸੋਮਰਸ ਦੇ ਦੌਰ ਤੋਂ ਬਾਅਦ ਖਾਣ ਦੀਆਂ ਖੂਬ ਧੱਜੀਆਂ ਉਡਾਈਆਂ ਗਈਆਂ। ਪਰ ਮੰਤਰੀ ਜੀ ਦੇ ਡਰਾਈਵਰ ਦਾ ਕਿਤੇ ਪਤਾ ਨਹੀਂ ਸੀ। ਮੰਤਰੀ ਜੀ ਨਾਲ ਆਏ ਚਮਚਿਆਂ ਨੇ ਖਾਣਾ, ਬਿਲਕੁਲ ਸਫਾ ਚੱਟ ਕਰ ਦਿਤਾ ਸੀ। ਜਦੋਂ ਡਰਾਈਵਰ ਨੂੰ ਲੱਭਣ ਲਗੇ ਤਾਂ ਪਤਾ ਲਗਾ ਕਿ ਉਹ ਕਿਤੇ ਸ਼ਰਾਬ ਪੀ ਕੇ ਸੁੱਤਾ ਪਿਆ ਹੈ। ਬੜੀ ਮੁਸ਼ਕਲ ਨਾਲ ਉਸਨੂੰ ਲੱਭ ਕੇ ਲਿਆਂਦਾ ਗਿਆ। ਏਨੇ ਚਿਰ ਨੂੰ ਰੌਲਾ ਪੈਣ ਲਗ ਪਿਆ, ਕਿ ਕੁਝ ਲੋਕਾਂ ਅਜੇ ਤਕ ਖਾਣਾ ਹੀ ਨਹੀਂ ਖਾਂਦਾ। ਡਰਾਈਵਰ ਵੀ ਉਹਨਾਂ ਲੋਕਾਂ ਵਿਚ ਸ਼ਾਮਲ ਸੀ। ਭਲਾ ਹੁਣ ਉਹ ਖਾਣਾ ਖਾਏ ਬਗੈਰ ਗੱਡੀ ਕਿਸ ਤਰ੍ਹਾਂ ਚਲਾਏ। ਉਡਦੀ ਉਡਦੀ ਖਬਰ ਮੰਤਰੀ ਜੀ ਕੋਲ ਵੀ ਪਹੁੰਚ ਗਈ। ਦੁਬਾਰਾ ਖਾਣੇ ਦਾ ਇੰਤਜ਼ਾਮ ਕੀਤਾ ਗਿਆ, ਪਰ ਇਸ ਸਭ ਲਈ ਕਾਫੀ ਸਮਾਂ ਲਗ ਗਿਆ। ਮੰਤਰੀ ਜੀ ਨੇ ਜਲਦੀ ਵਾਪਸ ਜਾਣਾ ਸੀ, ਸੋ ਨਾ ਜਾ ਸਕੇ। ਠਾਕੁਰ ਨੂੰ ਕਹਿਣ ਲਗੇ, "ਕੀ ਬਕਵਾਸ ਇੰਤਜ਼ਾਮ ਏ ਤੁਹਾਡਾ, ਘਟੋ ਘਟ ਖਾਣਾ ਤੇ ਪੂਰਾ ਬਣਵਾ ਲੈਂਦੇ। ਠਾਕੁਰ ਨੂੰ ਲੱਗਾ, ਕਿ ਉਸਦੀ ਮੁੰਗਫਲੀ ਖੋਖਲੀ ਨਿਕਲ ਆਈ ਹੈ। ਵਸੰਤ ਕੁਮਾਰ ਨੂੰ ਬੁਲਾ ਕੇ ਖੂਬ ਡਾਂਟਿਆਂ ਡਪਟਿਆ ਗਿਆ। ਪਰ ਉਸ ਵਿਚਾਰੇ ਦੀ ਇਹ ਸਮਝ ਨਹੀਂ ਸੀ ਆ ਰਿਹਾ, ਕਿ ਜਿਹੜੇ ਲੋਕ ਸ਼ਰਾਬ ਪੀਣ ਵਿਚ ਮਸਤ ਖਾਣਾ ਖਾਣਾ ਭੁਲ ਗਏ, ਇਸ ਵਿਚ ਉਸ ਦਾ ਕੀ ਕਸੂਰ ਹੈ ?


Sri Satguru Jagjit Singh Ji Elibrary NamdhariElibrary@gmail.com

ਠਾਕੁਰ ਸਾਹਿਬ ਆਪ ਬਾਹਰ ਆਏ, ਕੱਲੇ ਕੱਲੇ ਨੂੰ ਪੁੱਛ ਪੁੱਛ ਕੇ ਆਪ ਖਵਾਇਆ। ਤਦ ਤਕ ਰਾਤ ਦੇ ਬਾਰਾਂ ਵਜ ਚੁਕੇ ਸਨ। ਠਾਕੁਰ ਨੇ ਮੰਤਰੀ ਜੀ ਨੂੰ ਕਿਹਾ, "ਸਰ-ਜੇ ਤੁਸੀਂ ਅੱਜ ਰਾਤ ਇਥੇ ਹੀ ਰਹਿ ਜਾਉ ਤਾਂ ਮੈਂ ਆਪਣੀ ਖੁਸ਼ ਕਿਸਮਤੀ ਸਮਝਾਂਗਾ।

"ਨਾ-ਮੁਮਕਿਨ, ਕੱਲ ਵੀ ਉਦਘਾਟਨ ਕਰਨਾ ਹੈ, ਹੁਣੇ ਜਾਣਾ ਪਵੇਗਾ"।

"ਜਿਸ ਤਰ੍ਹਾਂ ਤੁਹਾਡੀ ਮਰਜ਼ੀ ਸਰ, ਚਲੋ, ਮੈਂ ਗੱਡੀ ਬਲਵਾਉਂਦਾ ਹਾਂ"।

ਦੂਰ ਖਲੋਤਾ ਸਿਨਹਾ ਮੀਸਣੀ ਹਾਸੀ ਹਸ ਰਿਹਾ ਸੀ।

ਠਾਕੁਰ ਮੰਤਰੀ ਜੀ ਨਾਲ ਚਲੇ ਗਏ। ਪਿਛੇ ਪੂਰਾ ਕਾਫਿਲਾ ਚਲ ਰਿਹਾ ਸੀ। ਠਾਕੁਰ ਬੋਲਿਆ "ਸਰ ਕੁਲ ਹੀ ਸਾਰੀ ਛਾਣ-ਬੀਨ ਕਰਾਂਗਾ, ਆਖਿਰ ਖਾਣੇ ਵਿਚ ਇਸ ਤਰ੍ਹਾਂ ਗੜਬੜ ਹੋਈ ਕਿਉਂ ? ਇਹ ਲੋਕ ਆਪ ਤੇ ਇਨਾ ਛੋਟਾ ਜਿਹਾ ਕੰਮ ਨਹੀਂ ਸੰਭਾਲ ਸਕਦੇ ਤੇ ਤੁਹਾਡੇ ਕੋਲੋਂ ਇਨੀਆਂ ਉਚੀਆਂ ਉਚੀਆਂ ਉਮੀਦਾਂ ਰਖਦੇ ਨੇ। ਤੁਸੀਂ ਹੀ ਦਸੋ, ਇਹ ਕਿਸ ਤਰ੍ਹਾਂ ਹੋ ਸਕਦਾ ਹੈ,"।

"ਹੂੰ", ਮੰਤਰੀ ਜੀ ਉਣੀਂਦਰੇ ਜਿਹੇ ਵਿਚ ਕਿਹਾ।

"ਸਰ ਤੁਹਾਨੂੰ ਨੀਂਦ ਆ ਰਹੀ ਏ, ਤੁਸੀਂ ਆਰਾਮ ਕਰੋ, ਮੈਂ ਅਗਲੀ ਸੀਟ ਤੇ ਬੈਠ ਜਾਂਦਾ ਹਾਂ"

"ਠੀਕ ਐ"

ਇਕ ਹਫਤੇ ਬਾਅਦ ਸਿਨਹਾ ਨੇ ਵਸੰਤ ਕੁਮਾਰ ਨੂੰ ਬੁਲਵਾਇਆ। ਵਿਚਾਰਾ ਪਹਿਲਾਂ ਹੀ ਘਬਰਾਇਆ ਸੀ। ਫਰਮਾਨ ਸੁਣਕੇ ਉਹਦੀ ਹੋਸ਼ ਗੁੰਮ ਹੋ ਗਈ। ਸਿਨਹਾ ਨੇ ਇਕ ਨਜ਼ਰ ਉਸ ਵਲ ਵੇਖਿਆ। ਸੋਚਿਆ, ਵਿਚਾਰਾਂ ਬੱਚਾ ਹੈ। ਚੀਫ ਸਾਹਿਬ ਨੇ ਇਸ ਨਾਲ ਬੜੀ ਜ਼ਿਆਦਤੀ ਕੀਤੀ ਏ। ਪਰ ਮੈਂ ਕੀ ਕਰ ਸਕਦਾ ਹਾ। ਕੁਝ ਸੋਚ ਕੇ ਬੋਲੇ, "ਵਸੰਤ ਕੁਮਾਰ ਜੀ, ਤੁਹਾਡੀ ਅੱਛੀ ਸੇਵਾ ਲਈ, ਚੀਫ ਸਾਹਿਬ ਨੇ ਤੁਹਾਡੇ ਲਈ ਇਨਾਮ ਭੇਜਿਆ ਹੈ,"

"ਕੀ ?" ਵਸੰਤ ਕੁਮਾਰ ਨੇ ਪੁਛਿਆ। ਸਿਨਹਾ ਨੇ ਉਸ ਨੂੰ ਇਕ ਲਿਫਾਫਾ ਫੜਾ ਦਿਤਾ। ਵਸੰਤ ਕੁਮਾਰ ਲਿਫਾਫਾ ਲੈ ਕੇ ਜਾਣ ਲਗਾ, ਤਾਂ ਸਿਨਹਾ ਬੋਲਿਆ, "ਖੋਲ ਕੇ ਪੜ੍ਹ ਲੈ, ਚੰਗੀ ਸੇਵਾ ਤੇ ਸਵਾਮੀ ਭਗਤੀ ਦਾ ਇਸ ਤੋਂ ਹੋਰ ਵਧੀਆ ਤੋਹਫਾ ਨਹੀਂ ਮਿਲ ਸਕਦਾ।" ਵਸੰਤ ਕੁਮਾਰ ਨੇ ਲਿਫਾਫਾ ਖੋਲ੍ਹਕੇ ਪੜ੍ਹਿਆ। ਉਸ ਨੂੰ ਆਪਣੇ ਪੈਰਾਂ ਥਲਿਉਂ ਜ਼ਮੀਨ ਖਿਸਕਦੀ ਮਹਿਸੂਸ ਹੋਈ। ਉਸ ਨੂੰ ਸਸਪੈਂਡ ਕਰ ਦਿਤਾ ਗਿਆ ਸੀ। ਥਥਲਾਉਂਦਾ ਜਿਹਾ ਬੋਲਿਆ "ਸਰ ! ਮੇਰੀ ਤੇ ਕੋਈ ਗਲਤੀ......"

"ਮੈਂ ਜਾਣਦਾ ਹਾਂ। ਪਰ ਠਾਕੁਰ ਸਾਹਿਬ ਨੂੰ ਤੇ ਐਕਸਟੈਂਸ਼ਣ ਚਾਹੀਦੀ ਸੀ। ਉਹਨਾਂ ਨੂੰ ਐਕਸਟੈਂਸ਼ਨ ਮਿਲ ਗਈ, ਤੇ ਤੈਨੂੰ ਇਹ ਇਨਾਮ। ਮੈਨੂੰ ਤੇਰੇ ਨਾਲ ਪੂਰੀ ਹਮਦਰਦੀ ਹੈ। ਨਾਉ, ਯੂ ਕੈਨ ਗੋ"।

ਵਸੰਤ ਕੁਮਾਰ ਨੂੰ ਸਿਨਹਾ ਸਾਹਿਬ ਦੇ ਚੈਂਬਰ ਚੋ ਬਾਹਰ ਨਿਕਲਦਿਆ ਹੀ ਲਗਾ, ਕਿ ਭਰਸ਼ੂ ਪਿੰਡ ਦੀ ਟੈਂਕੀ ਫਟ ਗਈ। ਸਾਰੇ ਲੋਕ ਡੁਬ ਗਏ ਹਨ, ਤੇ ਉਹ ਮਲਬੇ ਥਲੇ ਦਬਿਆ ਚੀਕ ਰਿਹਾ ਹੈ, ਤੇ ਕੋਈ ਵੀ ਉਹਦੀ ਆਵਾਜ਼ ਨਹੀਂ ਸੁਣ ਰਿਹਾ। ਇਕ ਛਿਣ ਉਸ ਨੂੰ ਖਿਆਲ ਆਇਆ, ਕਾਸ਼ ਉਹ ਮੰਤਰੀ ਜੀ ਦਾ ਡਰਾਈਵਰ ਹੁੰਦਾ......

ਅਨੁਵਾਦ—ਅਵਤਾਰ ਸਿੰਘ

---

## ਅਖੰਡ ਪਾਠ ਦਾ ਭੋਗ

ਸ੍ਰ: ਜੋਗਿੰਦਰ ਸਿੰਘ ਕੰਗ (ਸਕੱਤਰ ਨਾਮਧਾਰੀ ਵਿਦਿਅਕ ਜੱਥਾ ਜ਼ਿਲਾ ਗੁਰਦਾਸਪੁਰ) ਜੋ ਕਿ ਅੱਜ ਕਲ ਜ਼ਿਲਾ ਅਤੇ ਸੈਸ਼ਨ ਜੱਜ ਕਚਹਿਰੀ ਲੁਧਿਆਣਾ ਵਿਖੇ ਲਾਇਬਰੇਰੀਨ ਦੀ ਸਰਵਿਸ ਕਰ ਰਹੇ ਹਨ ਨੇ ਪਰਿਵਾਰ ਸਹਿਤ ਮਿਲਕੇ ਮਰਯਾਦਾ ਅਨੁਸਾਰ ਆਪਣੇ ਗ੍ਰਹਿ ਪਿੰਡ ਕੰਗ (ਨੇੜੇ ਧਾਰੀਵਾਲ) ਜ਼ਿਲਾ ਗੁਰਦਾਸਪੁਰ ਵਿਖੇ ਅਖੰਡ ਪਾਠ ਕਰਵਾਇਆ। ਭੋਗ ਉਪਰੰਤ ਜਥੇਦਾਰ ਇੰਦਰ ਸਿੰਘ ਕਾਲੇਨੰਗਿਲ ਅਤੇ ਜਥੇਦਾਰ ਬਲਵੰਤ ਸਿੰਘ ਕਪੂਰਾ ਨੇ ਮਨੋਹਰ ਕੀਰਤਨ ਕੀਤਾ। ਡਾ: ਸੁਰੈਣ ਸਿੰਘ ਵਿਲਖੂ ਐਮ. ਏ. (ਪੰਜਾਬੀ ਤੇ ਹਿੰਦੀ), ਪੀ-ਐਚ. ਡੀ. ਮੁਖੀ ਪੰਜਾਬੀ ਵਿਭਾਗ ਗੌਰਮਿੰਟ ਕਾਲਜ ਗੁਰਦਾਸਪੁਰ ਜੀ ਨੇ ਪ੍ਰਭਾਵਸ਼ਾਲੀ ਵਿਆਖਿਆਨ ਕੀਤਾ ਅਤੇ ਮਨੁਖਤਾ ਨੂੰ ਏਕਤਾ ਦੀ ਪ੍ਰੇਰਨਾ ਪ੍ਰਦਾਨ ਕਰਦਿਆਂ ਗੁਰਮਤਿ—ਸਿਧਾਂਤਾ ਨੂੰ ਬਿਆਨ ਕੀਤਾ। ਗਿਆਨੀ ਮੋਹਣ ਸਿੰਘ 'ਅਰਸ਼ੀ' ਸੰਤ ਸਵਰਨ ਸਿੰਘ ਫੱਜੂਪੁਰਾ, ਸੰਤ ਗੁਰਦੀਸ਼ ਸਿੰਘ ਫੱਜੂਪੁਰਾ ਅਤੇ ਸੰਤ ਹਰਨਾਮ ਸਿੰਘ ਜੀ ਨੇ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕੀਤਾ। ਸਟੇਜ ਸਕੱਤਰੀ ਜੋਗਿੰਦਰ ਸਿੰਘ ਕੰਗ ਨੇ ਆਪਣੇ ਘਰ ਆਪ ਹੀ ਕਾਵਿ-ਪੰਗਤੀਆਂ ਪੇਸ਼ ਕਰਦਿਆਂ ਹੋਇਆਂ ਬੜੀ ਯੋਗਤਾ ਨਾਲ ਨਿਭਾਈ। ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

—ਬੇਅੰਤ ਸਿੰਘ ਨਾਮਧਾਰੀ
ਕੰਗ (ਧਾਰੀਵਾਲ)



Sri Satguru Jagjit Singh Ji Elibrary NamdhariElibrary@gmail.com

ਇਕ ਜਾਪਾਨੀ ਬਾਲ ਕਥਾ

# ਬਜ਼ੁਰਗ ਦੀ ਸਿਆਣਪ

ਕਿਹਾ ਜਾਂਦਾ ਹੈ, ਪੁਰਾਣੇ ਸਮਿਆਂ ਵਿਚ ਜਾਪਾਨ ਵਿਚ ਇਕ ਰਿਵਾਜ ਸੀ ਕਿ ਜਦੋਂ ਆਦਮੀ ਬੁਢਾ ਹੋ ਜਾਂਦਾ ਸੀ ਅਤੇ ਕਿਸੇ ਕੰਮ ਕਾਜ ਦੇ ਯੋਗ ਨਹੀਂ ਸੀ ਰਹਿ ਜਾਂਦਾ ਤਾਂ ਉਸ ਦੇ ਪੁਤਰ ਪੋਤਰੇ ਉਹਨੂੰ ਲੈ ਜਾ ਕੇ ਘਰ ਤੋਂ ਦੂਰ ਪਹਾੜ ਤੇ ਛੱਡ ਆਉਂਦੇ ਸਨ। ਇਕ ਪੁਤਰ ਆਪਣੇ ਬਾਪ ਨੂੰ ਬਹੁਤ ਚਾਹੁੰਦਾ ਸੀ ਅਤੇ ਆਪਣੇ ਪਿਓ ਦੀ ਬਹੁਤ ਇਜ਼ਤ ਵੀ ਕਰਦਾ ਸੀ। ਜਦੋਂ ਉਸ ਦਾ ਪਿਓ ਬੁੱਢਾ ਹੋ ਗਿਆ ਅਤੇ ਕਿਸੇ ਵੀ ਕੰਮ ਦੇ ਯੋਗ ਨਾ ਰਿਹਾ ਤਾਂ ਰਿਵਾਜ ਦੇ ਅਨੁਸਾਰ ਪੁਤਰ ਆਪਣੇ ਪਿਤਾ ਨੂੰ ਪਿੱਠ ਤੇ ਲਦ ਕੇ ਉਸ ਪਹਾੜ ਵਲ ਚਲ ਪਿਆ ਜਿਥੇ ਲੋਕ ਘਰ ਦੇ ਨਕਾਰੇ ਬੁਢਿਆਂ ਨੂੰ ਛੱਡ ਆਇਆ ਕਰਦੇ ਸਨ।

ਬੁੱਢੇ ਨੇ ਰਸਤੇ ਵਿਚ ਦਰਖਤਾਂ ਦੀਆਂ ਟਹਿਣੀਆਂ ਤੋੜਨੀਆਂ ਸ਼ੁਰੂ ਕਰ ਦਿਤੀਆਂ ਅਤੇ ਉਹਨਾਂ ਨੂੰ ਸਾਰੇ ਰਸਤੇ ਵਿਚ ਵਿਛਾਉਂਦਾ ਚਲਾ ਗਿਆ ਤਾਂ ਕਿ ਮੁੜਦੇ ਸਮੇਂ ਉਸਦਾ ਪਿਆਰਾ ਪੁਤਰ ਕਿਤੇ ਰਸਤਾ ਨਾ ਭੁਲ ਜਾਵੇ ਅਤੇ ਇਹਨਾਂ ਟਹਿਣੀਆਂ ਦੀਆਂ ਨਿਸ਼ਾਨੀਆਂ ਨਾਲ ਸਹੀ ਸਲਾਮਤ ਘਰ ਪਹੁੰਚ ਸਕੇ।

ਜਦੋਂ ਪੁਤਰ ਪਹਾੜ ਦੀ ਚੋਟੀ ਤੇ ਪਹੁੰਚਾ ਤਾਂ ਉਸ ਨੇ ਇਕ ਚੰਗੀ ਜਿਹੀ ਜਗ੍ਹਾ ਚੁਣ ਕੇ ਉਥੇ ਘਾਹ ਦਾ ਵਛਾਉਣਾ ਬਣਾ ਕੇ ਪਿਤਾ ਨੂੰ ਬਿਠਾ ਦਿਤਾ ਅਤੇ ਬੋਲਿਆ, "ਬਾਪੂ ਹੁਣ ਤੁਸੀਂ ਏਥੇ ਆਰਾਮ ਕਰੋ ਅਤੇ ਮੈਨੂੰ ਆਗਿਆ ਦੇਵੋ।"

ਪਿਤਾ ਨੇ ਹੱਥ ਵਿਚ ਫੜੀ ਇਕ ਟਹਿਣੀ ਉਹਨੂੰ ਫੜਾਦੀ ਤੇ ਕਿਹਾ :

"ਪੁਤਰ ਮੈਂ ਸਾਰੇ ਰਸਤੇ ਵਿਚ ਅਜਿਹੀਆਂ ਟਹਿਣੀਆਂ ਵਿਛਾ ਦਿਤੀਆਂ ਨੇ। ਇਸ ਨਾਲ ਜੰਗਲ ਵਿਚ ਰਸਤਾ ਲੱਭਣ ਵਿਚ ਆਸਾਨੀ ਰਹੇਗੀ ਅਤੇ ਤੁਸੀਂ ਸਿਧੇ ਘਰ ਪਹੁੰਚ ਸਕੋਗੇ। ਹੁਣ ਤੁਸੀਂ ਜਾਓ ਦੂਰ ਜਾਣਾ ਹੈ ਅਤੇ ਦੇਰੀ ਹੋ ਰਹੀ ਹੈ।"

ਪਿਤਾ ਦੇ ਇਸ ਪਿਆਰ ਨੂੰ ਦੇਖ ਕੇ ਬੇਟੇ ਦੇ ਦਿਲ ਤੇ ਕੁਝ ਐਸਾ ਅਸਰ ਹੋਇਆ ਕਿ ਪਿਤਾ ਨੂੰ ਉਥੇ ਛੱਡ ਨਾ ਸਕਿਆ। ਉਸ ਨੇ ਪਿਤਾ ਜੀ ਨੂੰ ਮੁੜ ਆਪਣੀ ਪਿਠ ਤੇ ਬਿਠਾਇਆ ਤੇ ਉਸ ਨੂੰ ਵਾਪਸ ਘਰ ਲੈ ਆਇਆ। ਕਿਤੇ ਰਾਜੇ ਨੂੰ ਪਤਾ ਲਗ ਗਿਆ ਤਾਂ ਪਿਓ ਪੁਤਰ ਦੋਹਾਂ ਨੂੰ ਸਜ਼ਾ ਮਿਲੇਗੀ ਇਹ ਗਲ ਸੋਚ ਕੇ ਪੁਤਰ ਨੇ ਇਹ ਗਲ ਬਿਲਕੁਲ ਲੁਕਾ ਕੇ ਰੱਖੀ ਕਿ ਉਸ ਨੇ ਬੁਢੇ ਪਿਤਾ ਨੂੰ ਘਰ ਵਿਚ ਛੁਪਾ ਕੇ ਰਖਿਆ ਹੋਇਆ ਹੈ।

ਇਕ ਦਿਨ ਰਾਜੇ ਨੇ ਐਲਾਨ ਕੀਤਾ ਕਿ ਜੋ ਕੋਈ ਸੁਆਹ ਦੀ ਬਣੀ ਹੋਈ ਰੱਸੀ ਉਸ ਨੂੰ ਲਿਆ ਕੇ ਦੇਵੇਗਾ ਉਸ ਨੂੰ ਬਹੁਤ ਇਨਾਮ ਦਿਤਾ ਜਾਵੇਗਾ। ਸਾਰੇ ਮੁਲਕ ਦੇ ਲੋਕ ਸੋਚਣ ਲਗੇ ਭਲਾ ਸੁਆਹ ਦੀ ਰੱਸੀ ਕਿਵੇਂ ਸੰਭਵ ਹੋ ਸਕਦੀ ਹੈ।

ਇਹ ਐਲਾਨ ਉਸ ਪਿੰਡ ਵਿਚ ਵੀ ਪੁਜਾ ਜਿਥੇ ਪੁਤਰ ਨੇ ਪਿਓ ਨੂੰ ਲੁਕਾ ਕੇ ਰਖਿਆ ਸੀ ਤਾਂ ਪੁਤਰ ਨੇ ਇਹ ਗਲ ਪਿਤਾ ਨੂੰ ਦਸੀ। ਤਾਂ ਪਿਤਾ ਨੇ ਕਿਹਾ "ਖੂਬ ਕੱਸੀ ਹੋਈ ਰੱਸੀ ਵੱਟੋ ਅਤੇ ਤਖਤ ਤੇ ਰਖ ਕੇ ਜਲਾ ਦਿਓ ਰਾਖ ਦੀ ਰੱਸੀ ਤਿਆਰ ਹੋ ਜਾਵੇਗੀ। ਲੜਕੇ ਨੇ ਇਵੇਂ ਕੀਤਾ ਅਤੇ ਸੁਆਹ ਦੀ ਬਣੀ ਹੋਈ ਰੱਸੀ ਲੈ ਕੇ ਰਾਜੇ ਕੋਲ ਲੈ ਗਿਆ।

ਥੋਹੜੇ ਦਿਨਾਂ ਪਿਛੋਂ ਰਾਜੇ ਨੇ ਉਸ ਲੜਕੇ ਨੂੰ ਮੁੜ ਬੁਲਾਇਆ ਅਤੇ ਇਕ ਐਸਾ ਬਾਂਸ ਦਾ ਟੁਕੜਾ ਦਿਤਾ ਜਿਸ ਦੇ ਦੋਵੇਂ ਸਿਰੇ ਇਕੋ ਜਿਹੇ ਸਨ। ਰਾਜੇ ਨੇ ਕਿਹਾ ਕਿ ਇਸ ਗਲ ਦਾ ਪਤਾ ਲਾਉਣਾ ਹੈ ਕਿ ਇਸ ਬਾਂਸ ਦੇ ਟੁਕੜੇ ਦਾ ਕਿਹੜਾ ਹਿਸਾ ਜੜ੍ਹ ਵਲ ਸੀ। ਲੜਕੇ ਨੇ ਦੋ ਦਿਨਾਂ ਦੀ ਮੁਹਲਤ ਮੰਗੀ ਅਤੇ ਬਾਂਸ ਦਾ ਟੁਕੜਾ ਘਰ ਲੈ ਆਇਆ। ਫੇਰ ਉਹਨੇ ਸਾਰੀ ਕਹਾਣੀ ਸੁਣਾ ਕੇ ਪਿਤਾ ਤੋਂ ਸਲਾਹ ਮੰਗੀ। ਪਿਤਾ ਨੇ ਕਿਹਾ "ਟੁਕੜੇ ਨੂੰ ਹੌਲੀ ਜਿਹੀ ਪਾਣੀ ਵਿਚ ਪਾਵੋ। ਜੋ ਸਿਰਾ ਉਪਰ ਉਠਣ ਲਗੇ ਉਹ ਸਿਰ ਅਤੇ ਜੋ ਪਾਣੀ ਵਿਚ ਜਾਣ ਲਗੇ ਉਹ ਜੜ੍ਹ ਵਲ ਦਾ ਸਿਰਾ ਹੈ। ਪੁਤਰ ਨੂੰ ਸਵਾਲ ਦਾ ਜਵਾਬ ਮਿਲ ਗਿਆ ਅਤੇ ਉਸ ਨੇ ਜਾ ਰਾਜਾ ਨੂੰ ਦਸਿਆ। ਰਾਜੇ ਨੇ ਉਸ ਦੀ ਅਕਲਮੰਦੀ ਦੀ



Sri Satguru Jagjit Singh Ji Elibrary NamdhariElibrary@gmail.com

ਬਹੁਤ ਸਿਫਤ ਕੀਤੀ ਅਤੇ ਉਹਨੂੰ ਇਕ ਹੋਰ ਸਵਾਲ ਕੀਤਾ ਜੋ ਪਹਿਲੀਆਂ ਦੋਹਾਂ ਤੋਂ ਵੀ ਬਹੁਤ ਔਖਾ ਸੀ। ਰਾਜੇ ਨੇ ਉਸ ਨੂੰ ਇਕ ਐਸੀ ਢੋਲਕ ਲਿਆਉਣ ਨੂੰ ਕਿਹਾ ਜੋ ਬਿਨ ਵਜਾਏ ਵਜ ਸਕੇ।

ਪੁਤਰ ਫਿਰ ਆਪਣੇ ਪਿਤਾ ਕੋਲ ਗਿਆ ਅਤੇ ਸਲਾਹ ਮੰਗੀ।

ਪਿਤਾ ਨੇ ਕਿਹਾ ਜੰਗਲ ਵਿਚੋਂ ਸ਼ਹਿਦ ਦੀਆਂ ਮੱਖੀਆਂ ਲੈ ਆਵੋ ਮੱਖੀਆਂ ਦੇ ਨਾਲ ਹੀ ਛੱਜਾ ਪੁਤਰ ਲੈ ਆਇਆ।

ਪਿਤਾ ਨੇ ਇਕ ਢੋਲਕ ਤਿਆਰ ਕੀਤੀ ਅਤੇ ਉਸ ਵਿਚ ਉਹ ਸ਼ਹਿਦ ਦੀਆਂ ਮੱਖੀਆਂ ਦਾ ਛੱਜਾ ਰੱਖ ਦਿਤਾ। ਫੇਰ ਉਹਨੇ ਉਹ ਢੋਲਕ ਰਾਜੇ ਦੇ ਕੋਲ ਆਰਾਮ ਨਾਲ ਲੈ ਜਾਣ ਲਈ ਕਿਹਾ।

ਰਾਜੇ ਨੇ ਢੋਲਕ ਹੱਥ ਵਿਚ ਲਈ।

ਅੰਦਰੋਂ ਮੱਖੀਆਂ ਨੇ ਉੱਡ ਕੇ ਢੋਲਕ ਦੇ ਚਮੜੇ ਨਾਲ ਟਕਰਾਉਣਾ ਸ਼ੁਰੂ ਕਰ ਦਿਤਾ ਤਾਂ ਢੋਲਕ ਵਿਚੋਂ ਆਪਣੇ ਆਪ ਆਪ ਆਵਾਜ਼ ਨਿਕਲਣ ਲੱਗੀ ਰਾਜੇ ਨੇ ਹੈਰਾਨੀ ਨਾਲ ਲੜਕੇ ਨੂੰ ਪੁਛਿਆ ਕਿ ਉਹਨੇ ਏਡੇ ਮੁਸ਼ਕਲ ਸਵਾਲਾਂ ਦੇ ਹਲ ਕਿਵੇਂ ਕੱਢ ਲਏ। ਪੁਤਰ ਨੇ ਰਾਜੇ ਤੋਂ ਸਚਾਈ ਲਕਾਉਣੀ ਠੀਕ ਨਾ ਸਮਝੀ ਅਤੇ ਸਾਰੀ ਕਹਾਣੀ ਸੁਣਾ ਦਿਤੀ ਉਸ ਕਿਹਾ,"ਬਜ਼ੁਰਗ ਪਿਤਾ ਜੀ ਦੇ ਤਜਰਬੇ ਅਤੇ ਅਕਲਮੰਦੀ ਕਰਕੇ ਹੀ ਮੈਂ ਸਾਰੀਆਂ ਗਲਾਂ ਕਰ ਸਕਿਆ ਹਾਂ। ਆਪਣੇ ਪਿਆਰੇ ਪਿਤਾ ਨੂੰ ਮੈਂ ਪਹਾੜ ਤੇ ਇਕੱਲਿਆਂ ਛੱਡ ਕੇ ਨਾ ਆ ਸਕਿਆ। ਇਸ ਜੁਰਮ ਦੀ ਜੋ ਸਜ਼ਾ ਦੇਣੀ ਹੈ ਮੈਂ ਕਬੂਲ ਕਰਾਂਗਾ। ਰਾਜਾ ਨੇ ਜਦੋਂ ਸਾਰੀ ਕਹਾਣੀ ਸੁਣ ਲਈ ਤਾਂ ਉਹ ਸੋਚਣ ਲਗਾ ਕਿ ਮੈਨੂੰ ਨਹੀਂ ਸੀ ਪਤਾ ਕਿ ਬੁਢੇ ਲੋਕਾਂ ਦੇ ਤਜਰਬੇ ਅਤੇ ਅਕਲਮੰਦੀ ਤੋਂ ਕਿਵੇਂ ਲਾਭ ਹੋ ਸਕਦਾ ਹੈ। ਅੱਜ ਤੋਂ ਇਹ ਰਿਵਾਜ ਖਤਮ ਕੀਤਾ ਜਾਂਦਾ ਹੈ। ਕਹਿੰਦੇ ਹਨ ਉਸ ਤੋਂ ਪਿਛੋਂ ਘਰਾਂ ਵਿਚ ਵਡੇ ਬੁਢੇ ਅਤੇ ਪੋਤਰੇ ਘਰਾਂ ਵਿਚ ਖੁਸ਼ੀ ਖੁਸ਼ੀ ਰਹਿਣ ਲਗ ਪਏ। ★

---

ਮੋਰ ਕੂੰਜਾਂ ਨੂੰ ਦੇਵਣ ਤਾਅਣੇ, ਥੋਡੀ ਨਿਤ ਪਰਦੇਸ ਤਿਆਰੀ
ਤੁਸੀਂ ਕਵੱਲੀਆਂ ਜਾਂ ਦੇਸ ਕੁਪੱਤਾ, ਜਾ ਲਗ ਗਈ ਕਿਸੇ ਨਾਲ ਯਾਰੀ ?
'ਨਾ ਵੇ ਮੋਰਾ ਅਸੀਂ ਕੁਪੱਤੀਆਂ, ਨਾ ਹੀ ਕਿਸੇ ਨਾਲ ਯਾਰੀ
ਡਾਢੇ ਨੇ ਸਾਡੀ ਚੋਗ ਖਿਲਾਰੀ, ਲੈਣੀ ਪਵੇ ਉਡਾਰੀ

# ਸੇਠ ਸੁਰਅੰਮ੍ਰਿਤ ਸਿੰਘ ਚਾਵਲਾ

ਥਾਈਲੈਂਡ ਦੇ ਸੰਸਾਰ ਪ੍ਰਸਿਧ ਪੰਜ ਸਟਾਰ ਹੋਟਲ, 'ਰਾਮਾ ਟਾਵਰ ਹੋਟਲ' ਬੈਂਕੋਕ ਦੇ ਮਾਲਕ ਸੇਠ ਸੁਰਅੰਮ੍ਰਿਤ ਸਿੰਘ ਚਾਵਲਾ 'ਦੀ ਟਰੇਡਰਜ਼ ਬੈਂਕ ਲਿ: ਦੇ ਡਾਇਰੈਕਟਰ ਬਣੇ ਹਨ। ਸੇਠ ਚਾਵਲਾ ਜੀ ਨੇ ਬੈਂਕੋਕ ਵਿਚ ਹੋਈ ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ ਦੀ ਰਾਮਾ ਟਾਵਰ ਹੋਟਲ ਵਿਚ ਮੇਜ਼ਬਾਨੀ ਕਰਕੇ ਪੰਜਾਬੀ ਕਾਜ਼ ਵਾਸਤੇ ਉਘਾ ਯੋਗਦਾਨ ਪਾਇਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਇਹ ਅਨਿੰਨ ਪ੍ਰੇਮੀ ਸਿਖ ਬਹੁਤ ਨਿਰਮਾਨ ਅਤੇ ਖੁਲ ਦਿਲੇ ਹਨ। ਇਹਨਾਂ ਦੇ ਬੈਂਕ ਵਿਚ ਸ਼ਾਮਲ ਹੋਣ ਨਾਲ ਬੈਂਕ ਹੋਰ ਵੀ ਰੁਨਤੀ ਦੀਆਂ ਸਿਖਰਾਂ ਛੋਹੇ ਗਾ, ਐਸੀ ਆਸ ਹੈ। ਸ੍ਰੀ ਚਾਵਲਾ ਦੀ ਪ੍ਰਧਾਨਗੀ ਹੇਠ ਹੀ ਪਿਛੇ ਜਿਹੇ ਬੈਂਕ ਦਾ ਗੋਲਡਨ ਜੁਬਲੀ ਸਮਾਰੋਹ ਦਿਲੀ ਵਿਚ ਸੱਜ ਧੱਜ ਨਾਲ ਸੰਪਨ ਹੋਇਆ ਹੈ।

ਅਸੀਂ ਇਸ ਸ਼ਮੂਲੀਅਤ ਤੇ ਖੁਸ਼ੀ ਪਰਗਟ ਕਰਦੇ ਹੋਏ ਅਦਾਰਾ ਵਰਿਆਮ ਵਲੋਂ ਸਵਾਗਤ ਕਰਦੇ, ਬੈਂਕ ਦੇ ਅਧਿਕਾਰੀਆਂ ਨੂੰ ਵਧਾਈ ਦੇਂਦੇ ਬੈਂਕ ਦੀ ਚੜਦੀ ਕਲਾ ਦੀ ਅਰਦਾਸ ਕਰਦੇ ਹਾਂ। —ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

# ਕਿਲ੍ਹਾ ਰਾਏਪੁਰ ਦਾ ਪੇਂਡੂ ਖੇਡ-ਮੇਲਾ

—ਗੁਰਭਜਨ ਗਿੱਲ

ਗਰੇਵਾਲ ਸਪੋਰਟਸ ਐਸੋਸੀਏਸ਼ਨ ਕਿਲ੍ਹਾ ਰਾਏਪੁਰ (ਲੁਧਿਆਣਾ) ਵਲੋਂ ੫੧ਵਾਂ ਗਰੇਵਾਲ ਖੇਡ ਮੇਲਾ ੨੮ ਤੇ ੨੯ ਜਨਵਰੀ ਨੂੰ "ਗਰੇਵਾਲ ਸਟੇਡੀਅਮ" ਵਿਚ ਕੀਤਾ ਗਿਆ। ਐਤਕੀਂ ਇਹ ਖੇਡ ਮੇਲਾ, ਇਸ ਮੇਲੇ ਨਾਲ ਕਈ ਵਰ੍ਹੇ ਜੁੜੇ ਰਹੇ ਦੋ ਸੁਵਰਗਵਾਸੀ ਖਿਡਾਰੀਆਂ ਪਦਮ ਸ਼੍ਰੀ ਪ੍ਰਿਥੀਪਾਲ ਸਿੰਘ ਹਾਕੀ ਉਲੰਪੀਅਨ ਅਤੇ ਸੁਰਜੀਤ ਸਿੰਘ ਉਲੰਪੀਅਨ ਦੀ ਪਵਿੱਤਰ ਯਾਦ ਨੂੰ ਸਮਰਪਿਤ ਸੀ। ਇਸ ਖੇਡ ਮੇਲੇ ਨੂੰ ਗਰੇਵਾਲ ਸਪੋਰਟਸ ਨਾਂ ਹੇਠ ੧੯੩੩ 'ਚ ਆਰੰਭ ਕੀਤਾ ਗਿਆ। ਪਹਿਲਾਂ ਇਹ ਮੇਲਾ ਸਿਰਫ ਹਾਕੀ ਟੂਰਨਾਮੈਂਟ ਸੀ ਪਰ ਮਗਰੋਂ ਇਹ ਖੇਡ-ਮੇਲਾ ਪੇਂਡੂ ਖੇਡਾਂ ਦੇ ਵਖਰੇਵੇਂ ਸਦਕਾ "ਪੇਂਡੂ ਖੇਡਾਂ ਦੀ ਉਲੰਪਿਕਸ" ਅਖਵਾਇਆ। ੧੯੩੯ 'ਚ ਪੇਂਡੂ ਖੇਡਾਂ 'ਚ ਸਭ ਤੋਂ ਹਰਮਨ ਪਿਆਰੀ ਖੇਡ ਬੈਲ ਗੱਡੀਆਂ ਦੀ ਦੌੜ ਦਾ ਜਨਮ ਏਸੇ ਪਿੰਡ ਦੇ ਸ. ਬਖਸ਼ੀਸ਼ ਸਿੰਘ ਨੇ ਏਸੇ ਮੇਲੇ 'ਚ ਕੀਤਾ।

ਐਤਕੀਂ ਇਸ ਖੇਡ-ਮੇਲੇ 'ਚ ਉਦਘਾਟਨ ਕਰਨ ਹਿਤ ਪੰਜਾਬ ਖੇਤੀਬਾੜੀ ਲੁਧਿਆਣਾ ਦੇ ਉਪਕੁਲਪਤੀ ਡਾ. ਸੁਖਦੇਵ ਸਿੰਘ ਨੂੰ ਬੁਲਾ ਲਿਆ ਗਿਆ ਸੀ। ਇਨਾਮਾਂ ਦੀ ਵੰਡ ਪੰਜਾਬ ਦੇ ਗਵਰਨਰ ਸ੍ਰੀ ਭੈਰਵ ਦੱਤ ਪਾਂਡੇ ਜੀ ਨੇ ਕੀਤੀ।

੨੫੦੦੦ ਦੇ ਕਰੀਬ ਦਰਸ਼ਕਾਂ ਨੇ ਇਸ ਖੇਡ ਮੇਲੇ 'ਚ ਸ਼ਾਮਲ ੫੦੦ ਖਿਡਾਰੀਆਂ ਦੇ ਕਰੱਤਵ ਵੇਖੇ। ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਪ੍ਰਸਿੱਧੀ ਦੇ ਕਈ ਖਿਡਾਰੀ ਇਸ ਖੇਡ-ਮੇਲੇ 'ਚ ਸਾਮਲ ਹੋਏ। ਮੁੱਖ ਤੌਰ ਤੇ ਹਾਕੀ (ਮਰਦ ਤੇ ਔਰਤਾਂ) ਕੱਬਡੀ ਤੇ ਬੈਲ ਗੱਡੀਆਂ ਦੀ ਦੌੜ ਸਭ ਤੋਂ ਵਧ ਆਕਰਸ਼ਣ ਦਾ ਕੇਂਦਰ ਬਣੀ। ਨਿਹੰਗ ਸਿੰਘਾਂ ਨੇ ਲਗਪਗ ੧੫ ਸਾਲ ਦੇ ਵਕਫੇ ਬਾਦ ਐਤਕੀਂ ਘੋੜ ਦੌੜ ਤੇ ਨੇਜਾ ਗੱਡਣ ਵਰਗੀਆਂ ਖੇਡਾਂ 'ਚ ਹਿੱਸਾ ਲਿਆ। ਤਲਵੰਡੀ ਸਾਬੋ ਤੋਂ ਆਏ ਬਾਜੀਗਰ ਟੋਲੇ ਨੇ ਮੌਤ ਨਾਲ ਕਲੋਲਾਂ ਕਰਦੇ ਕਰੱਤਵ ਪੇਸ਼ ਕੀਤੇ ਜਿਨਾਂ ਨੂੰ ਵੇਖਕੇ ਗਵਰਨਰ ਪਾਂਡੇ ਅਸ਼ ਅਸ਼ ਕਰ ਉੱਠੇ। ਬੋਰੀ ਚੁੱਕਣ, ਪੱਥਰ ਚੁੱਕਣ ਦੰਦਾਂ ਨਾਲ ਹੱਲ ਚੁੱਕਣ ਵਰਗੀਆਂ ਪੰਜਾਬ ਦੀਆਂ ਪੇਂਡੂ ਖੇਡਾਂ ਨੂੰ ਉਨ੍ਹਾਂ ਨੇ ਵਿਸ਼ੇਸ਼ ਗਹੁ ਨਾਲ ਵਾਚਿਆ। ਇਸ ਮੌਕੇ ਤੇ ਦੋ ਪੁਰਾਣੇ ਖਿਡਾਰੀਆਂ ਸ. ਜਗਦੇਵ ਸਿੰਘ ਸਿੱਧੂ ਉਲੰਪੀਅਨ ਅਤੇ ਭਾਰਤ ਦੀ ਪ੍ਰਤੀਨਿਧਤਾ ਕਰ ਚੁਕੇ ਐਥਲੀਟ ਸ. ਹਰਭਜਨ ਸਿੰਘ ਗਰੇਵਾਲ ਨੂੰ ਸਨਮਾਨਤ ਕੀਤਾ ਗਿਆ।

ਹਾਕੀ ਦੀ ਜੇਤੂ ਪੰਜਾਬ ਬਿਜਲੀ ਬੋਰਡ ਦੀ ਟੀਮ ਨੂੰ, ਪੰਜਾਬ ਦੇ ਗਵਰਨਰ ਸ੍ਰੀ ਭੈਰੋਂ ਦੱਤ ਪਾਂਡੇ ਪਾਸੋਂ ਭਗਵੰਤ ਮੈਮੋਰੀਅਲ ਗੋਲਡ ਕੱਪ ਪ੍ਰਾਪਤ ਕਰਦੀ ਹੋਈ।



Sri Satguru Jagjit Singh Ji Elibrary NamdhariElibrary@gmail.com

ਪਿੰਡ ਮਿਰਜ਼ਾਪੁਰ ਥੇੜ੍ਹ (ਸ੍ਰੀ ਜੀਵਨ ਨਗਰ ਹਰਿਆਣਾ) ਦੀ ਟੀਮ
ਇਸ ਵਾਰ ਵੀ ਰੱਸਾ ਕੱਸੀ ਵਿਚ ਜੇਤੂ ਰਹੀ ।

ਇਸ ਖੇਡ ਮੇਲੇ ਦੀ ਵਿਸ਼ੇਸ਼ ਖਿੱਚ ੧੦੦ ਤੋਲਾ ਸ਼ੁਧ ਸੋਨੇ ਦਾ ਬਣਿਆ "ਭਗਵੰਤ ਮੈਮੋਰੀਅਲ ਗੋਲਡ ਕੱਪ" ਹੈ ਜੋ ਗੁਆਂਢੀ ਪਿੰਡ ਨਾਰੰਗਵਾਲ ਦੇ ਕਰੋੜਪਤੀ ਸਰਦਾਰ ਪ੍ਰਹਿਲਾਦ ਸਿੰਘ ਨੇ ਆਪਣੇ ਸਵਰਗੀ ਪੁੱਤਰ ਦੀ ਯਾਦ 'ਚ ਹਾਕੀ ਮੁਕਾਬਲਿਆਂ ਲਈ ਗਰੇਵਾਲ ਸਪੋਰਟਸ ਵਾਲਿਆਂ ਨੂੰ ੧੯੫੫ 'ਚ ਭੇਂਟ ਕੀਤਾ ਸੀ । ਐਤਕੀਂ ਇਹ ਕੱਪ ਪੰਜਾਬ ਰਾਜ ਬਿਜਲੀ ਬੋਰਡ ਦੀ ਟੀਮ ਨੇ ਪਹਿਲੀ ਵਾਰ ਜਿਤਿਆ । ਇਸ ਕੱਪ ਤੇ ਸਭ ਤੋਂ ਵੱਧ ਵਾਰ ਪੰਜਾਬ ਪੁਲੀਸ ਦੀ ਟੀਮ ਹੀ ਕਾਬਜ਼ ਰਹੀ ਹੈ । ਹਾਕੀ ਦੀ ਖੇਡ 'ਚ ਨਾਮਧਾਰੀ ਵਿਦਿਅਕ ਜਥੇ ਦੀ ਟੀਮ ਦੂਸਰੇ ਸਥਾਨ ਤੇ ਰਹੀ । ਇਹ ਟੀਮ ਪਹਿਲੀ ਵਾਰ ਮੁਕਾਬਲੇ 'ਚ ਉੱਤਰੀ ਸੀ ।

ਖੇਡ ਮੇਲੇ ਵਿਚ ਮੇਲਾ ਵੇਖਣ ਹਿਤ ਪਹੁੰਚੀਆਂ ਮਹੱਤਵਪੂਰਨ ਹਸਤੀਆਂ 'ਚ ਕਈ ਉਲੰਪੀਅਨ ਖਿਡਾਰੀ, ਗੁਰੂ ਨਾਨਕ ਦੇਵ ਯੂਨੀ: ਦੇ ਵੀ. ਸੀ. ਸ. ਜਗਤਾਰ ਸਿੰਘ ਗਰੇਵਾਲ, ਸ. ਜਗਦੇਵ ਸਿੰਘ ਜੱਸੋਵਾਲ, ਐਮ: ਐਲ. ਏ. ਸੁਰਜੀਤ ਪਾਤਰ ਪੰਜਾਬੀ ਕਵੀ, ਡਾ. ਰਣਜੀਤ ਸਿੰਘ ਜਾਇੰਟ ਡਾਇਰੈਕਟਰ ਪੀ. ਏ. ਯੂ ਅਤੇ ਨਾਮਧਾਰੀ ਠਾਕੁਰ ਦਲੀਪ ਸਿੰਘ ਵਰਗੇ ਪ੍ਰਤਿਸ਼ਟ ਸੱਜਣ ਆਏ ਹੋਏ ਸਨ ।

ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਗੱਤਕਾ ਟੀਮ ਤੇ ਹਰਿਆਣੇ 'ਚ ਪੈਂਦੇ ਸਿਰਸਾ ਜ਼ਿਲੇ ਦੇ ਪਿੰਡ ਮਿਰਜ਼ਾਪੁਰ ਥੇੜ੍ਹ ਦੀ ਰੱਸਾ ਕਸ਼ੀ ਟੀਮ ਪਿਛਲੇ ਸਾਲ ਵਾਂਗ ਐਤਕੀਂ ਵੀ ਜੇਤੂ ਰਹੀ । ਗੱਡੀਆਂ ਦੀ ਦੌੜ 'ਚ ਨਾਰੰਗਵਾਲ ਦਾ ਜੱਗਾ ਪਹਿਲੇ ਨੰਬਰ ਤੇ ਰਿਹਾ । ਸੁਹਾਗਾ ਦੌੜ 'ਚ ਐਤਕੀਂ ਮੁਕਾਬਲਾ ਬੜਾ ਫਸਵਾਂ ਰਿਹਾ । ਪੰਜਾਬ ਰਾਜ ਬਿਜਲੀ ਬੋਰਡ ਪੰਜਾਬ ਪੁਲੀਸ ਅਤੇ ਖੇਤੀਬਾੜੀ ਯੂਨੀਵਰਸਟੀ ਦੇ ਐਥਲੀਟਾਂ ਨੇ ਭਰਵਾਂ ਹਿੱਸਾ ਲਿਆ । ਹੋਰ ਵਿਭਾਗਾਂ ਨੂੰ ਵੀ ਚਾਹੀਦਾ ਹੈ ਕਿ ਇਸ ਖੇਡ-ਮੇਲੇ 'ਚ ਨਿੱਤਰ ਕੇ ਪੰਜਾਬ ਦੇ ਦਰਸ਼ਕਾਂ ਸਾਹਮਣੇ ਆਪਣੇ ਬਲ ਦਾ ਪ੍ਰਗਟਾਵਾ ਕਰਨ ।

ਐਸੋਸੀਏਸ਼ਨ ਦੇ ਪ੍ਰਧਾਨ ਭਗਵਿੰਦਰ ਸਿੰਘ ਗਰੇਵਾਲ ਤੇ ਜਨਰਲ ਸਕੱਤਰ ਪਰਮਜੀਤ ਸਿੰਘ ਗਰੇਵਾਲ ਮੁਤਾਬਕ ਅਗਲੇ ਸਾਲਾਂ 'ਚ ਹੋਰ ਕਈ ਪੇਂਡੂ ਖੇਡਾਂ ਇਸ ਖੇਡ-ਮੇਲੇ 'ਚ ਸ਼ਾਮਲ ਕਰਕੇ ਰੌਣਕ 'ਚ ਵਾਧਾ ਕੀਤਾ ਜਾਵੇਗਾ ।

ਪਸਾਰ ਸਿਖਿਆ ਵਿਭਾਗ
ਪੰਜਾਬ ਖੇਤੀ ਯੂਨੀਵਰਸਟੀ
ਲੁਧਿਆਣਾ

★



Sri Satguru Jagjit Singh Ji Elibrary NamdhariElibrary@gmail.com

ਦੀ ਟ੍ਰੇਡਰਜ਼ ਬੈਂਕ ਲਿ: ਦੇ ਪੰਜਾਹ ਸਾਲਾ ਸੇਵਾ ਕਾਲ (ਗੋਲਡਨ ਜੁਬਲੀ) ਦੇ ਸਬੰਧ ਵਿਚ ਮੋਰੀਆ ਹੋਟਲ ਦਿਲੀ ਵਿਖੇ ਇਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ । ਉਪਰਲੀ ਤਸਵੀਰ ਵਿਚ ਸਮਾਗਮ ਨੂੰ ਆਸ਼ੀਰਵਾਦ ਦੇਣ ਲਈ ਪਧਾਰਨ ਉਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਆਗਤ ਕਰ ਰਹੇ ਬੈਂਕ ਦੇ ਚੇਅਰਮੈਨ ਸ: ਸ਼ੇਰ ਸਿੰਘ ਸਿੱਧੂ, ਸੇਠ ਧਰਮ ਸਿੰਘ, ਸੇਠ ਤਰਲੋਕ ਸਿੰਘ ਜੀ ਅਤੇ ਠਾਕਰ ਦਲੀਪ ਸਿੰਘ ਜੀ ।

ਭਾਰਤ ਸਰਕਾਰ ਦੇ ਖਜ਼ਾਨਾ ਮੰਤਰੀ ਸ੍ਰੀ ਪ੍ਰਨਬ ਕੁਮਾਰ ਮੁਕਰਜੀ ਨੂੰ ਸੁਆਗਤ ਉਪਰੰਤ ਮੰਚ ਵਲ ਲਿਜਾ ਰਹੇ ਬੈਂਕ ਦੇ ਡਾਇਰੈਕਟਰ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. । ਸ: ਸ਼ੇਰ ਸਿੰਘ (ਕਵਿਕ ਟਰੈਵਲਜ਼) ਸੇਠ ਸੁਰਅੰਮ੍ਰਿਤ ਸਿੰਘ ਸੇਠ ਤਰਲੋਕ ਸਿੰਘ ਚਾਵਲਾ ਅਤੇ ਸ: ਭਾਗ ਸਿੰਘ ਵੀ ਨਾਲ ਹਨ ।

Sri Satguru Jagjit Singh Ji Elibrary NamdhariElibrary@gmail.com

ਟ੍ਰੇਡਰਜ਼ ਬੈਂਕ ਦੀ ਗੋਲਡਨ ਜੁਬਲੀ ਸਮਾਰੋਹ ਸਮੇਂ ਸਤਿਗੁਰੂ ਜੀ ਨਾਲ ਪ੍ਰਵਚਨ ਕਰਦੇ ਹੋਏ ਸ੍ਰੀ ਪ੍ਰਨਬ ਕੁਮਾਰ ਮੁਕਰਜੀ ਖਜ਼ਾਨਾ ਮੰਤਰੀ ਭਾਰਤ ਅਤੇ ਸ: ਹੰਸਪਾਲ। ਖਬੇ ਪਾਸੇ ਬੈਂਕ ਦੇ ਚੇਅਰਮੈਨ ਸ: ਸ਼ੇਰ ਸਿੰਘ ਸਿੱਧੂ ਨਾਲ ਬੈਂਕ ਦੇ ਜਨਰਲ ਮੈਨੇਜਰ ਸ: ਪ੍ਰਕਾਸ਼ ਸਿੰਘ ਵਿਚਾਰ ਵਟਾਂਦਰਾ ਕਰਦੇ ਹੋਏ।

Sri Satguru Jagjit Singh Ji Elibrary NamdhariElibrary@gmail.com

ਦੀ ਟ੍ਰੇਡਰਜ਼ ਬੈਂਕ ਦੀ ਜਲੰਧਰ ਬ੍ਰਾਂਚ ਵਿਚ ਵੀ ਬੈਂਕ ਦੀ ਗੋਲਡਨ ਜੁਬਲੀ ਦੇ ਸੰਬੰਧ ਵਿਚ ਇਕ ਸਮਾਰੋਹ ਕੀਤਾ ਗਿਆ ਜਿਸ ਵਿਚ ਸ਼ਹਿਰ ਦੇ ਪ੍ਰਮੁਖ ਵਿਉਪਾਰੀ, ਸਨਅਤਕਾਰ, ਬੈਂਕਰ ਅਤੇ ਆਮ ਸ਼ਹਿਰੀ ਭਾਰੀ ਗਿਣਤੀ ਵਿਚ ਸ਼ਾਮਲ ਹੋਏ।



Sri Satguru Jagjit Singh Ji Elibrary NamdhariElibrary@gmail.com

THE TRADERS' BANK LTD.

COMPLETES

50

(1933–1983)

YEARS OF DEDICATED SERVICE TO THE NATION

WE PAY ·25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposits schemes*

*and grow with the growing Bank*

**Branches in : PUNJAB, HARYANA, U. P. & DELHI**

**THE TRADERS' BANK LTD.**

(Regd. & H. O. H-72, Connought Circus, New Delhi)

Scheduled Bank)

S. PARKASH SINGH
General Manager

S. SHER SINGH SINDHU
Chairman




Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਜੀ ਦੀ ਯੂ. ਕੇ. ਫੇਰੀ

੧੯੮੩ ਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ (ਇੰਗਲੈਂਡ) ਦੋਰਾ ਇਕ ਇਤਿਹਾਸਕ ਦੋਰਾ ਸ਼ੀ। ਤਕਰੀਬਨ ਦੋ ਤਿੰਨ ਸਾਲ ਤੋਂ ਸਾਧ ਸੰਗਤ ਦੇ ਕਠਨ ਯਤਨਾਂ ਅਤੇ ਅਰਜਾਂ ਤੋਂ ਬਾਅਦ ਆਪ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਜਿਥੇ ਬਰਮਿੰਘਮ ਦੀ ਸੰਗਤ ਅਤੇ ਹੋਰ ਕੁਝ ਪਤਵੰਤੇ ਸੱਜਨਾਂ ਦੀਆਂ ਅਰਜ਼ਾਂ ਸੁਣ ਕੇ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ ਉਥੇ ਇਸ ਦੋਰੇ ਦੀ ਕਾਮਯਾਬੀ ਦਾ ਸਿਹਰਾ ਖਾਸ ਤੋਰ ਤੇ ਲੰਡਨ ਦੀ ਸੰਗਤ ਅਤੇ ਸਾਬਕਾ ਸਕੱਤਰ ਸ: ਮਹਿੰਦਰ ਸਿੰਘ ਬਾਹੜਾ, ਪ੍ਰਧਾਨ ਪ੍ਰੀਤਮ ਸਿੰਘ ਜੀ ਰੀਹਲ ਅਤੇ ਸੰਤ ਹਰਚਰਨ ਸਿੰਘ ਜੀ ਰੰਧਾਵਾ ਜੀ ਦੇ ਸਿਰ ਤੇ ਹੈ। ਜਿਵੇਂ ਸੰਤ ਰੰਧਾਵਾ ਜੀ ਦਾ ਸ੍ਰੀ ਸਤਿਗੁਰੂ ਜੀ ਨਾਲ ਟੈਲੀਫੂਨ ਤੇ ਸੰਪਰਕ ਆਪਣੀ ਖਾਸ ਭੂਮਿਕਾ ਨਿਭਾਉਂਦਾ ਹੈ; ਸ: ਮਹਿੰਦਰ ਸਿੰਘ ਬਾਹੜਾ ਦਾ ਐਮ. ਪੀ. ਅਤੇ ਜੀ. ਐਲ. ਸੀ. ਦੇ ਲੀਡਰ ਨਾਲ ਸੰਪਰਕ ਇਸ ਦੋਰੇ ਨੂੰ ਇਤਿਹਾਸਕ ਬਣਾ ਦਿੰਦਾ ਹੈ ਅਤੇ ਸ. ਪ੍ਰੀਤਮ ਸਿੰਘ ਰੀਹਲ ਜੀ ਦੀ ਅਣਥਕ ਮਿਹਨਤ ਅਤੇ ਕੁਰਬਾਨੀ ਇਸ ਦੋਰੇ ਨੂੰ ਇਕ ਕਾਮਯਾਬ ਟੀਸੀ ਤੇ ਪਹੁੰਚਾ ਦਿੰਦੀ ਹੈ।

**ਨਿਊਹੈਮ ਕੌਂਟੀ**, ਇਹ ਇਕ ਇਲਾਕੇ ਦਾ ਨਾਮ ਹੈ ਜਿਥੇ ਨਾਮਧਾਰੀ ਪ੍ਰਵਾਰ ਬਹੁਗਿਣਤੀ ਵਿਚ ਹਨ ਇਹ ਮਿਊਂਸਪਲ ਕਮੇਟੀ ਦੇ ਵਾਰਡ ਵਾਂਗ ਹੈ। ਇਸ ਦੀ ਆਪਣੀ ਕੌਂਸਲ ਹੈ, ਜਿਸ ਕੌਂਸਲਰ ਦਾ ਜ਼ਿਕਰ ਇਸ ਰੀਪੋਰਟ ਵਿਚ ਆਵੇਗਾ ਉਹ ਇਸੇ ਲੋਕਲ ਕੋਸਲ ਦਾ ਮੈਂਬਰ ਹੈ। ਜੀ. ਐਲ ਸੀ ਗਰੇਟਰ ਲੰਡਨ ਕੌਂਸਲ ਹੈ ਜਿਹੜੀ ਸਾਰੇ ਲੰਡਨ ਦੀ ਪ੍ਰਬੰਧਕ ਕੋਂਸਲ ਹੈ। ਇਹ ਮੈਟਰੋਪੋਲੀਟਨ ਕੌਂਸਲ ਦਾ ਦਰਜਾ ਰਖਦੀ ਹੈ। ਅਜਕਲ ਇਸ ਤੇ ਲੇਬਰ ਪਾਰਟੀ ਦਾ ਕਬਜ਼ਾ ਹੈ। ਲੇਬਰ ਪਾਰਟੀ ਦਾ ਲੀਡਰ ਕੇਨ ਲਵਿੰਗਸਟਨ ਹੈ ਜੋ ਕਿ ਗਰਮ ਧੜੇ ਦਾ ਨੌਜਵਾਨ ਹੈ। ਇਸ ਦੀਆਂ

ਹਰ ਸਮੇਂ ਸੇਵਾ ਲਈ ਤਤਪਰ ਨਾਮਧਾਰੀ ਸੰਗਤ ਯੂ. ਕੇ. ਦੇ ਵਿਸ਼ੇਸ਼ ਰੁਕਣ ਸ: ਹਰਚਰਨ ਸਿੰਘ ਰੰਧਾਵਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ।


Sri Satguru Jagjit Singh Ji Elibrary NamdhariElibrary@gmail.com

ਬਹੁਤ ਸਾਰੀਆਂ ਨੀਤੀਆਂ ਅਤੇ ਬਿਆਨ ਇਥੋਂ ਦੇ ਸਜੇ ਪੱਖੀ ਲੋਕਾਂ ਨੂੰ ਨਹੀਂ ਪਸੰਦ ਇਸੇ ਕਰਕੇ ਇਸ ਬਾਰੇ ਆਮ ਚਰਚਾ ਰਹਿੰਦਾ ਹੈ।)

ਨਿਊਹੈਮ ਕੌਂਟੀ ਕੌਂਸਲ ਦੇ ਕੌਂਸਲਰ ਸ: ਅਮਰਜੀਤ ਸਿੰਘ ਦੇ ਜੀ ਦੇ ਯਤਨਾਂ ਨਾਲ ਇਸ ਵਾਰ ਨਿਊਹੈਮ ਨਾਰਥ ਵੇਸਟ ਤੋਂ ਚੁਣੇ ਗਏ ਲੇਬਰ ਐਮ. ਪੀ ਟੋਨੀ ਬੈਂਕ ਨਾਲ ਮੁਲਾਕਾਤ ਕਰਾਈ ਗਈ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਆਗਮਨ ਦੀ ਖੁਸ਼ੀ ਵਿਚ ਈਸਟ ਲੰਡਨ ਦੀ ਸੰਗਤ ਵਲੋਂ ਫਾਰਸੈਟ ਗੇਟ ਲੰਡਨ ਨਾਮਧਾਰੀ ਗੁਰਦੁਆਰਾ ਵਿਖੇ ਨਿਊਹੈਮ ਕੌਂਟੀ ਕੌਂਸਲ ਦੇ ਮੇਅਰ (ਪ੍ਰਧਾਨ) ਅਤੇ ਹੋਰ ਬਹੁਤ ਸਾਰੇ ਕੌਂਸਲਰਜ਼ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਜੀਓ ਆਇਆਂ ਆਖਿਆ ਗਿਆ। ਗਰਮੀ ਦੇ ਬਾਵਜੂਦ ਵੀ ਗੋਰੇ ਮੇਜ਼ਬਾਨਾਂ ਵਲੋਂ ਪੂਰਾ ਸਤਿਕਾਰ ਅਤੇ ਸ਼ਰਧਾ ਭਾਵ ਜਤਾਇਆ ਗਿਆ। ਗਰਮੀ ਤੇ ਜਗ੍ਹਾ ਦੀ ਤੰਗੀ ਹੋਣ ਤੇ ਵੀ ਕਿਸੇ ਨੇ ਵੀ ਕੋਈ ਕਾਹਲ ਜਾਂ ਤਕਲੀਫ ਦਾ ਜ਼ਿਕਰ ਨਹੀਂ ਕੀਤਾ ਸਗੋਂ ਮੇਅਰ ਵਲੋਂ ਜਗ੍ਹਾ ਦੀ ਤੰਗੀ ਦਾ ਹੱਲ ਕਰਨ ਲਈ ਮਦਦ ਦਾ ਭਰੋਸਾ ਦਵਾਇਆ ਗਿਆ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਸੰਸਾਰ ਸ਼ਾਂਤੀ ਅਤੇ ਮਨੁਖਤਾ ਦੇ ਭਲੇ ਲਈ ਪਵਿਤਰ ਪ੍ਰਵਚਨਾਂ ਵਿਚ ਫੁਰਮਾਇਆ ਕਿ ਰੰਗਾਂ ਦੇ ਭੇਦ ਭਾਵ ਛਡਕੇ ਸਾਨੂੰ ਸਾਰੇ ਧਰਮਾਂ ਵਾਲਿਆਂ ਨੂੰ ਸਮੁੱਚੇ ਰੂਪ ਵਿਚ ਸਾਂਝੇ ਰੂਪ ਵਿਚ ਇਕ ਦੂਸਰੇ ਦੇ ਸਥਾਨਾਂ ਤੇ ਜਾਕੇ ਇਕ ਦੂਸਰੇ ਦੇ ਧਾਰਮਿਕ ਦਿਨ ਮਨਾਉਣੇ ਚਾਹੀਦੇ ਹਨ।' ਇਨਾਂ ਪ੍ਰਵਚਨਾਂ ਦਾ ਅਸਰ ਜਾਦੂ ਦੀ ਤਰਾਂ ਹੋਇਆ। ਦੂਸਰੇ ਦਿਨ ਫਿਨਲੈਂਡ ਤੋਂ ਆਏ ਸੱਜਨਾਂ ਆਪਣਾ ਜੱਥਾ ਲੈ ਕੇ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਅੰਗਰੇਜ਼ੀ ਸਾਜਾਂ ਨਾਲ ਧਾਰਮਿਕ ਗੀਤਾਂ ਦਾ ਗਾਇਨ ਕੀਤਾ। ਪਹਿਲਾਂ ਉਨਾਂ ਨੇ ਬੜੀ ਸ਼ਰਧਾ ਪੂਰਬਕ ਸ਼ਾਮ ਦਾ ਦੀਵਾਨ —ਸੰਤ ਹਰਬੰਸ ਸਿੰਘ ਸੰਤ ਖਜ਼ਾਨ ਸਿੰਘ ਜੀ ਦਾ ਕੀਰਤਨ ਸਰਵਨ ਕੀਤਾ ਫਿਰ ਉਨਾਂ ਦਾ ਕੀਰਤਨ ਸੰਗਤ ਨੇ ਬੜੇ ਪਿਆਰ ਨਾਲ ਸੁਣਿਆ।

ਇਨਾਂ ਦਿਨਾਂ ਵਿਚ ਹੀ ਸ. ਅਮਰਜੀਤ ਸਿੰਘ ਕੌਂਸਲਰ ਦੇ ਯਤਨਾਂ ਨਾਲ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੂੰ ਇੰਗਲੈਂਡ ਦਾ ਪਾਰਲੀਮੈਂਟ ਹਾਊਸ ਦਿਖਾਇਆ ਗਿਆ। ਪਾਰਲੀਮੈਂਟ ਹਾਊਸ ਦੇਖਣ ਤੋਂ ਉਪਰੰਤ ਜੀ. ਐਲ. ਸੀ ਵਲੋਂ ਸੁਆਗਤ ਸਮਾਰੋਹ ਦਾ ਅਯੋਜਨ ਕੀਤਾ ਗਿਆ ਸੀ ਜਿਸ ਵਿਚ ਸ: ਜਗਜੀਤ ਸਿੰਘ ਜੀ ਅਨੰਦ ਨੇ ਅਨੁਵਾਦਕ ਦਾ ਕੰਮ ਕੀਤਾ ਇਥੇ ਜੀ. ਐਲ. ਸੀ ਦੇ ਲੇਬਰ ਲੀਡਰ ਨਾਲ ਸਤਿਗੁਰੂ ਜੀ ਦੇ ਬੜੇ ਹੀ ਰੋਚਕ ਪ੍ਰਵਚਨ ਹੋਏ। ਆਪ ਜੀ ਨੇ ਖੁਸ਼ ਹੋ ਕੇ ਲੇਬਰ ਲੀਡਰ ਸ੍ਰੀ ਕੇਨ ਲਵਿੰਗਸਟਨ ਨੂੰ ਅਸ਼ੀਰਵਾਦ ਦਿਤੀ ਕਿ 'ਅਕਾਲ ਪੁਰਖ ਆਪ ਜੀ ਨੂੰ ਸੱਚ ਦੀ ਲੜਾਈ ਵਿਚ ਮਦਦ ਕਰੇ ਅਤੇ ਆਪ ਸਾਰੇ ਰਲ ਕੇ ਯਤਨ ਕਰੋ ਤਾਂ ਕਿ ਸੰਸਾਰ ਵਿਚ ਅਮਨ ਸਥਾਪਤ ਹੋ ਸਕੇ।' ਅੰਤ ਵਿਚ ਜੀ. ਐਲ. ਸੀ. ਵਲੋਂ ਕੀਤੇ ਜਾ ਰਹੇ ਯਤਨਾਂ ਦਾ ਜ਼ਿਕਰ ਕੇਨ ਲਵਿੰਗਸਟਨ ਜੀ ਨੇ ਕੀਤਾ ਅਤੇ ਸਾਹਿਤ ਭੇਂਟ ਕੀਤਾ। ਇਕ ਪਲੇਟ (ਜੋ ਕਿ ਸੰਸਾਰ ਦੇ ਉਘੇ ਵਿਅਕਤੀਆਂ ਨੂੰ ਜੋ ਲੰਡਨ ਆਉਣ ਉਨਾਂ ਨੂੰ ਦਿਤੀ ਜਾਂਦੀ ਹੈ) ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੂੰ ਜੀ. ਐਲ. ਸੀ. ਦੇ ਚੇਅਰਮੈਨ ਵਲੋਂ ਭੇਂਟ ਕੀਤੀ ਗਈ। ਸਾਧ ਸੰਗਤ ਦੀ ਸੇਵਾ ਫਲ ਰਸ ਨਾਲ ਕੀਤੀ ਗਈ ਜੀ. ਐਲ. ਸੀ. ਦੇ ਦਫਤਰ ਆਦਿ ਦੇਖਣ ਤੋਂ ਬਾਅਦ ਕੁਝ ਗਰੁਪ ਫੋਟੋ ਲਈਆਂ ਗਈਆਂ।

ਸੁਰਜੀਤ ਸਿੰਘ ਜੀਤ

---

ਪੁਸਤਕ ਚਰਚਾ

# ਗੁਰੂ ਚੇਤਨ

ਲੇਖਕ : ਮਹਿੰਦਰ ਸਿੰਘ, ਪਨਿਹਾਰੀ ਸਰਸਾ
ਪ੍ਰਕਾਸ਼ਕ : ਮਹਿੰਦਰ ਸਿੰਘ F-43 ਬਾਲੀ ਨਗਰ ਨਵੀਂ ਦਿਲੀ
ਛਾਪਕ : ਜਨਤਕ ਪ੍ਰੈਸ ਦਿਲੀ
ਕੀਮਤ—20 ਰੁਪਏ

ਹਥਲੀ ਪੁਸਤਕ ਕੇਵਲ ਇਸ ਕਾਰਨ ਵਜੂਦ ਵਿਚ ਆਈ ਹੈ ਕਿ ਲੇਖਕ ਸਮਝਦਾ ਹੈ ਆਦਿ ਗੁਰੂਆਂ ਦੀ ਬਾਣੀ ਦਾ ਤੱਤ ਵਿਚਾਰਨ ਦੀ ਥਾਂ, ਉਸ ਅਨੁਸਾਰ ਜੀਵਨ ਗਿਆਨ ਸਮਝਣ ਤੇ ਉਹਦੇ ਦੱਸੇ ਅਨੁਸਾਰ ਜ਼ਿੰਦਗੀ ਦਾ ਸੁਗਮ ਰਾਹ ਫੜਨ ਦੀ ਥਾਂ, ਉਸਨੂੰ ਪੂਜਾ ਪ੍ਰਤਿਸ਼ਟਾ ਦਾ ਸਾਧਨ ਬਣਾ ਕੇ ਮਾਇਆ ਇਕੱਤਰ ਕਰਨ ਦਾ ਵਸੀਲਾ ਬਣਾ ਲਿਆ ਹੈ।

ਲੇਖਕ ਚਾਹੁੰਦਾ ਹੈ ਕਿ ਗੁਰਬਾਣੀ ਦਾ ਗਹੁ ਨਾਲ ਅਧਿਐਨ ਕਰਕੇ ਉਸ ਅਨੁਸਾਰ ਜੀਵਨ ਲਈ ਬੁਨਿਆਦੀ ਤੱਥ ਅਪਣਾਏ ਜਾਣ। ਲੇਖਕ ਵਿਚਾਰਾਂ ਵਲੋਂ ਵੇਦਾਂਤੀ ਹੈ



Sri Satguru Jagjit Singh Ji Elibrary NamdhariElibrary@gmail.com

ਅਤੇ ਅਭਿਆਸੀ ਹੈ। ਉਸ ਦਾ ਨਿਸਚਾ ਹੈ ਕਿ ਗੁਰਬਾਣੀ ਵਿਚ ਵਰਣਨ ਕੀਤੇ ਗਿਆਨ ਕਾਂਡ ਦੀ ਅਤੇ ਵਿਦਾਂਤ ਦੇ ਸਿਧਾਂਤ ਮਤ ਦੀ ਇਕ ਰਾਇ ਹੈ, ਕਿਤੇ ਤਿਲ ਭਰ ਵੀ ਵਿਰੋਧਤਾ ਨਹੀਂ।

ਪੁਸਤਕ ਲੇਖਕ ਗੁਰਬਾਣੀ ਨੂੰ ਭਾਰਤੀ ਸਾਹਿਤ ਦੀ ਅਮੁਲ ਨਿੱਧੀ, ਸਿਧਾਂਤਾਂ ਦਾ ਬਹੁਮੁਲਾ ਖਜ਼ਾਨਾ ਅਤੇ ਗੁਰ ਸਿੱਖੀ ਦਾ ਵਿਧਾਨ ਸਮਝਦਾ ਹੈ। ਉਹ ਚਾਹੁੰਦਾ ਹੈ ਕਿ ਹਰ ਵਿਅਕਤੀ ਇਸ ਪਿਉ ਦਾਦੇ ਦੇ ਖਜ਼ਾਨੇ ਦੀ ਵਿਸ਼ਾਲਤਾ ਤੇ ਪ੍ਰਮਾਣੀਕਤਾ ਨੂੰ ਪਛਾਣ ਕੇ ਆਤਮਕ ਅਮੀਰੀ ਪ੍ਰਾਪਤ ਕਰੇ।

ਗੁਰਬਾਣੀ ਦੀ ਸਮੁਚੀ ਖੋਜ ਅਤੇ ਨਿੱਜੀ ਤਜਰਬੇ ਦੇ ਆਧਾਰ ਤੇ ਲੇਖਕ ਛਾਤੀ ਠੋਕਕੇ ਕਹਿੰਦਾ ਹੈ ਕਿ ਪੂਰੇ ਗੁਰੂ ਦੇਹ ਧਾਰੀ ਗੁਰੂ ਤੋਂ ਬਿਨਾਂ ਹੋਰ ਕਿਸੇ ਵਸੀਲੇ ਨਾਲ ਆਤਮ ਗਿਆਨ ਅਰਥਾਤ ਬ੍ਰਹਮ ਗਿਆਨ ਪ੍ਰਾਪਤ ਨਹੀਂ ਹੋ ਸਕਦਾ।

ਲੇਖਕ, ਸੰਤ ਮਹਿੰਦਰ ਸਿੰਘ ਗੰਗਾ ਨਗਰ, ਰਾਜਸਥਾਨ ਦਾ ਵਸਨੀਕ ਹੈ ਅਤੇ ਇਕ ਹਲਵਾਹਕ ਜੱਟ ਹੈ। ਇਸ ਨੂੰ ਇਹ ਸੁਭਾਵਕ ਹੀ ਮਾਣ ਪ੍ਰਾਪਤ ਹੈ ਕਿ ਇਸ ਦੇ ਖ਼ਾਨਦਾਨ ਦਾ, ਦੁਨੀਆਂ ਵਲੋਂ ਮੁਹਾਣ ਮੋੜ ਕੇ ਦੀਨ ਵੱਲ ਲਾਉਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਸਨ।

ਬਾਰ੍ਹਵੇਂ ਸਤਿਗੁਰੂ ਜੀ ਸਿੱਖਾਂ ਨੂੰ ਮੁੜ ਜੀਵਨ ਦੇਣ ਦੀ ਮੁਹਿੰਮ ਸਮੇਂ ਇਸ ਦੇ ਪੜਦਾਦੇ ਜ਼ੈਲਦਾਰ ਸ਼ਾਮ ਸਿੰਘ ਅਤੇ ਦਾਦੇ ਸੰਤ ਜਿਊਣ ਸਿੰਘ ਤੇ ਉਨ੍ਹਾਂ ਦੇ ਭਾਈ ਸੰਤ ਮੀਹਾਂ ਸਿੰਘ, ਸੰਤ ਕਿਸ਼ਨ ਸਿੰਘ ਜੀ ਨੇ ਸਾਰੇ ਪਰਵਾਰ ਸਮੇਤ ਗੁਰੂ ਜੀ ਦੀ ਸ਼ਰਨ ਲਈ। ਸਤਿਗੁਰੂ ਰਾਮ ਸਿੰਘ ਜੀ ਨਾਲ ਨਿੱਜੀ ਸਨੇਹ ਦਾ ਇਹ ਹਾਲ ਰਿਹਾ ਕਿ ਸਤਿਗੁਰਾਂ ਦੇ ਦੇਸ ਨਿਰਵਾਸਨ ਸਮੇਂ ਇਕ ਵਾਰ ਤਿੰਨਾਂ ਜਣਿਆਂ ਨੇ ਹੀ ਵਿਦੇਸ਼ੀ ਸਰਕਾਰ ਦੀਆਂ ਪਾਬੰਦੀਆਂ ਦੀ ਪਰਵਾਹ ਨ ਕਰ, ਬਰਮਾ ਵਿਚ ਜਾ ਗੁਰੂ ਜੀ ਦੇ ਚਰਨ ਪਰਸੇ। ਅਤੇ ਸਤਿਗੁਰਾਂ ਦੇ ਕਰ ਕਮਲਾਂ ਦੁਆਰਾ ਲਿਖੇ ਹੁਕਮਨਾਮੇ ਲਿਆ ਕੇ ਸਤਿਗੁਰੂ ਹਰੀ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਦੂਜੇ ਅਰਥਾਂ ਵਿਚ ਪੁਸਤਕ ਲੇਖਕ ਸੰਤ ਮਹਿੰਦਰ ਸਿੰਘ ਦੇ ਵਡੇਰਿਆਂ ਨੇ ਸਤਿਗੁਰੂ ਰਾਮਦਾਸ ਜੀ ਦੀਆਂ, ਆਦਿ ਗਰੰਥ ਸਾਹਿਬ ਜੀ ਵਿਚ ਲਿਖੀਆਂ, ਇਹਨਾਂ ਤੁਕਾਂ ਨੂੰ ਅਮਲੀ ਜਾਮਾ ਪੁਆਇਆ ਜਿਨ੍ਹਾਂ ਵਿਚ ਗੁਰੂ ਦੇ ਸਿੱਖਾਂ ਦਾ ਸਮੁੰਦਰ ਲੰਘ ਕੇ ਆਪਣੇ ਗੁਰੂ ਨੂੰ ਜਾ ਮਿਲਣ ਦਾ ਜ਼ਿਕਰ ਹੈ। ਰਾਗ ਸੂਹੀ ਵਿਚ ਚੌਥੇ ਸਤਿਗੁਰਾਂ ਉਚਾਰਿਆ ਹੈ:

ਝਖੜੁ ਝਾਗੀ ਮੀਹੁ ਵਰਸੈ
ਭੀ ਗੁਰੁ ਦੇਖਣ ਜਾਈ ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ ॥

(ਪੰਨਾ ੭੫੭)

ਗੁਰਸਿਖਾਂ ਦੇ ਇਤਿਹਾਸ ਵਿਚ ਏਦੂੰ ਪਹਿਲਾਂ ਅਜਿਹੀ ਮਿਸਾਲ ਨਹੀਂ ਮਿਲਦੀ।

ਇਨ੍ਹਾਂ ਦੇ ਦਾਦੇ ਦੇ ਭਾਈ ਸੰਤ ਮੀਹਾਂ ਸਿੰਘ ਜੀ ਨੇ ਤਿੰਨ ਵਾਰ ਬੰਦੂਕਾਂ ਦੇ ਪਹਿਰੇ ਵਿਚੋਂ ਲੰਘ, ਨਿਰਵਾਸਤ ਸਤਿਗੁਰੂ ਜੀ ਦੀ, ਨਜ਼ਰਬੰਦੀ ਵਾਲੇ ਬੰਗਲੇ ਦਾ ਜੰਗਲਾ ਟੱਪ ਕੇ, ਗਲਵਕੜੀ ਦਾ ਅਕਹਿ ਸੁਖ ਪ੍ਰਾਪਤ ਕੀਤਾ। ਬਾਅਦ ਵਿਚ ਇਸ ਬਾਰੇ ਜੋ ਵੀ ਯਾਤਨਾਵਾਂ ਸਹਾਰਨੀਆਂ ਪਈਆਂ ਖਿੜੇ ਮਥੇ ਸਹਾਰੀਆਂ। ਸਿੱਖੀ ਅਤੇ ਗੁਰੂ ਕੇ ਸਨੇਹ ਨੂੰ ਆਂਚ ਨ ਆਉਣ ਦਿਤੀ।

ਉਪਰ ਦੱਸੇ ਤਿੰਨਾਂ ਵਿਚੋਂ ਸੰਤ ਜਿਊਣ ਸਿਘ ਸਰਹਾਲੀ ਵਾਲਿਆਂ ਦੇ ਸਪੁਤਰ ਸੰਤ ਸੁਰਜਨ ਸਿੰਘ ਜੀ ਅਤੇ ਇਹਨਾਂ ਦੇ ਸਪੁਤਰ ਸੰਤ ਮਹਿੰਦਰ ਸਿੰਘ ਜੀ ਨੇ ਹਲ ਦੀ ਜੰਘੀ ਛਡ, ਉਮਰ ਦੇ ਤੀਜੇ ਭਾਗ ਵਿਚ ਪਹੁੰਚ ਕੇ ਕਲਮ ਉਠਾਈ ਹੈ।

ਕੋਸ਼ਿਸ਼ ਅਸਲੋਂ ਨਵੀਂ ਹੈ। ਕਿਤੇ ਕਿਤੇ 'ਹਨੇਰ ਸਾਈਂ ਦਾ' ਵਰਗਾ ਰੋਹ ਵੀ ਹੈ, ਪਰ ਲੇਖਕ ਸੱਚੇ ਮਨੋਂ ਅਉਝੜ ਪਏ ਵਿਅਕਤੀਆਂ ਅਤੇ ਕੁਰਾਹੇ ਪਾਣ ਵਾਲੇ ਪਰੋਹਤਾਂ ਤੋਂ ਪਾਠਕਾਂ ਨੂੰ ਸੁਚੇਤ ਕਰਦਾ ਹੈ।

ਆਸ ਹੈ ਪੁਸਤਕ ਦਾ ਧਿਆਨ ਪੂਰਵਕ ਅਧਿਐਨ ਪਾਠਕ ਨੂੰ ਲਾਭ ਪੁਜਾਏਗਾ।

—ਪ੍ਰੀਤਮ ਸਿੰਘ ਕਵੀ

★



Sri Satguru Jagjit Singh Ji Elibrary NamdhariElibrary@gmail.com

ਫਿਰਕੇਦਾਰਾਂ ਨੂੰ

# ਬਾਬਾ ਜੀ ਹੁਣ ਤੇ ਜਾਣ ਦਿਓ

—ਧਨੀ ਰਾਮ ਚਾਤ੍ਰਿਕ

ਬਾਬਾ ਜੀ ਹੁਣ ਤੇ ਜਾਣ ਦਿਓ,
ਕੋਈ ਸੁਖ ਦਾ ਸਾਹ ਵੀ ਆਣ ਦਿਓ;
ਤੁਸੀਂ ਮਸਲੇ ਘੜਦੇ ਓ ਬਹਿ ਬਹਿ ਕੇ
ਉਜੜ ਗਈ ਖਲਕਤ ਖਹਿ ਖਹਿ ਕੇ.
ਔਝੜ ਵਲ ਹੋਰ ਘਸੀਟੋ ਨਾ
ਸਾਨੂੰ ਅਸਲੀ ਮੰਜ਼ਲ ਮੁਕਾਣ ਦਿਓ,
ਬਾਬਾ ਜੀ ਹੁਣ ਤੇ ਜਾਣ ਦਿਓ,

ਮੱਤ ਮਾਰੀ ਗਈ ਏ ਸੁਣ ਸੁਣ ਕੇ
ਮਰ ਲੱਥੇ ਸੂਲਾਂ ਚੁਣ ਚੁਣ ਕੇ
ਹੁਣ ਹੋਰ ਪੁਆੜੇ ਫੇਰ ਸਹੀ
ਸਾਨੂੰ ਅਗਲਾ ਕੰਮ ਭੁਗਤਾਣ ਦਿਓ,
ਬਾਬਾ ਜੀ ਹੁਣ ਤੇ ਜਾਣ ਦਿਓ,

ਸਾਨੂੰ ਨਵੇਂ ਸਲੋਕ ਸਿਖਾਓ ਨਾ
ਭਾਈਆਂ ਦੇ ਸਿਰ ਪੜਵਾਓ ਨਾ
ਇਹ ਮਿਰਚ ਮਸਾਲੇ ਰਹਿਣ ਦਿਓ
ਦੁਨੀਆਂ ਨੂੰ ਖਾਣ ਕਮਾਣ ਦਿਓ
ਬਾਬਾ ਜੀ ਹੁਣ ਤੇ ਜਾਣ ਦਿਓ

ਫਿਰਕੇਦਾਰੀ ਤੋਂ ਮੋੜ ਨਹੀਂ
ਪਰ ਅਜ ਕੱਲ ਇਸ ਦੀ ਲੋੜ ਨਹੀਂ
ਏਨੂੰ ਫੇਰ ਕਦੇ ਲਈ ਸਾਂਭ ਛਡੋ
ਸਾਨੂੰ ਘੁੱਟ ਘੁੱਟ ਜੱਫੀਆਂ ਪਾਣ ਦਿਓ,
ਬਾਬਾ ਜੀ ਹੁਣ ਤੇ ਜਾਣ ਦਿਓ,

ਕੁਝ ਤਰਸ ਕਰੋ ਇਨਸਾਫ ਕਰੋ
ਖ਼ਲਕਤ ਨੂੰ ਹੁਣ ਤੇ ਮਾਫ ਕਰੋ
ਸਾਨੂੰ ਪਾੜ ਪਾੜ ਕੇ ਨ ਮਾਰੋ
ਕਿਤੇ ਕਠਿਆਂ ਬਹਿ ਕੇ ਖਾਣ ਦਿਓ
ਬਾਬਾ ਜੀ ਹੁਣ ਤੇ ਜਾਣ ਦਿਓ

ਜਿਸ 'ਰੱਬ' ਨੇ ਪਾਟਕ ਪਾਇਆ ਹੈ
ਜਿਨ ਨਫਰਤ ਕਰਨ ਸਿਖਾਇਆ ਹੈ
ਉਹਨੂੰ ਡੋਬ ਸਮੁੰਦਰ ਖਾਰੇ ਵਿਚ
ਸਾਨੂੰ ਸਾਂਝਾ ਤੰਬੂ ਤਾਣ ਦਿਓ
ਬਾਬਾ ਜੀ ਹੁਣ ਤੇ ਜਾਣ

ਜੋ ਸਾਂਈ ਸਭ ਵਿਚ ਵਸਦਾ ਹੈ
ਜੋ ਦਿਲ ਵਸ ਕਰਨੇ ਦਸਦਾ ਹੈ
ਸਾਨੂੰ ਓਸ ਪ੍ਰੇਮ ਦੀ ਮੂਰਤ ਦੇ
ਬੂਹੇ ਤੇ ਸੀਸ ਝੁਕਾਣ ਦਿਓ
ਬਾਬਾ ਜੀ ਹੁਣ ਤੇ ਜਾਣ ਦਿਓ

# ਗੀਤ

—ਸਵ: ਧਨੀ ਰਾਮ ਚਾਤ੍ਰਿਕ

ਮੇਰੇ ਅੰਦਰ ਬਲਦੀ ਏ ਅੱਗ ਲੋਕੋ,
ਮੇਰੇ ਚਾਰ ਚੁਫੇਰੇ ਅੱਗ ਲੋਕੋ,

ਧਰਮ ਨਿਆਂ ਨੂੰ ਮਿਲੇ ਨਾ ਢੋਈ,
ਤਾਕਤ ਫਿਰਦੀ ਏ ਬਿਫਰੀ ਹੋਈ,
ਥਰ ਥਰ ਕੰਬਦਾ ਏ ਜੱਗ ਲੋਕੋ,
ਮੇਰੇ ਲਹਿੰਦੇ ਚੜ੍ਹਦੇ ਅੱਗ ਲੋਕੋ,

ਘਰ ਘਰ ਲਾਲਚ ਤੇ ਖੁਦਗਰਜ਼ੀ,
ਇਕ ਦੂਜੇ ਦੀ ਰਲੇ ਨਾ ਮਰਜ਼ੀ,
ਸਭ ਦੀ ਬਾਂਗ ਅਲੱਗ ਲੋਕੋ,
ਮੇਰੇ ਐਧਰ ਔਧਰ ਅੱਗ ਲੋਕੋ,

ਕੁਕੜਾਂ ਵਾਂਗਰ ਲੀਡਰ ਲੜਦੇ,
ਬੇ-ਬੁਨਿਆਦ ਬਹਾਨੇ ਘੜਦੇ,
ਖਤਰੇ ਵਿਚ ਹੈ ਪੱਗ ਲੋਕੋ,
ਮੇਰੇ ਆਸੇ ਪਾਸੇ ਅੱਗ ਲੋਕੋ,

ਹਿੰਦੂ ਮੁਸਲਿਮ ਸਿਖ ਈਸਾਈ,
ਪਾਟੇ ਫਿਰਦੇ ਭਾਈ ਭਾਈ,
ਦੂਤੀਆਂ ਦੇ ਆਖੇ ਲੱਗ ਲੋਕੋ,
ਮੇਰੇ ਅੰਦਰ ਬਲਦੀ ਏ ਅੱਗ ਲੋਕੋ ।

★



Sri Satguru Jagjit Singh Ji Elibrary NamdhariElibrary@gmail.com

# ਫਰਕ ਕੀ ਹੋਇਆ ?

(ਇਹ ਵਾਰਤਾ ਫਕੀਰ ਅਜ਼ੀਜ਼ੁਦੀਨ ਦੇ ਖਾਨਦਾਨ ਵਿਚੋਂ ਫਕੀਰ ਵਹੀਦਉਦੀਨ ਨੇ ਪਿਛੇ ਜਿਹੇ ਪ੍ਰਕਾਸ਼ਤ ਆਪਣੀ ਰਣਜੀਤ ਸਿੰਘ ਬਾਰੇ ਕਿਤਾਬ ਵਿਚ ਦਰਜ ਕੀਤੀ ਹੈ— ਕਰਤਾਰ ਸਿੰਘ ਦੁੱਗਲ ਦੀ ਪੁਸਤਕ 'ਧਰਮ ਨਿਰਪੇਖ ਧਰਮ' ਵਿਚੋਂ ਪ੍ਰਾਪਤ)

"ਇਕ ਵਾਰ ਮਹਾਰਾਜਾ ਤੇ ਫਕੀਰ ਅਜੀਜ਼ੁਦੀਨ ਲਾਹੌਰ ਦੇ ਬਾਹਰ ਸੈਰ ਕਰ ਰਹੇ ਸਨ ਕਿ ਉਨ੍ਹਾਂ ਵੇਖਿਆ ਕਿ ਕੋਈ ਆਦਮੀ ਇਕ ਬੈਲ-ਗੱਡੀ ਵਿਚ ਇਕ ਬਹੁਤ ਵੱਡੀ ਕਿਤਾਬ ਨੂੰ ਲੱਦੀ ਲਿਜਾ ਰਿਹਾ ਸੀ। ਮਹਾਰਾਜਾ ਨੇ ਕੋਚਵਾਨ ਨੂੰ ਰੋਕਿਆ ਤੇ ਪੁਛਣ ਲਗੇ ਕਿ ਉਹ ਬੈਲ ਗੱਡੀ ਤੇ ਕੀ ਲੱਦ ਕੇ ਲਿਜਾ ਰਿਹਾ ਸੀ।

"ਹਜ਼ੂਰ ਮੈਂ ਇਕ ਕਾਤਿਬ ਹਾਂ" ਬੈਲ ਗੱਡੀ ਵਾਲਾ ਹੱਥ ਜੋੜ ਕੇ ਕਹਿਣ ਲਗਾ, "ਇਹ ਸੈਂਚੀ ਪਾਕ ਕੁਰਾਨ ਦੀ ਹੈ, ਜਿਸ ਨੂੰ ਮੈਂ ਸਾਰੀ ਉਮਰ ਦੀ ਮਿਹਨਤ ਲਾ ਕੇ ਤਿਆਰ ਕੀਤਾ ਹੈ। ਮੈਂ ਇਸ ਨੂੰ ਹੈਦਰਾਬਾਦ ਲਿਜਾ ਰਿਹਾ ਹਾਂ ਤਾਂ ਜੋ ਉਥੋਂ ਦੇ ਮੁਸਲਮਾਨ ਹਾਕਿਮ ਨੂੰ ਵੇਚ ਸਕਾਂ। ਸੁਣਿਆ ਹੈ ਉਹ ਬੜਾ ਸਖੀ ਹੈ ਅਤੇ ਖੁਦਾ ਪ੍ਰਸਤ ਵੀ।" ਮਹਾਰਾਜਾ ਫਕੀਰ ਅਜ਼ੀਜ਼ੁਦੀਨ ਨੂੰ ਮੁਖਾਤਬ ਹੋ ਕੇ ਕਹਿਣ ਲੱਗੇ।

"ਇਹ ਆਦਮੀ ਸੋਚਦਾ ਹੈ ਕਿ ਹੈਦਰਾਬਾਦ ਤੋਂ ਇਧਰ ਨਾ ਕੋਈ ਖੁਦਾ ਪ੍ਰਸਤ ਹੈ ਨਾ ਕੋਈ ਸਖੀ ਹੈ ਜਿਹੜਾ ਇਹਦੇ ਪਾਕ ਕੁਰਾਨ ਦਾ ਮੁਲ ਤਾਰ ਸਕੇ।"

ਫੇਰ ਮਹਾਰਾਜਾ ਨੇ ਕਾਤਿਬ ਤੋਂ ਪੁਛਿਆ, "ਇਸ ਨੁਸਖੇ ਦਾ ਤੈਨੂੰ ਕੀ ਮੁਲ ਮਿਲਣਾ ਚਾਹੀਦਾ ਹੈ ?

ਕਾਤਬ ਨੇ ਦਸ ਹਜ਼ਾਰ ਰੁਪਿਆ ਮੰਗਿਆ। ਇਹ ਰਕਮ ਤਾਂ ਅਜ ਵੀ ਜ਼ਿਆਦਾ ਸਮਝੀ ਜਾਏ। ਪਰ ਇਸ ਤੋਂ ਪਹਿਲਾਂ ਕਿ ਮਹਾਰਾਜੇ ਦਾ ਵਜ਼ੀਰ ਦਖਲ ਦੇਂਦਾ ਮਹਾ-ਰਾਜਾ ਨੇ ਸੌਦਾ ਮੁਕਾ ਦਿਤਾ, "ਫਕੀਰ ਜੀ, ਸਰਕਾਰੀ ਖਜ਼ਾਨੇ ਵਿਚੋਂ ਇਸ ਆਦਮੀ ਨੂੰ ਦਸ ਹਜ਼ਾਰ ਰੁਪਏ ਦੇ ਦਿਤੇ ਜਾਣ।"

ਪਾਕ ਕੁਰਾਨ ਦਾ ਨੁਸਖਾ ਲੈ ਕੇ ਮਹਾਰਾਜਾ ਨੇ ਫਕੀਰ ਅਜ਼ੀਜ਼ੁਦੀਨ ਨੂੰ ਉਸ ਵਿਚੋਂ ਕੁਝ ਹਿੱਸਾ ਪੜ੍ਹਕੇ ਸੁਨਾਉਣ ਲਈ ਕਿਹਾ। ਫਕੀਰ ਜੀ ਨੇ ਸੂਰਾ ਯੂਸਫ ਪੜ੍ਹਿਆ ਤੇ ਫੇਰ ਉਹਦੇ ਅਰਥ ਮਹਾਰਾਜਾ ਨੂੰ ਸਮਝਾਉਣ ਲੱਗ ਪਏ। "ਪਰ ਫਕੀਰ ਜੀ ਗਰੰਥ ਸਾਹਿਬ ਵਿਚ ਵੀ ਤਾਂ ਇਹੀ ਕੁਝ ਦਰਜ ਹੈ। ਫ਼ਰਕ ਕੀ ਹੋਇਆ ? ਮਹਾਰਾਜਾ ਕਹਿਣ ਲਗੇ।

"ਕੋਈ ਵੀ ਨਹੀਂ ਮਹਾਰਾਜ, ਫਕੀਰ ਅਜ਼ੀਜ਼ੁਦੀਨ ਨੇ ਕਿਹਾ, "ਮੰਜ਼ਲ ਇਕ ਹੈ, ਬਸ ਰਾਹ ਫ਼ਰਕ ਫ਼ਰਕ ਨੇ", ਮਹਾਰਾਜਾ ਇਹ ਸੁਣ ਕੇ ਇਤਨੇ ਖੁਸ਼ ਹੋਏ ਕਿ ਉਨ੍ਹਾਂ ਫ਼ਕੀਰ ਅਜ਼ੀਜ਼ਦੀਨ ਨੂੰ ਨੁਸਖਾ ਬਖਸ਼ ਦਿਤਾ।

—0—

ਪੰਜਾਬ ਵਿਚ ਹਿੰਦੂ ਤੇ ਸਿਖਾਂ ਦੀ ਅਜੋਕੀ ਕਸ਼ਮਕਸ਼ ਭਾਵੇਂ ਕਿਤਨੀ ਮਾੜੀ ਹੈ ਪਰ ਇਹ ਕੋਈ ਨਵੀਂ ਬੀਮਾਰੀ ਨਹੀਂ। ਜਦੋਂ ਕਦੀ ਵੀ ਸ਼ਰਾਰਤੀ ਅਨਸਰਾਂ ਦਾ ਦਾਅ ਲਗ ਜਾਂਦਾ ਹੈ ਤਾਂ ਇਸ ਤਰ੍ਹਾਂ ਦਾ ਭੇੜ ਆ ਪੈਂਦਾ ਹੈ। ਕੁਝ ਦਹਾਕੇ ਹੋਏ, ਸਿਖ ਪੁਕਾਰ ਪੁਕਾਰ ਕੇ ਕਹਿੰਦੇ ਸਨ, ਅਸੀਂ ਹਿੰਦੂ ਨਹੀਂ ਹਾਂ। ਉਦੋਂ ਵੀ ਉਨ੍ਹਾਂ ਦੀ ਹਸਤੀ ਤੇ ਵਾਸਤਵ ਜਾਂ ਕਿਆਸੀ ਹਮਲੇ ਦਾ ਖਤਰਾ ਸੀ। ਓਦੋਂ ਪ੍ਰੋਫੈਸਰ ਪੂਰਨ ਸਿੰਘ ਵਰਗੇ ਕਵੀ ਤੇ ਵਿਦਵਾਨ ਨੇ ਉਚੀ ਆਵਾਜ਼ ਵਿਚ ਕਿਹਾ ਸੀ :

"ਮਹਾਨ ਹਿੰਦੂ ਸੰਸਕ੍ਰਿਤੀ ਦੇ ਸਿੱਖ ਵਿਚਾਰਧਾਰਾ ਤੇ ਇਸ ਦੇ ਸਹਿਜ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।"

"ਸਿਖ ਕਿਸੇ ਅਰਥ ਵਿਚ ਵੀ ਪਰਾਏ ਨਹੀਂ। ਉਹ ਭਾਰਤ ਵਿਚ ਜਨਮੇ, ਭਾਰਤ ਦੀ ਸ਼ਾਨਦਾਰ ਵਿਰਾਸਤ ਦੇ ਉਹ ਮਾਲਕ ਹਨ। ਕੋਈ ਸਿੱਖ ਪ੍ਰਹਿਲਾਦ ਤੇ ਮੀਰਾਂ ਤੋਂ ਬਿਨਾ ਨਹੀਂ ਰਹਿ ਸਕਦਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਨੂੰ ਬਨਾਰਸ ਸੰਸਕ੍ਰਿਤ ਪੜ੍ਹਨ ਲਈ ਘਲਿਆ। ਉਨ੍ਹਾਂ ਕ੍ਰਿਸ਼ਨ ਲੀਲਾ ਦਾ ਖੁਦ ਅਨੁਵਾਦ ਕੀਤਾ ਦਸਿਆ ਜਾਂਦਾ ਹੈ।

"ਸਾਡੀ ਮਾਤ ਭੂਮੀ ਭਾਰਤ ਹੈ। ਸਾਡੀ ਜ਼ਬਾਨ ਸੰਸਕ੍ਰਿਤ ਤੋਂ ਨਿਕਲੀ ਹੈ। ਪਰ ਸਾਡੀ ਦ੍ਰਿਸ਼ਟੀ ਆਧੁਨਿਕ ਹੈ ਭਾਵੇਂ ਅਸੀਂ ਪ੍ਰਹਿਲਾਦ ਤੇ ਕ੍ਰਿਸ਼ਨ ਵਾਂਗ ਪ੍ਰਾਚੀਨ ਵੀ ਹਾਂ।

"ਭਾਰਤ ਦੀ ਰਾਜਸੀ ਏਕਤਾ ਨੂੰ ਮੁਖ ਰਖਦੇ ਹੋਏ, ਕਿਸੇ ਦਾ ਇਹ ਕਹਿਣਾ ਕਿ ਅਸੀਂ ਹਿੰਦੂ ਨਹੀਂ ਹਾਂ ਇਕ ਸ਼ਰਾਰਤ ਹੈ। ਤੇ ਨਾ ਹੀ ਇਹ ਕਿ ਅਸੀਂ ਮੁਸਲਮਾਨ ਨਹੀਂ ਹਾਂ। ਹਿੰਦੂਆਂ ਨਾਲ ਸਿਖਾਂ ਦੇ ਮਤਭੇਦਾਂ ਨੂੰ ਵਧਾ ਚੜ੍ਹਾ ਕੇ



Sri Satguru Jagjit Singh Ji Elibrary NamdhariElibrary@gmail.com

ਜ਼ਾਹਿਰ ਕਰਨਾ ਸ਼ਰਾਰਤ ਹੈ। ਸਾਡੇ ਵਖਰੇਵੇਂ ਹੱਦ ਤਕ ਨਿਰਮੂਲ ਹਨ।"

ਜਿਹੜੀ ਗਲ ਸਿਖਾਂ ਨੂੰ ਅਜ ਕਲ ਫੇਰ ਪ੍ਰੇਸ਼ਾਨ ਕਰ ਰਹੀ ਹੈ, ਉਹ ਉਨ੍ਹਾਂ ਦੀ ਵਖਰੀ ਹੋਂਦ ਦਾ ਸੁਆਲ ਹੈ। ਸਿਖਾਂ ਦੇ ਕਈ ਉਘੇ ਵੀਚਾਰਵਾਨ ਸੋਚਦੇ ਹਨ ਕਿ ਆਧੁਨਿਕਤਾ ਦੇ ਵੇਗ ਵਿਚ ਸਿਖ ਖਬਰੇ ਆਪਣੀ ਨਿਵੇਕਲੀ ਹਸਤੀ ਨੂੰ ਗਵਾ ਲੈਣਗੇ। ਇਸ ਵਿਚ ਕੋਈ ਸਚਾਈ ਨਹੀਂ। ਜੇਕਰ ਗੁਰਦੁਆਰਿਆਂ ਵਿਚ ਸਿਖ ਸ਼ਰਧਾਲੂਆਂ ਦੀ ਹਾਜ਼ਰੀ ਤੋਂ ਅੰਦਾਜ਼ਾ ਲਾਇਆ ਜਾਏ ਤਾਂ ਸਿਖ ਧਰਮ ਵਿਚ ਵਿਸ਼ਵਾਸ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਪ੍ਰਤੀਤ ਹੁੰਦਾ ਹੈ। ਅੱਜ ਵੀ ਸਿਖਾਂ ਵਿਚ ਅਜਿਹੇ ਸ਼ਰਧਾਲੂ ਹਨ ਜਿਹੜੇ ਸਿੱਖ ਪੰਥ ਤੇ ਸਿਖ ਸਰੂਪ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹਨ। ਕੁਝ ਵਰ੍ਹੇ ਪਹਿਲੇ ਦਿਲੀ ਵਿਚ ਗੁਰਦੁਆਰਾ ਬੰਗਲਾ ਸਾਹਿਬ ਇਕ ਇਕਲਾਪਾ ਜਿਹਾ ਤੀਰਥ ਅਸਥਾਨ ਹੁੰਦਾ ਸੀ, ਅਜ ਇਸ ਗੁਰਦੁਆਰੇ ਵਿਚ ਸੰਗਤਾਂ ਦੀ ਸ਼ਰਧਾ ਤੇ ਭੀੜ ਦਾ ਇਹ ਹਾਲ ਹੈ ਕਿਤੇ ਤਿਲ ਧਰਨ ਦੀ ਥਾਂ ਨਹੀਂ ਵਿਖਾਈ ਦਿੰਦੀ। ਮੱਥਾ ਟੇਕਣ ਲਈ ਕਿਤਨਾ ਕਿਤਨੀ ਚਿਰ ਲੈਨ ਡੋਰੀ ਬਣਾ ਕੇ ਖੜਾ ਹੋਣਾ ਪੈਂਦਾ ਹੈ ਤੇ ਇਹਾ ਹਾਲ ਬਾਕੀ ਸਿੱਖ ਤੀਰਥ ਅਸਥਾਨਾਂ ਦਾ ਹੈ।

ਇਤਿਹਾਸ ਵਿਚ ਪਹਿਲੀ ਵਾਰ ਇਕ ਰਾਜ ਬਣਿਆ ਹੈ। ਜਿਸ ਵਿਚ ਸਿੱਖ ਬਹੁਗਿਣਤੀ ਵਿਚ ਹਨ। ਤੇ ਉਸ ਦੀ ਰਾਜਕੀ ਭਾਸ਼ਾ ਪੰਜਾਬੀ ਇਖ਼ਤਿਆਰ ਕੀਤੀ ਗਈ ਹੈ। ਇਹ ਵਡਿਆਈ ਪੰਜਾਬੀ ਜ਼ਬਾਨ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵੀ ਪ੍ਰਾਪਤ ਨਹੀਂ ਸੀ। ਹੁਣ ਵਕਤ ਹੈ ਕਿ ਸਭ ਕੁਝ ਨੂੰ ਵਿਰਾਸਤ ਕੀਤਾ ਜਾਏ ਨਾ ਕਿ ਫਜ਼ੂਲ ਬਹਿਸਾਂ ਵਿਚ ਕੌਮ ਦੀ ਸ਼ਕਤੀ ਨੂੰ ਗਵਾਇਆ ਜਾਏ।

—ਕਰਤਾਰ ਸਿੰਘ ਦੁਗਲ
ਪੁਸਤਕ "ਧਰਮ ਨਿਰਪੇਖ ਧਰਮ" ਦੀ ਭੂਮਿਕਾ
'ਚੋਂ ਧਨਵਾਦ ਸਹਿਤ

★

ਪੈਸਾ ਅਤੇ ਸਮਾਂ ਬਚਾਏ
ਉਮਰਾਂ ਸਾਥ ਨਭਾਏ

ਪ੍ਰਿਆ ਪਰੈਸ਼ਰ ਕੁਕਰ

ਗਰੰਟੀ ਪੰਜ ਸਾਲ

MANUFACTURED BY N J INDUSTRIES, F-99 BALI NAGER
NEW DELHI-110005




Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER | Phone : 3805

## MODERN GUN WORKS

Opp. Industrial Estate,
JAMMU CANTT.

With best compliments from :-

## *NAMDHARI BROTHERS*

Prop. S. AJIT SINGH
*Main Bazar, DALTONGANJ (Bihar)*
Dealers : KIRLOSKAR DIESEL ENGINE P. S. G. ELECTRIC MOORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji Elibrary NamdhariElibrary@gmail.com

## ਗ਼ਜ਼ਲ

—ਨਵਰਾਹੀ ਘੁਗਿਆਣਵੀ—

ਇਨਸਾਨ ਹਮੇਸ਼ਾ ਕਰਦੇ ਨੇ, ਕਿਰਦਾਰ ਸੁਧਾਰਨ ਦੀ ਕੋਸ਼ਿਸ਼।
ਆਪਣਾ ਅਤੇ ਜ਼ਮਾਨੇ ਦਾ ਵਿਵਹਾਰ ਸੁਧਾਰਨ ਦੀ ਕੋਸ਼ਿਸ਼।
ਓਦੋਂ ਨਹੀਂ ਤਾਂ ਠਹਿਰ ਜ਼ਰਾ, ਆਖ਼ਿਰ ਨੂੰ ਪਰਵਾਨ ਚੜ੍ਹੇ,
ਪੀਰਾਂ ਅਤੇ ਫ਼ਕੀਰਾਂ ਦੀ, ਸੰਸਾਰ ਸੁਧਾਰਨ ਦੀ ਕੋਸ਼ਿਸ਼।
ਦੁਨੀਆਂ ਦਾ ਅਸਲੀ ਹੇਤੂ ਹੈ, ਸ਼ੁਭ-ਇਛੁੱਕ ਸਰਬ ਲੋਕਾਈ ਦਾ,
ਹੈ ਜਿਸ ਦੀ ਵੀ ਤਹਿ ਦਿਲ ਤੋਂ, ਪਰਵਾਰ ਸੁਧਾਰਨ ਦੀ ਕੋਸ਼ਿਸ਼।
ਨਾ ਸਮਾਂ ਗਵਾਓ ਗਲਾਂ ਵਿਚ, ਹਰ ਵਕਤ ਜ਼ਰੂਰਤ ਹਿੰਮਤ ਦੀ,
'ਨਵਰਾਹੀ' ਕਰੀਏ ਰਲਮਿਲ ਕੇ, ਆਚਾਰ ਸੁਧਾਰਨ ਦੀ ਕੋਸ਼ਿਸ਼।

## ਰੁਬਾਈਆਂ

(1)

ਦਾਤੇ, ਬਖ਼ਸ਼ਣਹਾਰ ਸੁਆਮੀ, ਬਖ਼ਸ਼ ਮੇਰੀਆਂ ਭੁੱਲਾਂ।
ਹੋਛੇਪਣ ਵਿਚ ਕਦੇ ਕਦੇ ਮੈਂ ਲੈ ਜਾਂਦਾ ਹਾਂ ਖੁੱਲ੍ਹਾਂ।
ਅਕਸਰ ਮੈਂ ਅਣਜਾਣ ਮੁਸਾਫ਼ਿਰ, ਨਵਰਾਹੀ ਅਲਬੇਲਾ;
ਤਾਕਤ ਦੇਹ ਮੈਂ ਸੁਪਨੇ ਵਿਚ ਵੀ, ਅਸਲੀ ਰਾਹ ਨਾ ਭੁੱਲਾਂ।

(2)

ਕੁਦਰਤ ਸਦਾ ਨਿਆਂ ਕਰਦੀ ਹੈ, ਸਮਝ ਨਾ ਸਾਨੂੰ ਆਵੇ।
ਕਈ ਵਾਰਾਂ ਕੋਈ ਸੱਟ ਪੈਣ 'ਤੇ, ਰੂਹ ਸਾਡੀ ਕੁਰਲਾਵੇ।
ਤੁੱਛ ਬੁੱਧੀ ਲਈ ਖੇਡ ਅਗੰਮ ਦੀ, ਜਾਪੇ ਮਹਾਂ ਅਚੰਭਾ;
'ਨਵਰਾਹੀ' ਕੋਈ ਗੁਪਤ ਕਲੰਦਰ, ਬੈਠਾ ਡੋਰ ਹਿਲਾਵੇ।

(3)

ਚੰਮ ਚੰਮਾਂ ਦਾ ਵਣਜ ਵਣਜਦਾ, ਚੰਮ ਚੰਮਾਂ ਨੂੰ ਚੁੰਮੇ।
ਚੰਮ ਚੰਮਾਂ ਦੀ ਭਾਲ ਕਰਦਿਆਂ, ਲਾਟੂ ਵਾਂਗੂੰ ਘੁੰਮੇ।
ਜੱਗ ਦਾ ਕਾਰੋਬਾਰ ਜ਼ਿਆਦਾ, ਚੰਮਰਸ ਉੱਤੇ ਨਿਰਭਰ;
'ਨਵਰਾਹੀ' ਚੰਮ ਤੋਂ 'ਤਾਂਹ ਉਠਣਾ, ਔਪਰ ਸਾਡੇ ਜ਼ੁੰਮੇ।

(4)

ਪੱਛਾਂ ਉੱਤੇ ਲੂਣ ਛਿੜਕਦੇ, ਸ਼ੈਤਾਨਾਂ ਦੇ ਬੱਚੇ।
ਚੰਚਲ-ਚਿੱਤੇ ਬਾਂਦਰ ਹਨ ਜੋ ਫੁੱਲ ਤੋੜਦੇ ਕੱਚੇ।
ਪਰ ਇਨ੍ਹਾਂ ਦੀ ਹੋਂਦ ਜ਼ਰੂਰੀ, ਨੇਕੀ ਦੀ ਕਸਵੱਟੀ;
'ਨਵਰਾਹੀ' ਕੂੜੇ ਲਿਫ ਜਾਂਦੇ, ਕਸ਼ਟ ਸਹਾਰਨ ਸੱਚੇ।

ਗੌ: ਗਰਲਜ਼ ਹਾਇਰ ਸੈਕੰਡਰੀ ਸਕੂਲ, ਫਰੀਦਕੋਟ



Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਸੰਗਤ ਚੰਡੀਗੜ੍ਹ

ਚੰਡੀਗੜ੍ਹ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ੧-੨ ਫਰਵਰੀ ਨੂੰ ਇਕ ਮੇਲਾ ਕੀਤਾ ਗਿਆ ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵੀ ਆਪਣੇ ਹਜ਼ੂਰੀ ਸੇਵਕਾਂ ਅਤੇ ਜਥੇਦਾਰਾਂ ਸਹਿਤ ਪਧਾਰੇ।

ਦੋਹਾਂ ਦਿਨਾਂ ਵਿਚ ਵੱਖ ਵੱਖ ਜਥੇਦਾਰਾਂ ਸੰਤ ਨਿਰੰਜਨ ਸਿੰਘ ਕੰਗਨਪੁਰ, ਜ: ਨਿਰੰਜਨ ਸਿੰਘ ਕੱਕੜ, ਜ: ਗੁਰਬਚਨ ਸਿੰਘ, ਪੰਡਿਤ ਗੋਪਾਲ ਸਿੰਘ ਜੀ ਅਤੇ ਸਥਾਨਕ ਜਥੇਦਾਰਾਂ ਲਗਾਤਾਰ ਕੀਰਤਨ ਦੀ ਲੜੀ ਜਾਰੀ ਰੱਖੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਦਲੀਪ ਸਿੰਘ ਜੀ ਸੰਤ ਨਗਰ ਨੇ ਚੰਡੀਗੜ੍ਹ ਦੇ ਜਥੇ ਅਤੇ ਸੰਤ ਦੇ ਚੰਨਣ ਸਿੰਘ ਜੀ ਸਹਿਯੋਗ ਨਾਲ ਕੀਤਾ ਅਤੇ ਪਾਠਾਂ ਦੇ ਭੋਗ ਪਾਏ ਗਏ। ਲੰਗਰ ਗੁਰੂ ਕਾ ਅਤੁੱਟ ਵਰਤਦਾ ਰਿਹਾ।

ਚੰਡੀਗੜ੍ਹ ਦੀ ਸੰਗਤ ਦਾ ਵਿਸ਼ੇਸ਼ ਉਦਮ ਸੀ ਇਸ ਵਾਰ ਹਾਲ ਉਪਰ ਛੱਤ ਪਾ ਦੇਣਾ। ਚੰਡੀਗੜ੍ਹ ਵਰਗੇ ਵਿਸ਼ਾਲ ਅਤੇ ਮਹਿੰਗੇ ਸ਼ਹਿਰ ਵਿਚ ਗਿਣਤੀ ਵਿਚ ਸੰਖੇਪ ਸੰਗਤ ਵਲੋਂ ਅਜਿਹਾ ਉਦਮ ਕਰ ਲੈਣਾ ਪ੍ਰੇਰਨਾ ਦਾਇਕ ਹੈ। ਇਹ ਇਥੋਂ ਦੇ ਪਰਬੰਧਕਾਂ ਅਤੇ ਸੰਗਤ ਦੇ ਮੈਂਬਰਾਂ ਦੀ ਦ੍ਰਿੜਤਾ ਅਡੋਲਤਾ ਅਤੇ ਸਿਦਕ ਦਿੱਲੀ ਦਾ ਹੀ ਸਬੂਤ ਹੈ। ਚੰਡੀਗੜ੍ਹ ਸੰਗਤ ਦੇ ਪ੍ਰਧਾਨ ਅਤੇ ਨਾਮਧਾਰੀ ਜਗਤ ਵਿਚ ਜਾਣੇ ਪਹਿਚਾਣੇ ਮਸ਼ਹੂਰ ਸੱਜਨ ਸੰਤ ਮੰਗਲ ਸਿੰਘ ਜੀ ਜੋ ਕਿ ਸਰਕਾਰੀ ਨੌਕਰੀ ਤੋਂ ਪਿਛੇ ਜਿਹੇ ਹੀ ਰੀਟਾਇਰ ਹੋਏ ਹਨ ਇਸ ਸਾਰੇ ਕੰਮ ਦੇ ਮੁਹਰੇਲ ਹਨ। ਉਹਨਾਂ ਨਾਲ ਹੀ ਸਹਿਯੋਗੀ ਸਨ ਸੰਤ ਤੀਰਥ ਸਿੰਘ ਜੀ ਜੋ ਰਿਟਾਇਰ ਹੋ ਕੇ ਮੁਹਾਲੀ ਜਾ ਵਸੇ ਹਨ।

ਸੰਤ ਮੰਗਲ ਸਿੰਘ ਜੀ ਨੇ ਇਕ ਵਾਰਤਾਲਾਪ ਵਿਚ ਧਰਮਸਾਲਾ ਵਾਸਤੇ ਸੰਘਰਸ਼ ਦੀ ਲੰਮੀ ਦਾਸਤਾਨ ਸੁਣਾਈ। ਉਹਨਾਂ ਦਸਿਆ ਕਿ ਪਹਿਲੇਂ ਤਾਂ ਜ਼ਮੀਨ ਦੀ ਸਮੱਸਿਆ ਹੀ ਬਹੁਤ ਸੀ। ਚੰਗੀਗੜ੍ਹ ਦੀਆਂ ਬਾਕੀ ਸੰਸਥਾਵਾਂ ਨੂੰ ਪਲਾਟ ਮਿਲ ਗਏ ਸਨ ਪਰ ਨਾਮਧਾਰੀਆਂ ਨੂੰ ਇਹ ਨਹੀਂ ਸੀ ਮਿਲ ਰਿਹਾ। ਜੇ ਦੋ ਕਨਾਲ ਦਾ ਮੰਗਣ ਤਾਂ ਕਹਿਣ ਇਹ ਹੈ ਨਹੀਂ ਜੇ ਚਾਰ ਦਾ ਮੰਗਣ ਤਾਂ ਆਖਣਾ ਇਹ ਹੈ ਨਹੀਂ ਇਕ ਵਾਰ ੫੦-੬੦ ਅਫਸਰਾਂ ਦੀ ਮੀਟਿੰਗ ਵਿਚ ਸੰਤ ਮੰਗਲ ਸਿੰਘ ਤੇ ਸਹਿਯੋਗੀ ਖਹਿੜੇ ਹੀ ਪੈ ਗਏ ਕਿ ਤੁਸੀਂ ਸਾਨੂੰ ਜ਼ਮੀਨ ਕਿਉਂ ਨਹੀਂ ਦਿੰਦੇ।

ਡਾ: ਮਹਿੰਦਰ ਸਿੰਘ ਰੰਧਾਵਾ ਵੀ ਮੀਟਿੰਗ ਵਿਚ ਬੈਠੇ ਸਨ ਫੇਰ ਪਲਾਟ ਲਈ ਸਰਗਰਮੀ ਨਾਲ ਗਲ ਚਲੀ। ਪਹਿਲਾਂ ਵੀਹ ਸੈਕਟਰ ਵਿਚ ਥਾਂ ਦੀ ਤਜਵੀਜ਼ ਸੀ ਪਰ ਮਸਜਦ ਨੇੜੇ ਹੋਣ ਕਰਕੇ ਉਹ ਗਲ ਨਾ ਬਣੀ ਫੇਰ ਕਦੇ ਸੈਕਟਰ ੭ ਵਿਚ ਕਦੇ ਮੁੜ ੨੦ ਵਿਚ ਪਰ ਕਿਤੇ ਲਾਗੇ ਕਾਲਜ ਸੀ ਅਤੇ ਕਿਤੇ ਕੁਝ। ਨਾਮਧਾਰੀਆਂ ਦੇ ਉਚੇ ਸ਼ਬਦ ਪੜ੍ਹਣ ਤੋਂ ਹੀ ਡਰਦੇ ਸਨ ਅੰਤ ਵਿਚ ਹੁਣ ਵਾਲੀ ਥਾਂ ਤੀਹ ਸੈਕਟਰ ਵਿਚ ਅਲਾਟ ਕਰ ਦਿਤੀ ਗਈ। ਇਹ ਚਾਰ ਕਨਾਲ ਦੀ ਡੂੰਘੀ ਥਾਂ ਸੀ। ਪਹਿਲਾਂ ਇਸ ਨੂੰ ਪੂਰ ਕੇ ਮੈਦਾਨ ਬਣਾਇਆ ਗਿਆ। ਫੇਰ ਇਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਖੁਦਾਈ ਦਾ ਟੱਕ ਲਾਉਣ ਦੀ ਬੇਨਤੀ ਕੀਤੀ ਗਈ ਅਰਦਾਸ ਉਪਰੰਤ ਸਤਿਗਰੂ ਜੀ ਨੇ ਟੱਪ ਲਾਇਆ ਅਤੇ ਸਾਧ ਸੰਗਤ ਨੂੰ ਥਾਪੜਾ ਦਿਤਾ ਗਿਆ। ਦੀਵਾਨ ਵੀ ਰਕੜ ਵਿਚ ਲਗਣ ਲਗ ਪਏ। ਕਿਰਤੀ ਸਾਧ ਸੰਗਤ ਸੀ। ਦੀਵਾਨ ਵੀ ਲਗਦੇ, ੫੧,੧੦੦ ਦੀ ਉਗਰਾਹੀ ਵੀ ਚਲਦੀ ਰਹੀ। ਹੌਲੀ ਹੌਲੀ ਪਹਿਲਾਂ ਦੋ ਕਮਰੇ ਫਿਰ ਚਾਰ ਅਤੇ ਫੇਰ ਸੱਤ ਕਮਰੇ ਬਣ ਗਏ। ਭਾਂਡੇ ਬਿਸਤਰੇ ਮੰਜਿਆਂ ਦਾ ਪਰਬੰਧ ਵੀ ਹੋ ਗਿਆ। ਫਲੱਸ਼ ਸਿਸਟਮ ਦੀਆਂ ਟੱਟੀਆਂ ਅਤੇ ਨਾਲ ਇਸ਼ਨਾਨ ਦੀ ਜਗਹ ਵੀ ਤਿਆਰ ਹੋ ਗਈ—ਪਰ ਮੁਖ ਹਾਲ ਦਾ ਕੰਮ ਅਜੇ ਬਾਕੀ ਸੀ ਬਹੁਤ ਖਰਚੀਲਾ ਕੰਮ। ਪਰ ਸੰਗਤਾਂ ਦੇ ਅਣਥਕ ਉਦਮ ਅਤੇ ਖੁਲ ਦਿਲੀ ਕਰਕੇ ਇਹ ਕੰਮ ਵੀ ਹੌਲੀ ਹੌਲੀ ਹੁੰਦਾ ਰਿਹਾ। ਠੇਕੇਦਾਰ ਜਸਵੰਤ ਸਿੰਘ ਇਸ ਕੰਮ ਦੇ ਇੰਚਾਰਜ ਸਨ ਉਹਨਾਂ ਮਨ ਲਾ ਕੇ ਇਹ ਪ੍ਰਾਜੈਕਟ ਸੰਭਾਲਿਆ ਅਤੇ ਇਸ ਬਸੰਤ ਤੋਂ ਪਹਿਲਾਂ ਛੱਤ ਪੈ ਗਈ ਸੀ। ਅਜਕਲ ਦੇ ਭਿਆਨਕ ਮਹਿੰਗਾਈ ਦੇ ਜ਼ਮਾਨੇ ਵਿਚ ਚੰਡੀਗੜ੍ਹ ਦੀ ਸੰਗਤ ਨੇ ਲਗਾਤਾਰ ਸਿਰੜ ਨਾਲ ਇਹ ਕੰਮ ਜਾਰੀ ਰਖਿਆ ਹੈ। ਇਸ ਹਾਲ ਦੇ ਉਪਰ ਇਕ ਆਡੀਟੋਰੀਅਮ ਵੀ ਬਣੇਗਾ ਜਿਥੇ ਹੋਰ ਪ੍ਰੋਗਰਾਮ ਵੀ ਹੋ ਸਕਿਆ ਕਰਨਗੇ। ਇਹ ਆਡੀਟੋਰੀਅਮ ਰੂਪ ਅਤੇ ਤੀਜ਼ਾਈਲ ਦੇ ਪਖੋਂ ਆਪਣੇ ਵਰਗਾ ਆਪ ਹੋਵੇਗਾ ਜਿਸ ਵਿਚ ਲਗਭਗ ੪੦੦ ਸੀਟਾਂ ਦਾ ਪਰਬੰਧ ਹੋਵੇਗਾ।

ਅੱਜ ਕਲ ਸੰਤ ਚੰਨਣ ਸਿੰਘ ਜੀ ਸਕੱਤਰ ਵਜੋਂ ਵੀ ਅਤੇ ਕੀਰਤਨਕਾਰ ਵਜੋਂ ਵੀ ਸੰਗਤ ਦੀ ਭਰਪੂਰ ਸੇਵਾ ਕਰ ਰਹੇ ਹਨ। ਉਹਨਾਂ ਦੇ ਨਾਲ ਹੀ ਸਮੁਚੀ ਸਾਧ ਸੰਗਤ ਉਗਰਾਹੀਆਂ ਅਤੇ ਸਮਾਂ ਦੇ ਕੇ ਕਾਰਜ ਨਿਭਾ ਰਹੀ ਹੈ। ★



Sri Satguru Jagjit Singh Ji Elibrary NamdhariElibrary@gmail.com

# ਸਰਗਰਮੀਆਂ

## ਜਲੰਧਰ ਵਿਚ ਗੁਰਪੁਰਬ

ਜਲੰਧਰ ਵਿਚ ੭ ਫਰਵਰੀ ਨੂੰ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ ਧੂਮ ਧਾਮ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰਾ ਦਾ ਕੀਰਤਨ ਸੰਤ ਬਲਬੀਰ ਸਿੰਘ ਜੀ ਨੇ ਜਥੇ ਸਹਿਤ ਕੀਤਾ। ਫਿਰ ਸਾਰਾ ਦਿਨ ਅਤੇ ਰਾਤ ਨੂੰ ਕ੍ਰਮਵਾਰ ਜਥੇਦਾਰ ਅਮਰ ਸਿੰਘ ਜੀ ਚੇਦੋਂਵਾਲੀਏ, ਜ: ਹਜ਼ਾਰਾ ਸਿੰਘ, ਜ: ਅਵਤਾਰ ਸਿੰਘ ਜ: ਨੱਥਾ ਸਿੰਘ, ਬਲਵੀਰ ਸਿੰਘ ਮੌਜੀ ਆਦਿ ਨੇ ਹਲੇ ਦੇ ਦੀਵਾਨ ਸਜਾਏ। ਗੁਰਦੇਵ ਸਿੰਘ ਕੋਇਲ ਦੇ ਗੀਤਾਂ ਅਤੇ ਫਕੀਰ ਚੰਦ ਤੁਲੀ ਦੀਆਂ ਕਵਿਤਾਵਾਂ ਨੇ ਸਮਾਂ ਬੰਨਿਆਂ। ਸੰਤ ਦਰਸ਼ਨ ਸਿੰਘ ਨਿਰਮਲ ਕੁਟੀਆ ਵਾਲਿਆਂ, ਬਾਬਾ ਖੇਮ ਸਿੰਘ ਅਤੇ ਹੋਰ ਵੀ ਜੱਥਿਆਂ ਨੇ ਕੀਰਤਨ ਕੀਤਾ। ਲੰਗਰ ਗੁਰੂ ਕਾ ਅਤੁੱਟ ਵਰਤਿਆ। ਰਾਤ ਨੂੰ ਜਥੇਦਾਰਾਂ ਨੂੰ ਸਿਰੋਪਾਓ ਸੰਤ ਉਜਾਗਰ ਸਿੰਘ ਜੀ ਨੇ ਦਿਤੇ।

## ਸੰਤ ਬੰਤਾ ਸਿੰਘ ਜੀ ਜੰਮੂ ਵਾਲੇ

ਜੰਮੂ ਦੀ ਮਸ਼ਹੂਰ ਵਿਅਕਤੀ ਸੰਤ ਬੰਤਾ ਸਿੰਘ ਜੀ ਘਾਰੇ ਵਾਲੇ ਲਗ ਪਗ ੭੬ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਰਖੇ ਪਾਠ ਦਾ ਭੋਗ ਮਿਤੀ ੧੨ ਫਰਵਰੀ ਨੂੰ ਜੰਮੂ ਵਿਚ ਸੰਤਾਂ ਦੇ ਅਹਾਤੇ ਜ਼ੇਰੇ ਗੁਮਟ ਵਿਖੇ ਪਾਇਆ ਗਿਆ। ਇਸ ਅਵਸਰ ਤੇ ਜਥੇਦਾਰ ਨਰੰਜਨ ਸਿੰਘ ਕੰਡਣਪੁਰ ਨੇ ਦੀਵਾਨ ਲਾਇਆ। ਸਾਬਕਾ ਮੰਤਰੀ ਸ: ਰੰਗੀਲ ਸਿੰਘ ਐਮ. ਐਲ. ਏ, ਸ੍ਰੀ ਓਮ ਚੋਪੜਾ, ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਸ: ਬੰਤਾ ਸਿੰਘ ਜੀ ਦੇ ਜੀਵਨ ਤੇ ਰੌਸ਼ਨੀ ਪਾਈ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਸੰਤਾਂ ਦੇ ਸਪੁਤਰਾਂ, ਸ: ਕਰਮ ਸਿੰਘ ਬੀ. ਡੀ. ਓ, ਸ: ਸੰਤੋਖ ਸਿੰਘ ਅਤੇ ਮਹਿੰਦਰ ਸਿੰਘ ਪਰਿਵਾਰ ਵਲੋਂ ਲੰਗਰ ਅਤੇ ਹੋਰ ਸੇਵਾ ਸ਼ਰਧਾ ਸਹਿਤ ਕੀਤੀ ਗਈ—ਅਤੇ ਧਰਮ ਕਾਰਜਾਂ ਲਈ ਮਾਇਆ ਅਰਦਾਸ ਕਰਾਈ ਗਈ—ਜ: ਨਰੰਜਨ ਸਿੰਘ ਦੇ ਦੀਵਾਨ ਤੋਂ ਪ੍ਰਭਾਵਤ ੧੪ ਸਰੀਰਾਂ ਨੇ ਮਾਸ ਸ਼ਰਾਬ ਦਾ ਤਿਆਗ ਕੀਤਾ ਅਤੇ ਭਜਨ ਪੁਛਿਆ।

## 'ਪਦਮ ਸ੍ਰੀ' ਪ੍ਰੋ: ਸੋਹਨ ਦਾ ਅਭਿਨੰਦਨ

ਭਾਸ਼ਾ ਵਿਭਾਗ ਪੰਜਾਬ ਵਲੋਂ ਪਟਿਆਲਾ ਵਿਖੇ ੪ ਫਰਵਰੀ ੧੯੯੪ ਨੂੰ ਪੰਜਾਬ ਦੇ ਉੱਘੇ ਸੰਗੀਤਕਾਰ ਪ੍ਰੋ: ਸੋਹਨ ਸਿੰਘ ਜੀ ਦਾ ਅਭਿਨਦੰਨ ਕੀਤਾ। ਇਸ ਵਿਸ਼ੇਸ਼ ਸਮਾਰੋਹ ਦੀ ਪ੍ਰਧਾਨਗੀ ਗਿਆਨੀ ਲਾਲ ਸਿੰਘ ਨੇ ਕੀਤੀ। ਪ੍ਰੋ: ਜੋਗਿੰਦਰ ਸਿੰਘ ਬਾਵਰਾ ਦੁਆਰਾ "ਪਦਮ ਸ੍ਰੀ ਪ੍ਰੋ: ਸੋਹਨ ਸਿੰਘ ਜੀ ਦੀ ਸੰਗੀਤ ਅਤੇ ਪੰਜਾਬੀ ਸਭਿਆਚਾਰ ਨੂੰ ਦੇਣ" ਖੋਜ ਪਤਰ ਪੜਿਆ ਗਿਆ ਜੋ ਵਿਭਾਗ ਦੁਆਰਾ ਪ੍ਰਕਾਸ਼ਿਤ ਵੀ ਕਰਵਾਇਆ ਗਿਆ। ਭਾਸ਼ਾ ਵਿਭਾਗ ਵਲੋਂ ਪ੍ਰੋ: ਸੋਹਨ ਸਿੰਘ ਜੀ ਨੂੰ ਇਕ ਪਲੇਕ ਅਤੇ ਦੁਸ਼ਾਲਾ ਭੇਂਟ ਕੀਤਾ ਗਿਆ। ਇਸ ਮੌਕੇ ਦੇ ਪ੍ਰੋ: ਜੋਗਿੰਦਰ ਬਾਵਰਾ ਨੇ ਰਾਗ ਮੁਲਤਾਨੀ ਵਿਚ ਖਿਆਲ ਬਾਅਦ ਪੰਜਾਬੀ ਗਜ਼ਲ ਦੁਆਰਾ ਸਰੋਤਿਆਂ ਦਾ ਮੋਨਰੰਜਨ ਕੀਤਾ। ਸ੍ਰੀ ਬਲਬੀਰ ਸਿੰਘ ਕਲਸੀ ਨੇ ਰਾਗ ਪਟਦੀਪ ਪਰਸਤੁਤ ਕੀਤਾ।,ਅੰਤ ਵਿਚ ਪ੍ਰੋ: ਸੋਹਨ ਸਿੰਘ ਨੇ ਰਾਗ ਯਮਨ ਅਤੇ ਰੁਤ ਦੇ ਮੌਕੇ ਦਾ ਰਾਗ ਬਸੰਤ ਗਾ ਕੇ ਸਰੋਤਿਆਂ ਨੂੰ ਮੁਗਧ ਕੀਤਾ। ਸਾਰਿਆਂ ਨਾਲ ਤਬਲਾ ਸੰਗਤ ਸ੍ਰੀ ਮੋਹਨ ਸਿੰਘ ਨੇ ਕੀਤੀ ਅਤੇ ਹਾਰਮੋਨੀਅਮ ਤੇ ਆਤਮ ਪ੍ਰਕਾਸ਼ ਨੇ।

ਪ੍ਰੋ: ਸੋਹਨ ਸਿੰਘ ਜੀ ਨੂੰ ਭਾਰਤ ਸਰਕਾਰ ਨੇ ਜਨਵਰੀ ੧੯੯੩ ਨੂੰ ਪਦਮ ਸ੍ਰੀ ਖਿਤਾਬ ਨਾਲ ਸਨਮਾਨਿਤ ਕੀਤਾ। ਸੰਗੀਤ ਕਲਾ ਮੰਚ ਜਲੰਧਰ ਵਲੋਂ ੧੯੯੧ ਵਿਚ ਸੰਗੀਤ ਸ਼ਰੋਮਣੀ ਅਤੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ ਵਲੋਂ ਨਵੰਬਰ ੧੯੯੩ ਨੂੰ ਸੰਗੀਤ ਮਾਰਤੰਡ ਦੀ ਉਪਾਧੀਆਂ ਵੀ ਪ੍ਰਾਪਤ ਹੋ ਚੁਕੀਆਂ ਹਨ। ਆਪ ਆਗਰਾ ਘਰਾਣੇ ਦੇ ਉਸਤਾਦ ਫਿਆਜ਼ ਖਾਂ 'ਆਫ਼ਤਾਬ-ਏ-ਮੋਸੀਕੀ' ਦੇ ਸ਼ਾਗਿਰਦ ਹਨ। ਆਪ ਜੀ ਨੇ ਪੰਜਾਬੀ ਵਿਚ ਸ਼ਾਸਤਰੀ ਸੰਗੀਤ ਦੀ ਸੇਵਾ ਕਰਕੇ ਨਾਮਨਾ ਖਟਿਆ। ਭਾਰਤ ਦੀਆਂ ਕਈ ਸ਼ਾਸਤਰੀ ਸੰਗੀਤ ਕਾਨਫਰੰਸਾਂ ਵਿਚ ਭਾਗ ਲਿਆ ਤੇ ਪੰਜਾਬ ਦਾ ਨਾਮ ਉਚਾ ਕੀਤਾ।

★



Sri Satguru Jagjit Singh Ji Elibrary NamdhariElibrary@gmail.com

## ਤਿੰਨ ਭਾਸ਼ਾਈ ਕਵੀ–ਗੋਸ਼ਟੀ

**ਨਵੀਂ ਦਿੱਲੀ** :—ਕੇਂਦਰੀ ਪੰਜਾਬੀ ਸਾਹਿਤ ਸੰਮੇਲਨ (ਰਜਿ:) ਨਵੀਂ ਦਿੱਲੀ ਵਲੋਂ ਹਰ ਸਾਲ ਵਾਂਗ ਗਣਤੰਤਰ ਦਿਵਸ ਤੇ ਤਿੰਨ ਭਾਸ਼ਾਈ ਕਵੀ ਗੋਸ਼ਟੀ, ਪੰਜਾਬੀ ਦੇ ਉੱਘੇ ਕਵੀ ਸ੍ਰੀ ਮੁਨਸ਼ੀ ਰਾਮ ਹਸਰਤ ਦੇ ਨਿਵਾਸ ਸਥਾਨ ਭਗਤ ਸਿੰਘ ਮਾਰਕੀਟ, ਨਵੀਂ ਦਿੱਲੀ ਵਿਖੇ ਸ੍ਰ. ਮਨੋਹਰ ਸਿੰਘ ਮਾਰਕੋ ਦੀ ਪ੍ਰਧਾਨਗੀ ਹੇਠ ਹੋਈ। ਸ੍ਰਵ ਸ੍ਰੀ ਬਲਜੀਤ ਸਿੰਘ ਬਲੀ, ਸੰਪਾਦਕ, 'ਜਾਗ੍ਰਿਤੀ' ਤੇ ਜਗਦੀਸ਼ ਸਿੰਘ, ਸੰਪਾਦਕ 'ਵਰਿਆਮ' ਨੇ ਮੁੱਖ-ਮਹਿਮਾਨਾਂ ਵਜੋਂ ਭਾਗ ਲਿਆ ਤੇ ਸੰਮੇਲਨ ਵਲੋਂ ਉਹਨਾਂ ਦੋਵਾਂ ਨੂੰ 'ਜੀ ਆਇਆਂ' ਆਖਿਆ ਗਿਆ। ਬਾਦ ਵਿਚ "ਕਵੀ-ਗੋਸ਼ਟੀ" 'ਹਸਰਤ' ਜੀ ਦੇ ਤਰੰਨਮ ਨਾਲ ਗਾਈ ਗ਼ਜ਼ਲ ਨਾਲ ਅਰੰਭ ਹੋਈ। ਸ੍ਰਵ ਸ੍ਰੀ ਤਾਰਾ ਸਿੰਘ ਕੋਮਲ, ਕਾਮਲ, ਆਜ਼ਾਦ, ਕੰਵਲ, ਚਾਨਣ ਗੋਬਿੰਦਪੁਰੀ, ਸੋਹਣ ਲਾਲ ਪ੍ਰਵਾਨਾ, ਬੇਦਿਲ ਹੋਸ਼ਿਆਰਪੁਰੀ ਊਸ਼ਾ ਸ਼ਰਮਾ, ਜਾਂਬਾਜ਼ ਪਾਨੀਪਤੀ, ਡੋਗਰਾ, ਡਾ: ਬਲਵੰਤ ਸਿੰਘ ਅਤੇ ਨਿਰਵੈਰ ਨੇ ਆਪਣੀਆਂ ਆਪਣੀਆਂ ਕਵਿਤਾਵਾਂ/ਗਜ਼ਲਾਂ ਸੁਣਾਈਆਂ। ਸੰਮੇਲਨ ਦੇ ਸਕੱਤਰ ਬੈਰੀ ਦੀ ਸੇਹਤ ਖਰਾਬ ਹੋਣ ਦੇ ਬਾਵਜੂਦ ਵੀ ਗੋਸ਼ਟੀ ਦੀ ਜ਼ਿੰਮੇਦਾਰੀ ਨੂੰ ਪੂਰੀ ਤਰ੍ਹਾਂ ਨਿਭਾਇਆ।

ਆਏ ਸਾਹਿਤਕਾਰਾਂ ਦੀ 'ਹਸਰਤ' ਵਲੋਂ ਚਾਹ-ਪਾਣੀ ਨਾਲ ਸੇਵਾ ਕੀਤੀ ਗਈ। ਅੰਤ ਵਿਚ ਸੰਮੇਲਨ ਦੇ ਪ੍ਰਧਾਨ ਮਾਰਕੋ ਜੀ ਨੇ ਆਏ ਸਾਹਿਤਕਾਰਾਂ ਦਾ ਹਾਰਦਿਕ ਧੰਨਵਾਦ ਕੀਤਾ।

—0—

**ਜਮਨਾ ਨਗਰ** :—ਇਥੋਂ ਦੀ ਨਾਮਧਾਰੀ ਸੰਗਤ ਵਲੋਂ ਨਾਮਧਾਰੀ ਧਰਮਸਾਲਾ ਹਮੀਦਾ ਵਿਖੇ ੨ ਅਤੇ ੩ ਫਰਵਰੀ ੧੯੯੪ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਚੰਡੀਗੜ ਤੋਂ ਮੇਲਾ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪਣੇ ਜਥੇ ਸਹਿਤ ਇਸ ਮੇਲੇ ਵਿਚ ਦਰਸ਼ਨ ਦਿਤੇ। ਦੋਹਾਂ ਦਿਨਾਂ ਵਿਚ ਹੀ ਵੱਖ ਵੱਖ ਜਥੇਦਾਰਾਂ ਜਥੇਦਾਰ ਨਿਰੰਜਨ ਸਿੰਘ ਕੰਡਣਪੁਰ, ਜਥੇਦਾਰ ਗੁਰਬਚਨ ਸਿੰਘ ਸੰਤ ਨਗਰ, ਸੰਤ ਜੀਉਣ ਸਿੰਘ ਜੀ ਕਵੀਸ਼ਰ, ਜ. ਨਰੰਜਨ ਸਿੰਘ ਕੱਕੜ ਅਤੇ ਸ੍ਰੀਮਾਨ ਪੰਡਿਤ ਗੋਪਾਲ ਸਿੰਘ ਨੇ ਹੱਲੇ ਦੇ ਦੀਵਾਨਾਂ ਅਤੇ ਵਿਖਿਆਨਾ ਰਾਹੀਂ ਲਗਾਤਾਰ ਸਤਿਗੁਰੂ ਜੀ ਦੇ ਜੀਵਨ ਤੇ ਰੌਸ਼ਨੀ ਪਾਈ। ੩ ਤਾਰੀਖ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸਥਾਨਕ ਜਥੇ ਨੇ ਕੀਤਾ ਇਕ ਅਨੰਦ ਕਾਰਜ ਹੋਇਆ। ਸੰਪਾਦਕ ਵਰਿਆਮ ਨੇ ਸੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਉਪਦੇਸ਼ਾਂ ਉਤੇ ਸੰਖੇਪ ਜਿਹੇ ਵਿਚਾਰ ਰੱਖੇ। ਸੰਤ ਦਲੀਪ ਸਿੰਘ ਪ੍ਰਧਾਨ ਵਿਦਿਅਕ ਜਥਾ ਨੇ ਸੰਗਤਾਂ ਨੂੰ ਵਰਿਆਮ ਦੇ ਮੈਂਬਰ ਬਨਣ ਦੀ ਅਪੀਲ ਕੀਤੀ ਜੋ ਸਫਲ ਰਹੀ।

---

ਜੰਮੂ ਨਿਵਾਸੀ ਸ: ਬਖਸ਼ੀਸ਼ ਸਿੰਘ ਐਸ. ਡੀ. ਓ.
ਜੋ ਵਰਿਆਮ ਦੇ ਨਵੇਂ ਜੀਵਨ ਸਾਥੀ ਬਣੇ ਹਨ।

---

ਰੱਬਾ ਮੇਰੇ ਹਾਲ ਦਾ ਮਹਿਰਮੁ ਤੂੰ ॥ ਰਹਾਉ ॥
ਅੰਦਰਿ ਤੂੰ ਹੈਂ ਬਾਹਰਿ ਤੂੰ ਹੈਂ, ਰੋਮਿ ਰੋਮਿ ਵਿਚ ਤੂੰ ॥੧॥੮॥
ਤੂੰ ਹੈਂ ਤਾਣਾ ਤੂੰ ਹੈਂ ਬਾਣਾ, ਸਭ ਕਿਛੁ ਮੇਰਾ ਤੂੰ ॥੨॥
ਕਹੈ ਹੁਸੈਨ ਫਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ ॥੩॥



Sri Satguru Jagjit Singh Ji Elibrary NamdhariElibrary@gmail.com

ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਦਸੰਬਰ ੧੯੮੩ ਅੰਕ ਵੇਖੋ)

### ੨੬ ਅਪਰੈਲ ੧੯੭੮ ਬੁੱਧਵਾਰ ਨਵੀਂ ਦਿੱਲੀ

ਸਤਿਗੁਰੂ ਜਗਜੀਤ ਸਿੰਘ ਜੀ

**ਅਚਾਨਕ ਤਬਦੀਲੀ**

ਅਜ ਦਿਨੇ ਸ੍ਰ. ਹਰਵਿੰਦਰ ਸਿੰਘ ਨੂੰ ਮਿਲਣ ਤੋਂ ਪਤਾ ਲੱਗਾ ਕਿ ਰਾਤੀਂ ੧੦ ਤੋਂ ੧੧ ਵਿਚਾਲੇ ਪਹਿਲੇ ਸਾਰੇ ਪ੍ਰੋਗਰਾਮ ਨਵੀਂ ਸ਼ਕਲ ਵਿਚ ਢਾਂਗੇ ਗਏ। ਸਤਿਗੁਰੂ ਜੀ ਸਿੱਧੇ ਗੋਲਾ ਫਾਰਮ ਜਾਣ ਦੀ ਥਾਂ ਹਵਾਈ ਸਫਰ ਦੁਆਰਾ ਬਨਾਰਸ ਅਤੇ ਏਥੋਂ ਕਾਰ ਦੁਆਰਾ ਡਾਲਟਨ ਗੰਜ ਜਾਣਗੇ। ਸੁਖਵਿੰਦਰ ਸਿੰਘ ਪਿੰਕੀ ਤਬਲਾ ਵਿਦਿਆਰਥੀ ਨੇ ਹਵਾਈ ਸਫਰ ਸਤਿਗੁਰੂ ਜੀ ਨਾਲ ਹੀ ਕੀਤਾ ਹੈ। ਇਸ ਤਬਦੀਲੀ ਦਾ ਕਾਰਨ ਤੱਟ ਫੱਟ ਸੇਠ ਕ੍ਰਿਪਾਲ ਸਿੰਘ ਡਾਲਟਨ ਗੰਜ ਨੂੰ ਮਿਲਕੇ ਸ਼ਾਪਿੰਗ ਸੈਂਟਰ ਦਾ ਨਿਬੇੜਾ ਕਰਨਾ ਹੈ।

ਸ. ਹੰਸਪਾਲ ਨੇ ਮੇਰੇ ਨਾਲ ਜ਼ਿਕਰ ਕੀਤਾ ਕਿ ਉਹ ਡਾ: ਅਮਰ ਭਾਰਤੀ ਲਈ ਸਹਾਇਕ ਹੋਣਾ ਚਾਹੁੰਦਾ ਹੈ ਡਾਕਟਰੀ ਸੇਵਾ ਲੈਕੇ। ਸੁਭਾਵਕ ਹੀ ਮੈਨੂੰ ਇਸ ਤਜਵੀਜ਼ ਤੇ ਖੁਸ਼ੀ ਹੋਈ, ਜੇ ਉਹਦੇ ਵਿਹਲੇ ਵਕਤ ਦੀ ਕੁਝ ਕੀਮਤ ਨਿਕਲ ਆਵੇ।

**ਗਿਆਨੀ ਜੀ ਚਲ ਵਸੇ**

ਰਾਤੀਂ ੮ ਵਜੇ ਜਦੋਂ ਡਾ: ਅਮਰ ਭਾਰਤੀ ਸਾਡੇ ਘਰ ਆਏ ਤਾਂ ਸ: ਹੰਸਪਾਲ ਵੀ ਥੋੜੇ ਸਮੇਂ ਪਿਛੋਂ ਪਰਵਾਰ ਸਮੇਤ ਆ ਦਰਸ਼ਨ ਕੀਤੇ। ਇਸ ਨੇ ਦਸਿਆ ਕਿ ਕੱਲ੍ਹ ਸ਼ਾਮ ਦੇ ਗਿਆਨੀ ਜਸਵੰਤ ਸਿੰਘ ਜਲੰਧਰ ਪਰੈਸ ਵਾਲੇ ਪੂਰੇ ਹੋ ਗਏ ਹਨ। ਇਹ ਸੁਣ ਸਾਨੂੰ ਸਭ ਨੂੰ ਗਹਿਰਾ ਆਘਾਤ ਪਹੁੰਚਾ ਕਿਉਂਕਿ ਗਿਆਨੀ ਜਸਵੰਤ ਸਿੰਘ ਸਿਖਰ ਦਾ ਉਦਾਰ ਤੇ ਪਰ ਸੁਆਰਥੀ ਵਿਅਕਤੀ ਸੀ। ਆਪ ਸੂਦ ਤੇ ਰਕਮ ਲੈ ਕੇ ਮਾੜਿਆਂ ਮਸਕੀਨਾਂ ਦੀਆਂ ਲੋੜਾਂ ਪੂਰੀਆਂ ਕਰਨ ਤਕ ਜਾਂਦਾ ਸੀ।

**ਵਰਿਆਮ ਦੀ ਚਿੱਠੀ**

ਸ੍ਰ: ਜਗਦੀਸ਼ ਸਿੰਘ "ਵਰਿਆਮ" ਦੀ ਇਕ ਚਿੱਠੀ ਅਜ ਮਿਲੀ ਜੋ ਉਸਨੇ ੨੪. ੪. ਦੀ ਲਿਖੀ ਹੋਈ ਸੀ। ਕੁਝ ਜ਼ਰੂਰੀ ਅੰਸ਼ ਨੋਟ ਕਰਨ ਵਾਲੇ ਹਨ :

"ਬੰਬਈ ਵਿਚ ਸਤਿਗੁਰਾਂ ਦੇ ਦਰਸ਼ਨ ਤਾਂ ਖੁਲ੍ਹੇ ਹੋਏ ਪਰ ਮੇਲ ਬਹੁਤਾ ਨਾ ਹੋ ਸਕਿਆ ਘਾਟ ਜਿਹੀ ਮਹਿਸੂਸ ਹੁੰਦੀ ਸੀ। ਇਕ ਦਿਨ ਟੈਲੀਫੋਨ ਖੜਕ ਗਏ। ਜਦੋਂ ਭੈਣੀ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਪੁੱਜਿਆ ਹਜ਼ੂਰ ਦੀ ਤਿਆਰੀ ਲੁਧਿਆਣੇ ਜਾਣ ਦੀ ਸੀ। ਗੱਡੀ ਤੇ ਬੈਠਾ ਕੇ ਨਾਲ ਲੈ ਗਏ। ਸੁਰਿੰਦਰ ਸਿੰਘ ਦੇ ਘਰ ਇਕ ਵਣ ਅਫਸਰ (ਫਾਰੈਸਟ ਆਫੀਸਰ) ਨਾਲ ਸਫੈ-ਦਿਆਂ ਦੀ ਖਰੀਦ ਬਾਰੇ ਤੇ ਉਹਨਾਂ ਦੇ ਉਪਯੋਗ ਬਾਰੇ ਗੱਲਾਂ ਬਾਤਾਂ ਹੋਈਆਂ। ਯੂ. ਪੀ. ਵਿਚ ਸਫੈਦੇ ਲਾਉਣ ਦਾ ਵਿਚਾਰ ਹੈ। ਗੱਲਾਂ ਚੋਂ ਗੱਲ ਨਿਕਲੀ ਕਿ ਸਫੈਦੇ ਦੇ ਗੁੱਦੇ ਦਾ ਕਾਗਜ਼ ਵੀ ਬਣ ਸਕਦਾ ਹੈ। ਦਲੀਪ ਸਿੰਘ ਨਿਰੀਖਿਅਕ ਵੀ ਬੈਠੇ ਸਨ। ਸਤਿਗੁਰਾਂ ਸਾਨੂੰ ਗੱਲ ਛੂਹਾ ਕੇ ਕਾਗਜ਼ਾਂ ਦੀ ਫੈਕਟਰੀ ਦਾ ਜ਼ਿਕਰ ਕਰ ਦਿਤਾ ਮੈਂ ਅਰਜ਼ ਕੀਤੀ : ਗਰੀਬ-ਨਿਵਾਜ (ਪਰਚੇ ਦੇ) ਗਾਹਕਾਂ ਦੀ ਪਲਾਂਟੇਸ਼ਨ ਕਰਵਾਓ। ਹੱਸੇ ਤਾਂ ਸਾਰੇ ਹੀ ਬਹੁਤ ਸਨ।"

"ਅਗਲੇ ਦਿਨ ਜਲੰਧਰ ਲੰਗਰ ਸੀ ਸਤਵੰਤ ਅਫ-ਰੀਕਾ ਵਾਲਿਆਂ ਦੇ ਘਰ। ਉਸ ਤੋਂ ਅਗਲੇ ਦਿਨ ਸੱਚੇ-ਪਾਤਸ਼ਾਹ ਜੀ ਨਾਲ ਅੰਮ੍ਰਿਤਸਰ ਜਾਣਾ ਸੀ ਪਰ ਟੈਲੀਫੋਨ ਆ ਗਿਆ ਕਿ ਆਪ ਨਹੀਂ ਆ ਰਹੇ ਕੰਮ ਸ੍ਰੀ ਭੈਣੀ ਸਾਹਿਬ ਹੋ ਗਿਆ। ਸ੍ਰ: ਮਹਿੰਦਰ ਸਿੰਘ ਨੂੰ ਮਿਲਣ ਜਾਣਾ ਸੀ ਉਹ ਆਪ ਹੀ ਆ ਗਏ।"

## ੨੮ ਅਪਰੈਲ ੧੯੭੯ ਸ਼ੁਕਰਵਾਰ
## ਨਵੀਂ ਦਿੱਲੀ

### ਦੂਜੀ ਕੋਠੀ ਵਿਚ ਪਰਵੇਸ਼

ਭਾਪਾ ਪ੍ਰੀਤਮ ਸਿੰਘ ਨਵ ਯੁਗ ਪ੍ਰੈਸ ਵਾਲਿਆਂ ਨੂੰ ਮਿਲਕੇ ਪਰਤਦਿਆਂ ਜਦੋਂ ਕਰੋਲ ਬਾਗ ਉਤਰ ਕੇ ਦੋਬਾਰਾ ਬਸ ਫੜਨ ਲਈ ਜਤਨ ਕੀਤਾ ਤਾਂ ਸਾਨੂੰ—ਮੈਨੂੰ ਤੇ ਮੇਰੀ ਪਤਨੀ ਨੂੰ—ਪੂਸਾ ਰੋਡ ਤਕ ਪੈਦਲ ਆਉਣਾ ਪਿਆ। ਏਥੇ ਸੇਠ ਤ੍ਰਿਲੋਕ ਸਿੰਘ ਹੁਰਾਂ ਦੀ ਪ੍ਰਾਵੀਡੈਂਟ ਫੰਡ ਮਹਿਕਮੇ ਵਲੋਂ ਖਾਲੀ ਕੀਤੀ ਗਈ ਕੋਠੀ ਵਲ ਝਾਤੀ ਮਾਰੀ ਤਾਂ ਅੰਦਰ ਕੁਝ ਰੌਣਕ ਜਿਹੀ ਭਾਸੀ।

ਅੰਦਰ ਲੰਘੇ ਤਾਂ ਵੇਖਿਆ ੩-੪ ਕਾਰਾਂ ਸਨ ਤੇ ਤ੍ਰਿੰਨੇ ਸਾਰੇ ਨਾਮਧਾਰੀ, ਗੈਰ ਨਾਮਧਾਰੀ ਖਲੋਤੇ ਹੋਏ ਸਨ ਸੇਠ ਜੀ ਨੂੰ ਇਸ ਕੋਠੀ ਬਾਰੇ ਕੁਝ ਕਹਿਣਾ ਸੀ ਤੇ ਅਸੀਂ ਇਕ ਚੱਕਰ ਅੰਦਰੋਂ ਮਾਰ ਕੇ ਨਿਕਲੇ ਹੀ ਸਾਂ ਕਿ ਸੇਠ ਜੀ, ਉਹਨਾਂ ਦਾ ਸਪੁਤਰ ਧਰਮ ਸਿਘ ਮਿਲ ਪਏ। ਸੇਠ ਜੀ ਨੇ ਕਿਹਾ : ਬੱਸ, ਤੁਰ ਚਲੇ ? ਸਤਿਗੁਰਾਂ ਦੇ ਦਰਸਨ ਨਹੀਂ ਕਰਨੇ ?

"ਕਿਥੇ ਨੇ ?"

"ਏਥੇ ਹੀ ਨੇ, ਉਪਰ ਤਾਂ ਚੱਲੋ।"

### ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਅਤੇ ਉਹ ਨਾਲ ਲੈ ਕੇ ਚਲ ਪਏ...ਹਰ ਪੌੜੀ ਤੇ ਫੁਲ ਬਿਖਰੇ ਹੋਏ ਸਨ। ਵਡੀ ਸਾਰੀ ਦੋ ਛੱਤੀ ਕੋਠੀ ਖਾਲੀ ਖਾਲੀ ਲਗਦੀ ਸੀ। ਅੰਦਰ ਆਦਮੀ ਤਾਂ ਓਨੇ ਲਗੇ ਨਾ ਪਰ ਉਪਰ ਗਿਆਂ ਸਜੇ ਹੱਥ ਪਹਿਲੇ ਕਮਰੇ ਵਿਚ ਲੰਗਰ ਕਰਨ ਵਾਲੀਆਂ ਬੀਬੀਆਂ ਨਜ਼ਰ ਪਈਆਂ—ਬੀਬੀ ਇੰਦਰ ਕੌਰ, ਸੁਰਜੀਤ ਕੌਰ, ਪ੍ਰੀਤਮ ਕੌਰ, ਕਿਰਪਾਲ ਕੌਰ ਅਤੇ ਨਾਲ ਹੀ ਦਿੱਸੇ ਸੇਠ ਜੀ ਦੀ ਨੂੰਹ ਚਰਨਜੀਤ, ਸੇਠਣੀ ਸੁਰਜੀਤ, ਸੇਠਣੀ ਮਹਿੰਦਰ ਕੌਰ ਦੀ ਛੋਟੀ ਭੈਣ, ਭਣਵਈਆ ਸ੍ਰ: ਮਹਿੰਦਰ ਸਿੰਘ ਬੈਂਕੋਕ ਆਦਿ।

ਪਰ ਸੇਠ ਜੀ ਨੇ ਜਿਸ ਅੰਦਰ ਦਾ ਬੂਹਾ ਖੋਲ੍ਹਿਆ ਉਸ ਵਿਚ ਵਿਛੇ ਹੋਏ ਪਲੰਘ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਮਨ ਬਲਿਹਾਰ ਹੋ ਗਿਆ। ਕਮਰੇ ਵਿਚ ਅਨੇਰਾ ਸੀ। ਅਜੇ ਬੱਤੀ ਦੀਆਂ ਤਾਰਾਂ ਠੀਕ ਨਹੀਂ ਸਨ ਹੋ ਸਕੀਆਂ। ਪੱਖੇ ਨੇ ਕਿਥੋਂ ਹਰਕਤ ਹੋਣਾ ਸੀ। ਕੂਲਰ ਜ਼ਰੂਰ ਚਲ ਰਿਹਾ ਸੀ।

ਮੈਂ ਅਤੇ ਪਤਨੀ ਨੇ ਗੁਰੂ ਚਰਨਾਂ ਤੇ ਮਸਤਕ ਧਰ ਨਮਸਕਾਰ ਕੀਤੀ। ਮੇਰੇ ਕੌਤੂਹਲ ਤੇ ਹੈਰਾਨਗੀ ਦੀ ਹੱਦ ਨਹੀਂ ਸੀ ਕਿ ਯੂ. ਪੀ. ਜਾਣ ਵਾਲੇ ਏਥੇ ਕਿਵੇਂ ਏਨੀ ਜਲਦੀ ਆ ਗਏ। ਸੁਖ ਹੋਵੇ ਸਹੀ।

### ਡਾਲਟਨ ਗੰਜ ਦੀਆਂ ਗੱਲਾਂ

ਸਤਿਗੁਰੂ ਜੀ ਗੁਲਜ਼ਾਰ ਸਿੰਘ ਸਾਬਕਾ ਸੇਵਕ ਨਾਲ ਗੱਲ ਬਾਤ ਕਰ ਰਹੇ ਸਨ। ਮੈਨੂੰ ਪਾਸ ਹੀ ਬੈਠੇ ਪੂਰਬਾ ਮਹਿੰਦਰ ਸਿੰਘ ਨਾਲ ਵਾਰਤਾ ਦਾ ਮੌਕਾ ਮਿਲ ਗਿਆ। ਉਸ ਨੇ ਦਸਿਆ ੨੬ ਅਪਰੈਲ ਨੂੰ ਅਸੀਂ ੬ ਜਣੇ ਸਵੇਰੇ ੬.੩੦ ਦੇ ਜਹਾਜ਼ ਤੇ ਚੜ੍ਹੇ—ਸ੍ਰੀ ਸਤਿਗੁਰੂ ਜੀ, ਸ੍ਰ: ਸੇਵਾ ਸਿੰਘ ਦਿੱਲੀ, ਸੇਠ ਮਹਿੰਦਰ ਸਿੰਘ—ਸੁਰਿੰਦਰ ਸਿੰਘ (ਦੋਵੇਂ ਡਾ: ਗੰ:) ਮੈਂ ਅਤੇ ਪਿੰਕੀ, ਬਨਾਰਸ ਲਈ ਉਡੇ, ੧੦ ਵਜੇ ਬਨਾਰਸ ਪਹੁੰਚੇ ਹੋਵਾਂਗੇ। ਪ੍ਰਸ਼ਾਦਾ ਪਾਣੀ ਛਕ ਕੇ ਦੋ ਕੁ ਵਜੇ ਕਾਰਾਂ ਦੁਆਰਾ ਡਾਲਟਨ ਗੰਜ ਪਹੁੰਚੇ।

"ਡਾਲਟਨ ਗੰਜ ਗਿਆਂ ਪਤਾ ਲਗਾ ਸੇਠ ਕਿਰਪਾਲ ਸਿੰਘ ਦੇ ਛੋਟੇ ਭਰਾ ਸ੍ਰ: ਅਜੀਤ ਸਿੰਘ ਨੂੰ ਹਾਦਸਾ ਵਾਪਰ ਗਿਆ ਹੈ ਅਤੇ ਉਹ ਰਾਂਚੀ ਹੈ। ਸੁਣ ਕੇ ਬੜਾ ਦੁਖ ਹੋਇਆ, ਪਰ ਕਿਉਂਕਿ ਰਾਤੀਂ ੯.੩੦ ਵਜੇ ਡਾਲਟਨ ਗੰਜ ਪਹੁੰਚ ਸਕੇ ਸਾਂ, ਰਾਤ ਏਥੇ ਹੀ ਕੱਟਣ ਦੀ ਮਜਬੂਰੀ ਸੀ। ਸਵੇਰੇ ਕਾਰਾਂ ਦੁਆਰਾ ਹੀ ਰਾਂਚੀ ਪਹੁੰਚੇ। ਸਤਿਗੁਰੂ ਜੀ ਨੇ ਹਾਦਸੇ ਦੇ ਸ਼ਿਕਾਰ ਵਿਅਕਤੀਆਂ ਨੂੰ ਹਸਪਤਾਲ ਜਾਕੇ ਦਰਸ਼ਨ ਦਿਤੇ,



Sri Satguru Jagjit Singh Ji Elibrary NamdhariElibrary@gmail.com

...ਹੋਰ ਸੰਬੰਧਤ ਬਚਨ ਬਿਲਾਸ ਕਰਕੇ ਸਤਿਗੁਰੂ ਜੀ ਅਜ ਸਵੇਰੇ ਹਵਾਈ ਸਫ਼ਰ ਦੁਆਰਾ ੬ ਵਜੇ ਏਥੇ ਪੁਜੇ ਸਨ।"

**ਰਾਂਚੀ ਪਾਸ ਦੁਰਘਟਨਾ**

ਸੰਤ ਗੁਲਜ਼ਾਰ ਸਿੰਘ ਨਾਲ ਵਾਰਤਾਲਾਪ ਮੁੱਕਾ ਤਾਂ ਮੈਂ ਸ੍ਰੀ ਸਤਿਗੁਰੂ ਜੀ ਪਾਸ ਜਾ ਬੈਠਾ ਆਪ ਬਿਸਤਰੇ ਤੇ ਵੱਖੀ ਪਰਨੇ ਪਏ ਹੋਏ ਸਨ। ਆਪ ਜੀ ਨੇ ਦਸਿਆ : ਜਾਣਾ ਤਾਂ ੨੬ ਸਵੇਰ ਨੂੰ ਗੋਲਾ ਫਾਰਮ ਸੀ, ਪਰ ਅਚਾਨਕ ਐਸੀ ਪੇਚੀਦਗੀ ਪੈਦਾ ਹੋ ਗਈ ਕਿ ਸਾਰੇ ਮਿਥੇ ਪਰੋਗਰਾਮ ਛਡਣੇ ਪਏ, ਡਾਲਟਨ ਗੰਜ ਨੂੰ ਰਵਾਨਗੀ ਹੋ ਗਈ, ਬਨਾਰਸ ਲੰਗਰ ਛਕ ਕੇ ਜਾਂ ਰਾਤੀਂ ੯.੩੦ ਡਾਲਟਨ ਗੰਜ ਅਪੜੇ ਤਾਂ ਅਗੇ ਹੋਰ ਹੀ ਵਰਕੇ ਖੁਲੇ ਪਏ ਸਨ। ੨੫.੪.੭੮ ਨੂੰ ਰਾਂਚੀਓਂ ਆਉਂਦਿਆਂ ੨੫ ਕੁ ਕਿਲੋਮੀਟਰ ਦੇ ਫਾਸਲੇ ਤੇ ਅਜੀਤ ਸਿੰਘ ਹੁਰਾਂ ਦੀ ਕਾਰ ਨਾਲ ਇਕ ਟਰੱਕ ਟਕਰਾ ਗਿਆ ਅਤੇ ਬੜੀ ਦੂਰ ਤਕ ਉਹਨਾਂ ਦੀ ਗੱਡੀ ਪਿਛਾਂਹ ਉਲਟਾ ਕੇ ਸੁੱਟ ਗਿਆ।

"ਗੱਡੀ ਵਿਚ ਡਰਾਈਵਰ ਦੇ ਨਾਲ ਅਜੀਤ ਦੇ ਦੋ ਬੱਚੇ ਅਤੇ ਅਜੀਤ ਦੀ ਲੜਕੀ ਬੈਠੇ ਹੋਏ ਸਨ। ਮਗਰਲੀ ਸੀਟ ਤੇ ਅਜੀਤ ਸਿੰਘ ਅਤੇ ਉਹਦੀ ਪਤਨੀ ਭਜਨ ਬੈਠੀ ਹੋਈ ਸੀ। ਹਾਦਸਾ ਡਾਢਾ ਹੋਇਆ। ਡਰਾਈਵਰ ਮਰ ਗਿਆ। ਅਜੀਤ ਸਿੰਘ ਦੀ ਇਕ ਬਾਂਹ ਅਤੇ ਲੱਤ ਦੀ ਹੱਡੀ ਟੁੱਟ ਗਈ। ਭਜਨ ਨੂੰ ਵੀ ਸਿਰ ਤੇ ਬਹੁਤ ਚੋਟ ਆਈ ਮੂੰਹ ਤੇ ਸੱਟਾਂ ਦਾ ਡਾਢਾ ਜ਼ੋਰ ਰਿਹਾ। ਅੱਖਾਂ ਬਚ ਰਹੀਆਂ ਹਨ। ਅਤੇ ਅਜੀਤ ਕੌਰ ਵੀ ਬੁਰੀ ਤਰ੍ਹਾਂ ਸੱਟ ਫੇਟ ਖਾਧੇ ਹੋਈ ਸੀ। ਇਸਦਾ ਉਪਰੇਸ਼ਨ ਅਜ ਹੋਵੇਗਾ ਸਾਰੇ ਹੀ ਰਾਂਚੀ ਹਸਪਤਾਲ ਵਿਚ ਹਨ।"

ਦ੍ਰਿਸ਼ ਅਕਹਿ ਸੀ। ਪਰ ਇਹਨਾਂ ਚੋਂ ਕਿਸੇ ਦੀ ਵੀ ਜਾਨ ਨੂੰ ਖ਼ਤਰਾ ਨਹੀਂ ਸੀ।

ਸਤਿਗੁਰੂ ਜੀ ਨੇ ਦਸਿਆ : ਜੇ ਸ਼ਾਪਿੰਗ ਸੈਂਟਰ ਦੇ ਲੈਣ-ਦੇਣ ਦੀ ਹੀ ਗੱਲ ਹੁੰਦੀ ਤਾਂ ਮੈਂ ਦਿੱਲੀ ਵੀ ਕਰ ਲੈਂਦਾ ਪਰ ਮਹਿੰਦਰ ਸਿੰਘ (ਡਾ: ਗੰ:) ਨੇ ਜ਼ੋਰ ਦਿਤਾ ਸੀ ਕਿ ਤੁਸੀਂ ਡਾਲਟਨ ਗੰਜ ਚਲੋ ਅਤੇ ਸਾਡੇ ਸਭ ਤੇ ਕਿਰਪਾ ਕਰੋ। ਇੰਦਰ ਸਿੰਘ ਤੇ ਵੀ ਬਖ਼ਸ਼ਸ਼ ਹੋਵੇ। ਪਰ ਡਾਲਟਨ ਗੰਜ ਗਏ ਤਾਂ...

ਸਤਿਗੁਰੂ ਜੀ ਨੇ ਅੱਜ ਮਹਾਰਾਜ ਬੀਰ ਸਿੰਘ ਜੀ ਨੂੰ ਫੋਨ ਕਰਨਾ ਸੀ। ਸੇਠ ਤ੍ਰਿਲੋਕ ਸਿੰਘ ਹੁਰਾਂ ਕਿਹਾ : ਸੱਚੇ ਪਾਤਸ਼ਾਹ ਫੋਨ ਤਾਂ ਪਹਿਲੀ ਕੋਠੀ ਵਿਚ ਜਾ ਕੇ ਹੀ ਕਰਨਾ ਪਏਗਾ। ਅਤੇ ੭.੪੫ ਵਜੇ ਸਤਿਗੁਰੂ ਜੀ ਇਕ ਕਾਰ ਵਿਚ ਬੈਠ ਕੇ ਓਧਰ ਨੂੰ ਗਏ।

**ਦੂਜੀ ਕੋਠੀ**

ਇਹ ਕੋਠੀ ੧/੬ B ਪੂਸਾ ਰੋਡ ਜੋ ਪਹਿਲੀ ਤੋਂ ਪੂਰਬ ਵਲ ਇਕ ਬੱਸ ਸਟਾਪਿਜ ਦੇ ਫਾਸਲੇ ਤੇ ਹੈ, ਪਹਿਲਾਂ ਰੀਜਨਲ ਪ੍ਰਾਵੀਡੈਂਟ ਫੰਡ ਕਮਿਸ਼ਨਰ ਦਿੱਲੀ ਦੇ ਕੰਟਰੋਲ ਵਿਚ ਸੀ। ਇਸ ਵਿਚ ਉਪਰੋਕਤ ਮਹਿਕਮੇ ਦੀ ਜੋ ਰਹਿੰਦ ਖੂੰਹਦ ਸੀ, ਰਾਤੋ ਰਾਤ ਕਢ-ਕਢਾ ਕੇ ਵਸਣ ਯੋਗ ਜਗਹ ਬਣਾਈ ਗਈ ਹੈ। ਫਰਸ਼ ਸਾਬਣ ਤੇ ਪਾਣੀ ਨਾਲ ਧੋਤੇ ਜਾ ਰਹੇ ਹਨ। ਬਿਜਲੀ ਦੀ ਫਿਟਿੰਗ ਆਪਣੀ ਲੋੜ ਅਨੁਸਾਰ ਕਰਵਾਈ ਜਾ ਰਹੀ ਹੈ। ਸਤਿਗੁਰਾਂ ਦੇ ਕਮਰੇ ਵਿਚ ਵੀ ਸੁਖਵੰਤ ਸਿੰਘ (ਹਰਭਜਨ ਸਿੰਘ ਸਿਤਾਰ ਦਾ ਬਿਜਲੀ ਮਕੈਨਿਕ ਛੋਟਾ ਭਾਈ) ਪਹੁੰਚ ਚੁਕਾ ਹੈ। ਉਪਰਲੀ ਛੱਤੇ ਪੂਰਬੀ ਪਾਸੇ ਇਕ ਲੰਬੇ ਚੋੜੇ ਹਾਲ ਵਿਚ ਗਲੀਚਾ ਵਿਛਾ ਦਿਤਾ ਗਿਆ, ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵਾਸਤੇ। ਇਕ ਵਰਨੀ ਕਰਨ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ।

੮ ਵਜਦੇ ਨੂੰ ਅਸਾਂ ਘਰ ਜਾਣ ਲਈ ਬੱਸ ਫੜ ਲਈ।

## ੨੯ ਅਪਰੈਲ ੧੯੭੮ ਸ਼ਨੀਵਾਰ
## ਨਵੀਂ ਦਿੱਲੀ

**ਆਸਾ ਦੀ ਵਾਰ**
**ਦੂਜੀ ਕੋਠੀ ਵਿਚ**

ਮੈਂ ਅਤੇ ਮੇਰਾ ਵੱਡਾ ਲੜਕਾ ਮਨਧੀਰ ਸਿੰਘ ਸਵੇਰੇ ੫ ਵਜੇ ੮.੨੦ ਬੱਸ ਫੜ ਕੇ ਪੂਸਾ ਰੋਡ ਬੱਸ ਸਟੈਂਡ ਤੇ ਜਾ ਉਤਰੇ। ਇਹ ਬੱਸ ਸਟੈਂਡ ਸੇਠ ਤ੍ਰਿਲੋਕ ਸਿੰਘ ਹੁਰਾਂ ਦੀ ਕੋਠੀ ਦੇ ਐਨ ਸਾਹਮਣੇ ਹੈ। ਕੋਠੀ ਵਿਚ ਪੈਰ ਧਰਦਿਆਂ ਹੀ ਸਫੈਦ ਬਸਤਰਧਾਰੀ ਦੇਵ-ਤੁਲ ਨਾਮਧਾਰੀਆਂ ਦੇ ਦਰਸ਼ਨ ਹੋਏ। ਅਸੀਂ ਪੌੜੀਆਂ ਚੜ੍ਹ ਰਹੇ ਸਾਂ। ਹੋਰ ਇਸਤਰੀ ਪੁਰਸ਼ ਹੇਠਾਂ ਉਤਰ ਰਹੇ ਸਨ। ਇਸ ਦਾ ਮਤਲਬ ਇਹ ਸੀ ਕਿ ਆਸਾ ਦੀ ਵਾਰ ਦਾ ਕੀਰਤਨ ਸਮਾਪਤ ਹੋ ਚੁਕਾ ਹੈ।

ਕੀਰਤਨ ਹਰਭਜਨ-ਗੁਰਦੇਵ ਸਿੰਘ ਨੇ ਕੀਤਾ ਸੀ। ਸਾਡੇ ਗਿਆਂ, ਗੁਰਦੇਵ ਸਿੰਘ ਨੇ ਸਤਿਗੁਰੂ ਜੀ ਨੂੰ ਆਖਿਆ : ਅੱਜ ਆਪ ਦੀ ਆਵਾਜ਼ ਬੜੇ ਸਧੇ ਹੋਏ ਤਰੀਕੇ ਨਾਲ ਤੇ ਭਰਪੂਰਤਾ ਵਿਚ ਲਗ ਰਹੀ ਸੀ। ਸਤਿਗੁਰੂ ਜੀ ਨੇ ਵਚਨ ਕੀਤਾ : ਅਜੇ ਵੀ ਪੇਟ ਦਾ ਖਰਾਬਾ ਚਲ ਰਿਹਾ ਹੈ।

ਸੇਠ ਤ੍ਰਿਲੋਕ ਸਿੰਘ ਏਧਰ-ਓਧਰ ਜਾਣੂਆਂ ਨੂੰ ਮਿਲ ਰਹੇ ਸਨ। ਉਨ੍ਹਾਂ ਦੀ ਪਤਨੀ ਬੀਬੀ ਮਹਿੰਦਰ ਕੌਰ ਦੋ



Sri Satguru Jagjit Singh Ji Elibrary NamdhariElibrary@gmail.com

ਟੁਕੜੇ ਬਰਫੀ ਦੇ, ਦੋ ਮੱਠੀਆਂ ਵਾਲੇ ਲਿਫਾਫੇ ਹਰੇਕ ਆਏ ਵਿਅਕਤੀ ਨੂੰ ਵੰਡ ਰਹੀ ਸੀ। ਹੇਠਾਂ ਗਰਾਊਂਡ ਫਲੋਰ ਤੇ ਵਰਨੀ ਅਜੇ ਵੀ ਚਲ ਰਹੀ ਸੀ।

ਪਤਾ ਲਗਾ ਸਤਿਗੁਰੂ ਜੀ ਆਪਣੇ ਕਮਰੇ ਵਿਚ ਹਨ। ਗਿਆ, ਵੇਖਿਆ। ਸਵੇਰ ਦੇ ਬੈਠਣ ਦੀ ਥਕਾਨ ਲਾਹਣ ਹਿਤ, ਜ਼ਰਦ ਰੰਗੇ ਸੁਚੇ ਬਸਤਰਾਂ ਨਾਲ ਵਿਛੇ ਪਲੰਘ ਉਪਰ ਲੇਟੇ ਹੋਏ ਬਾਣੀ ਪੜ੍ਹ ਰਹੇ ਸਨ।

ਮੇਰੇ 'ਅਗਲਾ ਪ੍ਰੋਗਰਾਮ' ਪੁਛਣ ਤੇ ਸਤਿਗੁਰੂ ਜੀ ਨੇ ਦਸਿਆ: ਫਿਲਹਾਲ ਤਾਂ ਏਹੋ ਹੈ ਕਿ ਇਥੋਂ ੭ ਵਜੇ ਦੇ ਕਰੀਬ ਹਵਾਈ ਸਫਰ ਸ਼ੁਰੂ ਕਰ ਕੇ ਲਖਨਊ ਜਾ ਉਤਰਾਂਗੇ। ਉਥੋਂ ਕਾਰ ਲੈ ਕੇ ਗੋਲਾ ਨਾਮਧਾਰੀ ਫਾਰਮ ਤੇ ਪ੍ਰਸ਼ਾਦ ਜਾ ਛੱਕਣਾ ਹੈ।

ਇਸ ਦਾ ਮਤਲਬ ਹੈ ਕਿ ਆਪ ੧੧-੧੨ ਵਜੇ ਤਕ ਹਰ ਤਰ ਗੋਲਾ ਗੋਕਰਨ ਨਾਥ, ਜ਼ਿਲਾ ਲਖੀਮਪੁਰ ਸਥਿਤ ਨਾਮਧਾਰੀ ਫਾਰਮ ਤੇ ਪਹੁੰਚ ਜਾਣਗੇ।

### ਹੈਵੀ ਵੇਟ ਚੈਂਪੀਅਨ

ਦੋ ਭਾਰੇ ਭਰਕਮ ਸਰੀਰ ਵਾਲੇ ਜੁਆਨ, ਇਨ੍ਹਾਂ 'ਚੋਂ ਇਕ ਕੱਦਾਵਰ ਵੀ ਨਾਲ ਲੈ ਕੇ ਸੇਠ ਤ੍ਰਿਲੋਕ ਸਿੰਘ ਸਤਿਗੁਰੂ ਜੀ ਪਾਸ ਪਹੁੰਚੇ। ਉਨ੍ਹਾਂ ਨੇ ਸਤਿਗੁਰੂ ਜੀ ਦੇ ਚਰਨਾਂ ਨੂੰ ਹੱਥ ਛੁਹਾ ਕੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਉਨ੍ਹਾਂ ਬਾਰੇ ਮੈਨੂੰ ਦੱਸਣ ਦੀ ਕ੍ਰਿਪਾ ਕੀਤੀ: ਇਹ ਦਲਬੀਰ ਸਿੰਘ ਹੈ, ਭਾਰਤ ਦਾ ਹੈਵੀਵੇਟ ਚੈਂਪੀਅਨ, ਰੇਲਵੇ ਡਿਪਾਰਟਮੈਂਟ ਵਿਚ ਹੈ ਅਤੇ ਭਾਰ ਚੁਕਣ ਦਾ ਅਭਿਆਸ ਕਰਦਾ ਹੈ। (ਪੁਛਣ ਤੇ ਸ: ਦਲਬੀਰ ਸਿੰਘ ਨੇ ਦਸਿਆ ਕਿ ਉਹ ਦੋ ਵਾਰ ਕਰ ਕੇ ੩੦੦ ਕਿਲੋ ਗਰਾਮ ਭਾਰ ਚੁਕਦਾ ਹੈ।) ਅਤੇ ਇਹ ਲੰਮਾ ਝੰਮਾ ਨੌਜਵਾਨ ਪ੍ਰਮਜੀਤ ਸਿੰਘ ਹੈ। ਇਹ ਗੋਲਾ ਸੁਟਣ ਦੀ ਚੈਂਪੀਅਨਸ਼ਿਪ ਵਲ ਵਧ ਰਿਹਾ ਹੈ, ੫੦ ਫੁਟ ਤਕ ਗੋਲਾ ਸੁਟ ਲੈਂਦਾ ਹੈ। ਡਾਕ ਮਹਿਕਮੇ ਵਿਚ ਇਨਸਪੈਕਟਰ ਹੈ।

ਦੋ ਪਲ਼ ਦੀ ਚੁਪ ਬਾਅਦ ਸਤਿਗੁਰਾਂ ਫਿਰ ਵਚਨ ਕੀਤਾ: ਇਹ ਬੜੇ ਤਕੜੇ ਹਨ। ਇਨ੍ਹਾਂ ਆਪ ਮਿਲਣ ਦੀ ਪਹੁੰਚ ਕੀਤੀ ਹੈ।

ਸੰਤ ਮਹਿੰਦਰ ਸਿੰਘ ਪੂਰਬਾ ਨੂੰ ਆਗਿਆ ਦੇ ਕੇ ਇਨ੍ਹਾਂ ਦੋਹਾਂ ਨੂੰ ਭਜਨ ਦਸਵਾਇਆ। ਫਿਰ ਉਪਦੇਸ਼ ਕੀਤਾ: ਨਾਮ ਸਿਮਰਨ ਭਾਵੇਂ ਅਜੇ ੨੦ ਮਿੰਟ ਹੀ ਰੋਜ਼ਾਨਾ ਕਰੋ, ਪਰ ਕਰੋ ਜ਼ਰੂਰ। ਅਗੇ ਤੋਂ ਦਾੜ੍ਹੀਆਂ ਕਤਰਨਾ ਛੱਡ ਦਿਓ, ਸਿੰਘਾਂ ਨੂੰ ਇਸ ਗੱਲ ਤੇ ਮਾਣ ਹੋਏਗਾ। ਰੇਬਦਾਰ ਕਛਹਿਰਾ ਪਹਿਨੋ। ਭਾਰ ਚੁਕਦਿਆਂ, ਗੋਲਾ ਸੁਟਦਿਆਂ ਕਛਹਿਰਾ ਪਿਆ ਲਗੇ ਤਾਂ ਕਿ ਸਿਖੀ ਦੀ ਸ਼ਾਨ ਚਮਕੇ। ਉਹਨਾਂ ਨੇ "ਸਤਿਬਚਨ ਜੀ" ਕਿਹਾ। ਅਰਦਾਸ ਵੀ ਉਹਨਾਂ ਨੂੰ ਲਿਖ ਕੇ ਦੇ ਦਿਤੀ ਗਈ।

### ਗੋਲਾ ਫਾਰਮ ਲਈ ਉਡਾਰੀ

੬ ਵਜੇ ਪਾਲਮ ਹਵਾਈ ਅਡੇ ਤੇ ਪਹੁੰਚਣ ਲਈ ਸਤਿਗੁਰੂ ਜੀ ਕਾਰ ਸਵਾਰ ਹੋ ਗਏ। ਆਪ ਜੀ ਨਾਲ ਕੇਵਲ ਮਹਿੰਦਰ ਸਿੰਘ ਪੂਰਬਾ ਜਾਵੇਗਾ।

### ਸੁਥਣ ਦਾ ਕਸ਼ਟ

ਕੱਲ੍ਹ, ਜਦੋਂ ਮੈਂ ਅਤੇ ਮੇਰੀ ਪਤਨੀ ਸਤਿਗੁਰੂ ਜੀ ਪਾਸ ਨਮਸਕਾਰ ਹਿਤ ਆਏ ਤਾਂ ਪਤਨੀ ਗੁਰਬਚਨ ਕੌਰ ਨੇ ਬੜੀ ਕੋਸ਼ਿਸ਼ ਕੀਤੀ ਕਿ ਉਹਦੀ ਸਲਵਾਰ ਵਲ ਸਤਿਗੁਰੂ ਜੀ ਦਾ ਧਿਆਨ ਨਾ ਜਾਵੇ ਪਰ ਜਿਉਂ ਹੀ ਉਠਕੇ ਅਸੀਂ ਘਰ ਜਾਣ ਲਈ ਤੁਰੇ ਸਤਿਗੁਰੂ ਜੀ ਨੇ ਵਿਅੰਗ ਬਾਣ ਚਲਾ ਦਿਤਾ: ਚੰਗਾ ਕੀਤਾ ਤੁਸੀਂ ਅਚਾਨਕ ਹੀ ਆ ਗਏ ਨਹੀਂ ਤਾਂ ਬੀਬੀ ਨੂੰ ਸੁਥਣ ਪਾਕੇ ਆਉਣ ਦਾ ਕਸ਼ਟ ਕਰਨਾ ਪੈਣਾ ਸੀ। (ਖੁਲੇ ਪਹੁੰਚਿਆਂ ਵਾਲੀ ਸਲ਼ਵਾਰ ਨਾਮਧਾਰੀ ਇਸਤ੍ਰੀਆਂ 'ਚ ਵਿਵਰਜਤ ਹੈ। ਤੰਗ ਮੋਹਰੀ ਦੀ ਚੂੜੀਦਾਰ ਸੁਥਣ ਨਾਮਧਾਰੀ ਇਸਤਰੀਆਂ ਦਾ ਪਹਿਰਾਵਾ ਹੈ...ਸੰਪਾਦਕ)

ਸੁਭਾਵਕ ਸੀ ਸ੍ਰੀ ਮਤੀ ਜੀ ਕੁਛ ਲੱਜਾ ਅਨੁਭਵ ਕਰਦੇ।

### ਅੱਸੂ ਦਾ ਮੇਲਾ ਡਾ: ਗੰ:

ਸਤਿਗੁਰੂ ਜੀ ਤੋਂ ਏਸੇ ਮੌਕੇ ਇਹ ਵੀ ਪਤਾ ਲਗਾ ਕਿ ਅਗਲਾ ਅੱਸੂ ਦਾ ਮੇਲਾ ਡਾਲਟਨ ਗੰਜ ਭਰਾਵਾਂ (ਸੰਤ ਬਲਵੰਤ ਸਿੰਘ-ਕਿਰਪਾਲ ਸਿੰਘ ਆਦਿ) ਨੇ ਮੰਗ ਲਿਆ ਹੈ ਤੇ ਉਨ੍ਹਾਂ ਨੂੰ ਪਰਵਾਨਗੀ ਦੇ ਦਿਤੀ ਹੈ। ਸਤਿਗੁਰਾਂ ਦੱਸਿਆ: ਉਨ੍ਹਾਂ ਨੂੰ ਮੇਲੇ ਦੇ ਬਜਟ ਤੋਂ ਵਾਧੂ ਰਕਮ ਰਖਣ ਲਈ ਆਖਿਆ ਹੈ ਤਾਂ ਜੋ, ਜੋ ਆਦਮੀ ਰੁਪੈਆਂ ਨਾ ਖਰਚ ਕਰ ਸਕਣ ਉਨ੍ਹਾਂ ਨੂੰ ਸਪੈਸ਼ਲ ਵੈਨ ਦੁਆਰਾ ਡਾਲਟਨ ਗੰਜ ਬੁਲਾ ਲਿਆ ਜਾਵੇ।

## ੧੦ ਮਈ ੧੯੭੮ ਬੁੱਧਵਾਰ
## ਭੁੰਤਰ (ਹਿਮਾਚਲ ਪ੍ਰਦੇਸ਼)

੩.੫.੭੮ ਤੋਂ ਭੁੰਤਰ, ਜ਼ਿਲਾ ਕੁਲੂ, ਹਿਮਾਚਲ ਪ੍ਰਦੇਸ਼ ਵਿਖੇ ਆਪਣੇ ਦਾਮਾਦ ਸ੍ਰ. ਕੇਹਰ ਸਿੰਘ ਹਮਰਾਹੀ ਅਤੇ ਪੁਤਰੀ ਕੁਲਵੰਤ ਕੌਰ ਪਾਸ, ਆਪਣੇ ਵਲੋਂ ਸਾਰਾ ਮਈ ਦਾ



Sri Satguru Jagjit Singh Ji Elibrary NamdhariElibrary@gmail.com

ਮਹੀਨਾ ਰਹਿਣ ਆਇਆ ਹੋਇਆ ਹਾਂ। ਮਨੋਰਥ ਹੈ ਦਿੱਲੀ ਦੀ ਗਰਮੀ ਤੋਂ ਬਚਣਾ ਅਤੇ ਇਸਤ੍ਰੀ-ਜੀਵਨਾਂ ਬਾਰੇ ਚਲਦੀ ਪੁਸਤਕ ਦੀ ਸਮਾਪਤੀ ਕਰਨਾ। ਇਸ ਸੰਬੰਧ ਵਿਚ ੭ ਤੋਂ ੧੨ ਤਕ ਟਿੱਕ ਦੇ ਕੰਮ ਕਰਦਾ ਹਾਂ ਅਤੇ ਫਿਰ ਦੋ ਘੰਟੇ ਸ਼ਾਮ ਨੂੰ ਸੰਬੰਧਤ ਅਧਿਐਨ ਵਿਚ ਬੀਤਦਾ ਹੈ। ਲੁੜੀਂਦੀਆਂ ਪੁਸਤਕਾਂ ਦਿਲੀਓਂ ਚੁਕ ਲਿਆਇਆ ਹਾਂ। ਸੇਵਾ, ਸਤਿਕਾਰ ਅਤੇ ਸਿਹਤ ਸੰਭਾਲ ਵਲੋਂ ਏਥੇ ਕੋਈ ਕਸਰ ਨਹੀਂ। ਸੇਵਾ ਲੜਕੀ ਕਰਦੀ ਹੈ ਹੋਰ ਹਰ ਪਰਕਾਰ ਦਾ ਧਿਆਨ ਜੁਆਤਰਾ ਰਖਦਾ ਹੈ।

## ਮੈਨੂੰ ਨਿਤ ਨੇ ਉਡੀਕਾਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਦਿੱਲੀ, ਦੱਸਿਆ ਸੀ ਕਿ ਉਹ ਗੋਲਾ ਫਾਰਮ ਤੇ ਕੁਛ ਦਿਨ ਰਹਿ ਕੇ ਫੇਰ ਮੰਡੀ (ਹਿਮਾਚਲ) ਆਉਣਗੇ। ਉਨ੍ਹਾਂ ਦੇ ਸੇਵਕਾਂ ਦੇ ਦੱਸਣ ਮੁਤਾਬਕ ੧੨ ਮਈ ਨੂੰ ਆਪ ਜੀ ਨੇ ਮੰਡੀ ਦਰਸ਼ਨ ਦੇਣੇ ਸਨ। ਪਰ ਕਲ ਰਾਤੀਂ ਹੀ ਹਮਰਾਹੀ ਨੂੰ ਫੋਨ ਤੇ ਪਤਾ ਲਗਾ ਕਿ ਸਤਿਗੁਰੂ ਜੀ ੯.੫.੭੮ ਨੂੰ ਰਾਤ ਤਕ ਮੰਡੀ ਪਹੁੰਚਣ ਵਾਲੇ ਹਨ।

ਅੱਜ ਸ਼ਾਮੀ ਫਿਰ ਟੈਲੀਫੋਨ ਖੜਕਾਇਆ। ਮੰਡੀ ਤੋਂ ਸੰਤ ਭਜਨ ਸਿੰਘ ਸਰਾਫ਼ ਨੇ ਦੱਸਿਆ: ਆਉਣਾ ਸੀ, ਪਰ ਸ੍ਰੀ ਜੀਵਨ ਨਗਰ ਜ਼ਰੂਰੀ ਕੰਮ ਪੈ ਜਾਣ ਕਰਕੇ, ਦਿੱਲੀਓਂ ਸਿੱਧੇ ਹੀ, ਕਾਰ ਤੇ ਜੀਵਨ ਨਗਰ ਚਲੇ ਗਏ ਹਨ।

ਏਥੋਂ ਦੇ ਸ੍ਰ. ਕੁਲਦੀਪ ਸਿੰਘ ਅਤੇ ਕੇਹਰ ਸਿੰਘ ਹਮਰਾਹੀ ਨੇ ਕੁਲਬੀਰ—ਪਿਤਾ ਭਜਨੀਕ ਸਿੰਘ ਜੀ ਨੂੰ ਬੇਨਤੀ ਕੀਤੀ ਹੈ ਫੋਨ ਤੇ ਕਿ ਜਿਉਂ ਸਤਿਗੁਰੂ ਜੀ ਮੰਡੀ ਦਰਸ਼ਨ ਦੇਣ ਏਥੇ (ਭੁੰਤਰ) ਸੂਚਤ ਕੀਤਾ ਜਾਵੇ। ਜੇ ਆਪ ਜੀ ਦਾ ਪ੍ਰੋਗਰਾਮ ਅਗੇ ਮਨਾਲੀ ਵਲ ਆਉਣ ਦਾ ਹੋਵੇ ਤਾਂ ਧੰਨ ਭਾਗ ਨਹੀਂ ਤਾਂ ਇਹ ਮੰਡੀ ਆਕੇ ਦਰਸ਼ਨ ਕਰ ਲੈਣ।

ਰਾਤੀਂ ੮ ਕੁ ਵਜੇ ਮੈਂ "ਹਮਰਾਹੀ ਰੇਡੀਓਜ਼ ਐਂਡ ਇਲੈਕਟ੍ਰਾਨਿਕਸ" ਦੁਕਾਨ ਵਿਚ ਬੈਠਾ ਹੋਇਆ ਸੀ। ਸਾਹਮਣੇ ਸਰਾਫ਼ੇ ਦੀ ਦੁਕਾਨ ਤੋਂ ਸ੍ਰ. ਕੁਲਬੀਰ ਸਿੰਘ ਦਾ ਵਡਾ ਭਰਾ ਸ. ਜਗਦੀਸ਼ ਸਿੰਘ ਅਤੇ ਹਮਰਾਹੀ ਦੀ ਨਾਲ ਦੀ ਦੁਕਾਨ ਤੋਂ ਸ੍ਰ. ਬਖਸ਼ੀਸ਼ ਸਿੰਘ ਉਠਕੇ ਆ ਗਏ।

## ਇਕੋ ਵੇਲੇ ਤਿੰਨ ਲੰਗਰ

ਚੱਲਦੀ ਗੱਲੇ ਸ੍ਰ. ਕੁਲਬੀਰ ਸਿੰਘ ਨੇ ਇਕ ਘਟਨਾ ਸੁਣਾਈ: ਸਤਿਗੁਰੂ ਜਗਜੀਤ ਸਿੰਘ ਜੀ ਮਨਾਂ ਦੀਆਂ ਬੁਝਣ ਵਾਲੇ ਹਨ। ਦੋਹ ਕੁ ਸਾਲਾਂ ਦੀ ਗੱਲ ਹੈ ਕਿ ਸਤਿਗੁਰੂ ਜੀ ਦਾ ਲੰਗਰ ਸੰਤ ਸੇਵਾ ਸਿੰਘ ਜਥੇਦਾਰ ਵਲ ਸੀ। ਹਰ ਤਰ੍ਹਾਂ ਦੀਆਂ ਤਿਆਰੀਆਂ ਹੋ ਚੁਕੀਆਂ ਸਨ ਕਿ ਸਤਿਗੁਰੂ ਜੀ ਨੇ ਮੈਨੂੰ ਬੁਲਾਇਆ ਅਤੇ ਮੇਰੀ ਜੀਪ ਬਾਰੇ ਪੁਛਿਆ ਕਿ ਉਹ ਕਿਥੇ ਹੈ। ਮੈਂ ਜੀਪ ਲੈ ਆਇਆ। ਸਤਿਗੁਰੂ ਜੀ ਵਿਚ ਆ ਬੈਠੇ। ਏਨੇ ਨੂੰ ਜਥੇਦਾਰ ਸੇਵਾ ਸਿੰਘ ਆ ਪਹੁੰਚਾ: ਦੀਨ ਦਿਆਲ, ਲੰਗਰ ਤਿਆਰ ਹੈ, ਆਪ ਜੀ ਘਰ ਹੀ ਚੱਲੇ ਹੋ ਕਿ ਕਿਤੇ ਹੋਰ? ਸਤਿਗੁਰਾਂ ਬਚਨ ਕੀਤਾ: ਰਵਾਲਸਰ ਚੱਲਿਆ ਹਾਂ ਤੇਰੀ ਕੁੜਮਣੀ (ਮਸਤਾਨੀ ਸੇਵਾ ਕੌਰ) ਕੋਲ।

"ਸੱਚੇ ਪਾਤਸ਼ਾਹ, ਲੰਗਰ ਤਾਂ ਮੇਰੇ ਵਲ ਸੀ।"

"ਉਸਨੇ ਵੀ ਲੰਗਰ ਬਾਰੇ ਆਖਿਆ ਹੋਇਆ ਹੈ। ਤੂੰ ਹੀ ਦੱਸ, ਤੁਹਾਡੇ ਦੋਹਾਂ ਵਿਚੋਂ ਕਿਦ੍ਹ ਵਲ ਜਾਵਾਂ?"

"ਥੋੜ੍ਹਾ ਵਿਚਾਰ ਵਟਾਂਦਰਾ ਹੋ ਕੇ ਫੈਸਲਾ ਹੋਇਆ ਕਿ ਲੰਗਰ ਰਵਾਲਸਰ ਜਾਕੇ ਹੀ ਛਕਿਆ ਜਾਵੇ।

"ਮੈਂ ਤੇਜ਼ ਤੇਜ਼ ਜੀਪ ਚਲਾਂਦਾ ਰਵਾਲਸਰ, ਸਤਿਗੁਰਾਂ ਦੇ ਸਥਾਨ ਤੇ ਲੈ ਗਿਆ ਜਿਥੇ ਮਾਈ 'ਕੁੜਮਣੀ' ਲੰਗਰ ਕਰੀ ਬੈਠੀ ਸੀ। ਸਤਿਗੁਰੂ ਜੀ ਤੇਜ਼ੀ ਨਾਲ ਗੱਡੀਓਂ ਲੱਥੇ। ਸੇਵਕਾਂ ਕੱਪੜੇ ਸੰਭਾਲੇ ਅਤੇ ਆਪ ਥੱਲਿਓਂ ਬੋਲੀ ਵਿਚੋਂ ਇਸ਼ਨਾਨ ਕਰਕੇ ਆ ਗਏ। ਮਾਈ ਮਸਤਾਨੀ (ਸੇਵਾ ਕੌਰ) ਪਾਸ ਆਕੇ ਬਹਿੰਦਿਆਂ ਹੀ ਆਖਿਆ: ਲਿਆ ਬੀਬੀ, ਛੇਤੀ ਛੇਤੀ, ਜੋ ਤੂੰ ਤਿਆਰ ਕੀਤਾ ਹੋਇਆ ਹੈ। ਪਰਸ਼ਾਦ ਛਕਦਿਆਂ ਆਪ ਮੰਗ ਮੰਗ ਕੇ ਲੁੜੀਂਦੇ ਪਦਾਰਥ ਲੈਣ ਲਗੇ। 'ਖੀਰ ਵੀ ਲਿਆ, ਬਰਫ਼ੀ ਵੀ ਲਿਆ, ਅਹੁ ਵੀ ਲਿਆ, ਆਹ ਵੀ...' ਮਾਈ ਸੇਵਾ ਕੌਰ ਰਸ ਵਿਭੋਰ ਹੋਈ ਹਰ ਮੰਗੀ ਚੀਜ਼ ਖੁਆਈ ਗਈ। ਮਾਈ ਮਸਤਾਨੀ ਧੰਨ ਧੰਨ ਕਰਦੀ ਜਾ ਰਹੀ ਸੀ। ਪ੍ਰਸ਼ਾਦ ਛਕ ਕੇ ਸਤਿਗੁਰੂ ਜੀ ਜਲਦੀ ਹੀ ਉਠ ਕੇ ਆਰਾਮ ਕਮਰੇ ਵਿਚ ਪਹੁੰਚ ਗਏ।

ਅਜੇ ਥੋੜ੍ਹਾ ਚਿਰ ਹੀ ਬਿਸਤਰੇ ਤੇ ਲੇਟੇ ਹੋਣਗੇ ਕਿ ਸੇਵਕਾਂ ਜਾਂ ਹੋਰ ਸੱਜਣਾਂ (ਜੋ ਸਤਿਗੁਰੂ ਜੀ ਦੀ ਜੀਪ ਦੇ ਪਿਛੇ ਪਿਛੇ ਇਕ ਦੋ ਕਾਰਾਂ ਲੈ ਕੇ ਆ ਗਏ ਸਨ) ਨੂੰ ਪਤਾ ਲਗਣ ਬਿਨਾਂ ਹੇਠਾਂ ਉਤਰੇ ਅਤੇ ਫਿਰ ਇਸ਼ਨਾਨ ਕਰਕੇ ਮਾਈ ਪਾਸ ਆ ਪਹੁੰਚੇ: ਲਿਆ ਮਾਈ, ਅੱਜ ਤਾਂ ਭੁੱਖ ਬਹੁਤ ਹੈ। ਲਿਆ ਧਰ ਜੋ ਕੁਝ ਤੇਰੇ ਪਾਸ ਹੈ। ਅਤੇ ਇੰਜ ਹੀ ਫਿਰ ਤੀਜਾ ਇਸ਼ਨਾਨ ਅਤੇ "ਅੱਜ ਬਹੁਤ ਭੁਖ ਲਗੀ ਹੈ!" ਆਪ ਪ੍ਰਸ਼ਾਦ ਛਕਿਆ। ਮਾਈ ਮਸਤਾਨੀ ਦੀ ਸੁਧ ਬੁਧ ਗੁਆਚ ਰਹੀ ਸੀ: ਇਹਨੂੰ ਕਿਨ ਦੱਸ ਦਿਤਾ ਮੇਰੇ ਮਨ ਦਾ ਹਾਲ?



Sri Satguru Jagjit Singh Ji Elibrary NamdhariElibrary@gmail.com

"ਮਸਤਾਨੀ ਨੇ ਅਪਣੇ ਬੱਚਿਆਂ ਨੂੰ ਰਾਤ ਦਾ ਲੰਗਰ ਨਹੀਂ ਸੀ ਛਕਾਇਆ। ਕਹਿੰਦੀ ਸੀ : ਪੁੱਤਰ, ਪਹਿਲਾਂ ਸਤਿਗੁਰੂ ਜੀ ਆਉਣਗੇ, ਉਹ ਛਕਣਗੇ ਤਾਂ ਤੁਹਾਨੂੰ ਵੀ ਪ੍ਰਸ਼ਾਦ ਦਿਆਂਗੀ। ਜੇ ਨਾ ਆਏ ਤਾਂ ਸਾਰੇ ਹੀ ਭੁਖੇ ਰਹਾਂਗੇ।

"ਮਾਈ ਨੂੰ ਤਾਂ ਪ੍ਰੇਮ ਹੋਵੇਗਾ ਹੀ ਪਰ ਬੱਚਿਆਂ ਨੂੰ ਵੀ ਆਪਣੇ ਵਰਤ ਵਿਚ ਲਗਾ ਲੈਣਾ ਤਕੜੇ ਹੀਏ ਦਾ ਤੇ ਕਾਫ਼ੀ ਜ਼ਿਆਦਤੀ ਦਾ ਕੰਮ ਸੀ— ਪਰ ਮਾਈ ਤਾਂ ਮਸਤਾਨੀ ਸੀ!"

"ਸਤਿਗੁਰੂ ਜੀ ਨੇ ਤਿੰਨ ਵਾਰ ਲੰਗਰ ਛਕ ਕੇ ਮਾਈ ਨੂੰ ਆਖਿਆ : ਅਜਿਹੀਆਂ ਪ੍ਰਤਿਗਿਆਵਾਂ ਨਾ ਕਰਿਆ ਕਰੋ ਜਿਸ ਨਾਲ ਅਸੀਂ ਸਾਰੇ ਹੀ ਬਿਪਤਾ ਨੂੰ ਫੜੇ ਜਾਈਏ, ਤੇਰੇ ਬੱਚੇ ਵੀ ਭੁੱਖੇ, ਤੂੰ ਵੀ ਭੁੱਖੀ, ਤੇਰੇ ਕੁੜਮ ਵਲ ਤਿਆਰ ਹੋਇਆ ਪਿਆ ਲੰਗਰ ਬਿਰਥਾ, ਮੈਨੂੰ ਵੱਖ ਭਜਾਇਆ ਈ।"

ਅਤੇ ਕੁਲਬੀਰ ਸਿੰਘ ਨੇ ਭੋਗ ਪਾਇਆ : ਸਤਿਗੁਰੂ ਨਾਲ ਜਿਹੜਾ ਸੱਚੇ ਮਨ ਨਾਲ ਜੁੜ ਕੇ ਬੇਨਤੀ ਕਰੇ ਉਹਦੀ ਤਾਂ ਮੰਨੀ ਹੀ ਜਾਂਦੀ ਹੈ।

## ੧੧ ਮਈ ੧੯੭੮ ਵੀਰਵਾਰ
## ਭੁੰਤਰ (ਕੁਲੂ)

### ਭੁੰਤਰ ਦੇ ਨਾਮਧਾਰੀ

ਜ਼ਿਲਾ ਕੁਲੂ ਦਾ ਇਕ ਛੋਟਾ ਜਿਹਾ ਕਾਰੋਬਾਰੀ ਕਸਬਾ ਹੈ ਭੁੰਤਰ। ਹਰਿਆਲੀਆਂ ਪਹਾੜੀਆਂ ਨਾਲ ਘਿਰਿਆ ਹੋਇਆ। ਇਹ ਕਸਬਾ ਬਿਆਸ ਦਰਿਆ ਦੇ ਕਿਨਾਰੇ ਹੈ। ਏਥੇ ਪਾਰਬਤੀ ਨਦੀ ਆਪਣੇ ਘਸਮੈਲੇ ਪਾਣੀ ਨਾਲ ਬਿਆਸ ਵਿਚ ਵਿਲੀਨ ਹੁੰਦੀ ਹੈ। ਏਥੋਂ ਹੀ ਬਿਆਸ ਦੇ ਦੂਜੇ ਪਾਰ ਪਹਾੜੀਆਂ ਦੇ ਪੈਰਾਂ ਵਿਚ ਬਣੀ ਸੜਕ ਦੁਆਰਾ ਗਰਮ ਪਾਣੀ ਦੇ ਚਸ਼ਮੇ 'ਮਨੀ ਕਰਨ' ਤਕ ਜਾਈਦਾ ਹੈ। 'ਮਨੀਕਰਨ' ਏਥੋਂ ੩੬ ਕਿਲੋਮੀਟਰ ਦੂਰ ਹੈ। ਬਿਆਸ ਦੇ ਦੋਹੀਂ ਪਾਸੀਂ ਦੋ ਹੀ. ਇਸ ਕਸਬੇ ਦੇ ਵਡੇ ਬਾਜ਼ਾਰ ਹਨ। ਇਹਨਾਂ ਦੇ ਵਿਚਾਲਿਓਂ ਹੀ ਮੇਨ ਸੜਕਾਂ ਲੰਘਦੀਆਂ ਹਨ। ਚੜ੍ਹਦੇ ਪਾਸੇ ਵਾਲੇ ਬਾਜ਼ਾਰ ਦੀ ਸੜਕ ਮਨੀਕਰਨ ਨੂੰ ਜਾਂਦੀ ਹੈ, ਹੋਰ ਉਤਰ-ਪੂਰਬ ਨੂੰ ਲਹਿੰਦੇ ਕੰਢੇ ਵਾਲੇ ਬਾਜ਼ਾਰ ਦੀ ਸੜਕ ਮੰਡੀਓਂ ਆਉਂਦੀ ਕੁਲੂ ਨੂੰ ਅਤੇ ਅਗੇ ਮਨਾਲੀ ਨੂੰ ਜਾਂਦੀ ਹੈ। ਮੇਨ ਬਾਜ਼ਾਰ ਵੀ ਇਸ ਸੜਕ ਦੇ ਦੋਹੀਂ ਪਾਸੀਂ ਸਜੀਆਂ ਦੁਕਾਨਾਂ ਨੂੰ ਕਹਿੰਦੇ ਹਨ।

ਇਸ ਛੋਟੇ ਪਹਾੜੀ ਕਸਬੇ ਵਿਚ ਨਾਮਧਾਰੀ ਜੁਆਨਾਂ ਦੀਆਂ ਦੁਕਾਨਾਂ ਆਮ ਵੇਖਣ ਵਿਚ ਆਉਂਦੀਆਂ ਹਨ। ਹੇਠਾਂ, ਇਸ ਵੇਲੇ, ਮੇਰੀ ਜਾਣਕਾਰੀ ਵਿਚ ਆਏ ਨਾਮਧਾਰੀ ਪਰਵਾਰਾਂ ਦਾ ਵੇਰਵਾ ਦਿੰਦਾ ਹਾਂ ਤਾਕਿ ਯਾਦ-ਦਾਸ਼ਤ ਦਾ ਅੰਗ ਬਣੇ ਰਹਿਣ : (ਬਰੈਕਟ ਵਿਚਲੇ ਅੰਕ ਉਮਰ ਦੇ ਸਾਲ ਹਨ)

੧. ਸ੍ਰ. ਕੇਹਰ ਸਿੰਘ ਹਮਰਾਹੀ (੩੪) ਸਪੁਤਰ ਸ੍ਰ. ਕਰਨੈਲ ਸਿੰਘ ਸੰਤ ਨਗਰ (ਸਰਸਾ) ਬੀਬੀ ਕੁਲਵੰਤ ਕੌਰ (੨੫) ਸਪੁਤਰੀ ਪ੍ਰੀਤਮ ਸਿੰਘ ਦੇ ਬੱਚੀਆਂ : ਜਸਵੀਰ ਉਪਨਾਮ 'ਟਾਸ਼ਾ' (੬) ਅਤੇ ਸ਼ਬਨਮ (੨)

੨. ਸ੍ਰ. ਜਗਦੀਸ਼ ਸਿੰਘ (੩੫) ਸਪੁਤ੍ਰ ਸ੍ਰ. ਭਜਨੀਕ ਸਿੰਘ ਮੰਡੀ ਸ੍ਰ. ਕੁਲਬੀਰ ਸਿੰਘ (੩੦)
ਜਗਦੀਸ਼ ਸਿੰਘ ਦੇ ਬੱਚੇ ਤੇਜਿੰਦਰ ਕੌਰ (੮)
ਲਖਬੀਰ ਕੌਰ (੩)

ਕੁਲਬੀਰ ਸਿੰਘ ਦੇ ਬਲਬੀਰ ਸਿੰਘ (੮),
ਸੁਖਬੀਰ ਸਿੰਘ (੫), ਕਿਰਨਦੀਪ (੩)
ਕੰਮ : ਸੋਨਾ ਚਾਂਦੀ ਖਰੀਦਣਾ ਵੇਚਣਾ ਅਤੇ ਗਹਿਣਿਆਂ ਦੀ ਤਿਆਰੀ

੩. ਸ੍ਰ. ਅਮੋਲਕ ਸਿੰਘ ਸਪੁਤਰ ਸ੍ਰ. ਤਾਰਾ ਸਿੰਘ ਮੰਡੀ ਰੇਡੀਓ ਤੇ ਘੜੀਆਂ ਦੀ ਦੁਕਾਨਾਂ

੪. ਸ੍ਰ. ਗੋਪਾਲ ਸਿੰਘ (੨੯) ਸਪੁਤਰ ਸ. ਤਾਰਾ ਸਿੰਘ ਮੰਡੀ ਸੁਪਤਨੀ—ਬੀਬੀ ਹਰਭਜਨ ਕੌਰ (੨੬) ਬੱਚੇ : ਰਣਦੀਪ ਸਿੰਘ (੪) ਅਵਨੀਤ ਸਿੰਘ (੧)
ਕੰਮ : ਰੇਡੀਓ ਅਤੇ ਘੜੀਆਂ ਦੀ ਦੁਕਾਨ

੫. ਸ੍ਰ. ਜਸਪਾਲ ਸਿੰਘ (੩੮) ਸਪੁਤਰ ਸ੍ਰ. ਕਰਤਾਰ ਸਿੰਘ ਸੁਪਤਨੀ—ਬੀਬੀ ਗੁਰਦੀਪ ਕੌਰ (੩੪)
ਬੱਚੇ : ਧਰਮਜੀਤ ਸਿੰਘ (੧੪) ਤੇਜਿੰਦਰ ਕੌਰ (੧੨) ਸੁਖਦੇਵ ਸਿੰਘ (੧੦)
ਕੰਮ : ਬਜਾਜ਼ੀ ਦੀ ਦੁਕਾਨ

੬. ਸ੍ਰ. ਗੁਰਬਚਨ ਸਿੰਘ
ਕੰਮ : ਕਪੜੇ ਦੀ ਦੁਕਾਨ

੭. ਸ੍ਰ. ਸਵਰਨ ਸਿੰਘ ਕੁਮਾਰ (੩੨) ਸਪੁਤਰ ਸ੍ਰ. ਵਜ਼ੀਰ ਸਿੰਘ ਸੁਪਤਨੀ—ਬੀਬੀ ਨਰਿੰਦਰ ਕੌਰ (੩੦) ਬੱਚੇ : ਵੀਣੂੰ (ਲੜਕੀ ੫ ਮਹੀਨੇ)
ਕੰਮ : ਕੁਮਾਰ ਸਟੂਡੀਓ, ਫੋਟੋਗ੍ਰਾਫ਼ੀ ਦੀ ਦੁਕਾਨ



Sri Satguru Jagjit Singh Ji Elibrary NamdhariElibrary@gmail.com

੮. ਸ੍ਰ. ਦਲਜੀਤ ਸਿੰਘ ਸਪੁਤਰ ਸੰਤ ਗੁਰਮੁਖ ਸਿੰਘ
ਸੁਪਤਨੀ ਬੀਬੀ ਜੁਗਿੰਦਰ ਪਾਲ ਕੌਰ
ਬਚੇ : ਦੋ ਲੜਕੇ ਦੋ ਲੜਕੀਆਂ
ਕੰਮ : ਦੋਵੇਂ ਪਿਤਾ ਪੁਤਰ ਕਢਾਈ ਦਾ ਕੰਮ ਕਰਦੇ ਹਨ ।

੯. ਸ੍ਰ. ਅਵਨਿੰਦਰ ਸਿੰਘ ਸਪੁਤਰ ਸ੍ਰ. ਹਜ਼ੂਰ ਸਿੰਘ
ਕੁਆਰਾ । ਕੰਮ : ਰੇਡੀਓ ਰਿਪੇਅਰਿੰਗ

੧੦. ਸ੍ਰ. ਸੁਰਜੀਤ ਸਿੰਘ ਸਪੁਤਰ ਸੰਤ ਸ਼ੇਰ ਸਿੰਘ
ਸੁਪਤਨੀ ਸੁਰਗਵਾਸ
ਬੱਚੇ : ਪ੍ਰਤਮਾ ਸਿੰਘ (੨੨) ਤਰਸੇਮ (੧੪)
ਕੰਮ : ਲਾਂਡਰੀ ਦੀ ਦੁਕਾਨ

੧੧. ਸ੍ਰ. ਗੁਰਦਿਆਲ ਸਿੰਘ (੫੦) ਸ਼ਮਸੀ
ਸੁਪਤਨੀ—ਬੀਬੀ ਜੁਗਿੰਦਰ ਕੌਰ (੪੫)
ਬੱਚੇ : ਸੁਰਿੰਦਰ ਕੌਰ (੨੮), ਗੁਰਦਰਸ਼ਨ ਸਿੰਘ (੨੪) ਨਰਿੰਦਰ ਕੌਰ (੨੦) ਗੁਰਜੀਤ ਕੌਰ (ਸਾਢੇ ੧੭) ਪਰਵਿੰਦਰ (੧੪) ਮਨਵਿੰਦਰ (੧੧)
ਕੰਮ : ਕੁਲੂ ਵਿਚ ਮੁਨਿਆਰੀ ਦੀ ਦੁਕਾਨ

੧੨. ਸ੍ਰ. ਬਖਸ਼ੀਸ ਸਿੰਘ ਸਪੁਤਰ ਸ੍ਰ. ਅਮਰ ਸਿੰਘ
ਬਸੀ ਪਠਾਣਾਂ ਬੀਬੀ ਜਗਦੀਸ਼ ਕੌਰ
ਬੱਚੇ : ਦੇਵਿੰਦਰ ਕੌਰ (੮) ਹਰਪਾਲ ਸਿੰਘ (੬) ਕਿਰਪਾਲ ਕੌਰ (੪) ਗੁਰਮੁਖ ਸਿੰਘ (੩)
ਕੰਮ : ਘੜੀਆਂ ਦੀ ਰਿਪੇਅਰ ਅਤੇ ਵਿਕਰੀ ਦੀ ਦੁਕਾਨ ।

੧੩. ਸ੍ਰ: ਕੁਲਦੀਪ ਸਿੰਘ (੩੯) ਸਾਕਾਬਾਈ
ਸੁਪਤਨੀ—ਬੀਬੀ ਹਰਜਿੰਦਰ ਕੌਰ (੩੮)
ਨੌਕਰੀ : ਹਿਮਾਂਚਲ ਹਾਈਡੋਰ ਪ੍ਰਾਜੈਕਟ
ਬੱਚੇ : ਰਣਦੀਪ ਕੌਰ (੧੪) ਹਰਪ੍ਰੀਤ ਕੌਰ (੧੧) ਮਨਮੋਹਨ ਸਿੰਘ (੭)

੧੪. ਸੰਤ ਅਜੀਤ ਸਿੰਘ ਹੁਰਾਂ ਦੀ ਵਿਧਵਾ ਬੀਬੀ
ਕੁਲਦੀਪ ਕੌਰ (੩੭)
ਬਚੇ : ਜਸਵੰਤ ਕੌਰ (੧੬) ਅਵਨਿੰਦਰ ਕੌਰ (੧੪) ਧਰਮਿੰਦਰ ਸਿੰਘ (੧੨) ਜੁਗਿੰਦਰ ਸਿੰਘ (੧੦) ਪਰਵਿੰਦਰ ਸਿੰਘ (੭)

ਅਜ ਰਾਤੀਂ ਸ. ਕੁਲਬੀਰ ਸਿੰਘ ਨੇ ਆਕੇ ਦਸਿਆ ਕਿ ਸਤਿਗੁਰੂ ਜੀ ਰਾਤ ਦੇ ਮੰਡੀ ਆ ਗਏ ਹਨ । ਸਵੇਰੇ ਭੁੰਤਰ ਦਰਸ਼ਨ ਦੇਣਗੇ । ਇਸ ਬਾਰੇ ਅਮੋਲਕ ਸਿੰਘ ਵੱਲੋ ਚਿਠੀ ਆਈ ਹੈ । ਸੁਭਾਵਕ ਸੀ ਨਾਮਧਾਰੀ ਇਹ ਸੁਣਦਿਆਂ ਸਾਰ ਪ੍ਰਸੰਨ ਚਿਤ ਹੋ ਜਾਂਦੇ ।

### ਕੁਲੂ ਵਿਚ ਵਸਦੇ ਨਾਮਧਾਰੀ

(੧) ਸ੍ਰ. ਪਵਿਤਰ ਸਿੰਘ (੨੮) ਸਪੁਤਰ ਸੰਤ ਮੰਗਲ ਸਿੰਘ ਖ਼ੁਦਾਗੰਜ (ਪਟਨਾ) ਬੀਬੀ ਸੁਰਿੰਦਰ ਕੌਰ (੨੮)
ਕੰਮ : ਸੁਨਿਆਰਗੀ
ਵਾਸ : ਲੋਅਰ ਢਾਲਪੁਰ, ਕੁਲੂ ।

(੨) ਡਾ: ਅਵਨਿੰਦਰ ਸਿੰਘ ਸਪੁਤਰ ਜੈਮਲ ਸਿੰਘ, ਮੰਡੀ ਬੀਬੀ ਮਨਜੀਤ ਕੌਰ
ਕੰਮ : ਡਾਕਟਰੀ
ਬੱਚੇ : ਜਕਦੀਪ ਸਿੰਘ (੧੦) ਸੰਦੀਪ (੮)

(੩) ਸੰਤ ਗੁਰਬਚਨ ਸਿੰਘ
ਕੰਮ ਹਲਵਾਈ ।

### ੧੨ ਮਈ ੧੯੭੮ ਸ਼ੁਕਰਵਾਰ
### ਭੁੰਤਰ (ਕੁਲੂ) ਹਿ: ਪ੍ਰ:

### ਉਡੀਕਾਂ

ਸਵੇਰੇ ੮.੩੦ ਵਜੇ ਦੇ ਕਰੀਬ, ਭੁੰਤਰ ਦੇ ਸ੍ਰ. ਅਜੀਤ ਸਿੰਘ ਤੇਜਾ ਸਿੰਘ ਹੁਰਾਂ ਦਾ ਛੋਟਾ ਭਾਈ ਸ. ਇੰਦਰ ਸਿੰਘ ਮੰਡੀਓਂ ਆਇਆ । ਸੜਕ ਤੇ ਮਿਲਿਆ । ਕਹਿਣ ਲਗਾ : ਸਤਿਗੁਰੂ ਜੀ ਮਨਾਲੀ ਜਾ ਰਹੇ ਹਨ । ੯ ਵਜੇ ਮੰਡੀਓਂ ਚਲਣਗੇ ਬੈਰੀਅਰ ਤੇ ਰੋਕ ਨ ਪਈ ਤਾਂ ੧੨ ਵਜੇ ਤਕ ਏਥੇ (ਭੁੰਤਰ) ਪਹੁੰਚ ਜਾਣਗੇ । ਨਹੀਂ ਤਾਂ ਕੁਛ ਲੇਟ ਅਪੜਨਗੇ ।

ਮੈਂ ਪੁਛਿਆ : ਗੱਲ ਪੱਕੀ ਹੈ ?
' ਪੱਕੀ !"

ਤੇ ਇਹ ਖ਼ਬਰ ਮਿੰਟਾਂ ਵਿਚ ਨਾਮਧਾਰੀਆਂ ਦੇ ਘਰਾਂ ਵਿਚ ਜਾ ਪਹੁੰਚੀ । ਸਭਨੇ ਸਫੇਦ ਬਸਤਰ ਪਹਿਨ ਲਏ । ਉਡੀਕਾਂ ਹੋਣ ਲਗੀਆਂ । ਮੈਂ ਤਾਂ ਅਪਣਾ ਸੂਟਕੇਸ ਤਿਆਰ ਕਰ ਲਿਆ ਤਾਕਿ ਨਾਲ ਹੀ ਮਨਾਲੀ ਚਲਾ ਜਾਵਾਂ । ਬਾਰਾਂ ਵਜ ਗਏ ਨਾ ਆਏ ਸਤਿਗੁਰੂ ਜੀ ।

ਅੱਜ ਮਾਤਾ ਭੇਖਲੀ ਉਤੇ ਯੱਗ ਹੋਣ ਕਾਰਨ ਸ਼ਹਿਰ ਦੀਆਂ ਦੁਕਾਨਾਂ ਬੰਦ ਸਨ । ਨਾਮਧਾਰੀ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਸਮੇਤ ਬੱਚਿਆਂ ਦੇ ਸ੍ਰੀ ਸਤਿਗੁਰੂ ਜੀ ਦੀ



Sri Satguru Jagjit Singh Ji Elibrary NamdhariElibrary@gmail.com

ਇੰਤਜ਼ਾਰ ਵਿਚ ਸਨ। ਮੇਰੀ ਤਾਵਲੀ ਦਾ ਇਹ ਹਾਲ ਸੀ ਕਿ ਭੁੰਤਰੋਂ ਮੰਡੀ ਵਾਲੇ ਪਾਸੇ ਦੀ ਸੜਕ ਤੇ ਪੈਦਲ ਹੀ ਤੁਰ ਪੈਣ ਲਗਾ। ਹਮਰਾਹੀ ਦੇ ਰੋਕਦਿਆਂ ਵੀ ਸਤਿਗੁਰੂ ਜੀ ਦੇ ਆਕਰਖਣ ਨੇ ਦੁਪਹਿਰੇ ਤੋਰ ਲਿਆ। ਹਮਰਾਹੀ ਨੇ ਕਿਹਾ : ਟੈਲੀਫੋਨ ਤਾਂ ਕਰ ਲਈਏ, ਤੁਰੇ ਵੀ ਹਨ ਕਿ ਨਹੀਂ!

ਗੱਲ ਦਿਲ ਲਗੀ। ਆਕੇ ਮੰਡੀ ਦੀ ਸਤਿਗੁਰੂ ਜੀ ਵਾਲੀ ਕੋਠੀ ਦਾ ਫੋਨ ਨੰ: ੨੫੨ ਨੰਬਰ ਤੇ ਕੀਤਾ। ਸਤਿਗੁਰੂ ਜੀ ਦੇ ਨਿਜੀ ਸਕਤਰ ਸੰਤ ਤਰਸੇਮ ਸਿੰਘ ਨੇ ਰੀਸੀਵਰ ਉਠਾਇਆ।

"ਸਤਿਗੁਰੂ ਜੀ ਕਿਥੇ ਹਨ?"

"ਬਿਰਾਜੇ ਹੋਏ ਹਨ!"

"ਹੱਦ ਹੋ ਗਈ! ਭੁੰਤਰ ਤਾਂ ਦਰਸ਼ਨਾਂ ਦੀ ਉਡੀਕ ਵਿਚ ਹੈ ਸਵੇਰ ਦਾ!"

"ਉਡੀਕ ਸਫਲ ਹੋਵੇਗੀ ਪਰ ੧੪ ਮਈ ਨੂੰ ਮਨਾਲੀ ਵਲ ਜਾਂਦੇ ਹੋਏ ਦਰਸ਼ਨ ਦੇਣਗੇ। ਅਸਾਂ ਕਿਸੇ ਨੂੰ ਨਹੀਂ ਆਖਿਆ ਕਿ ਅਜ ਭੁੰਤਰ ਜਾਂ ਮਨਾਲੀ ਜਾ ਰਹੇ ਹਾਂ।"

ਅਤੇ ਅਸਾਂ ਹੌਲੀ ਹੌਲੀ ਤੇ ਘਰ ਘਰ ਸੁਨੇਹਾ ਭੇਜਿਆ ਕਿ ਉਡੀਕਾਂ ੧੪ ਮਈ ਲਈ ਅਗੇ ਪਾ ਦਿਓ।

### ਪੱਗ ਤੋਂ ਪੁਤਰ

ਰਾਤੀਂ, ਹਮਰਾਹੀ ਦੇ ਨਿਵਾਸ ਦੇ ਨਜ਼ਦੀਕ ਹੀ, ਮੈਂ ਅਤੇ ਹਮਰਾਹੀ ਸੰਤ ਗੁਰਮੁਖ ਸਿੰਘ-ਦਲਜੀਤ ਸਿੰਘ ਕੇ ਘਰ ਗਏ। ਦਲਜੀਤ ਸਿੰਘ ਤਾਂ ਲੁਧਿਆਣੇ ਕਿਸੇ ਕੰਮ ਗਿਆ ਸੀ ਪਰ ਨੂੰਹ ਜੁਗਿੰਦਰ ਪਾਲ ਸਹੁਰਾ ਸੰਤ ਗੁਰਮੁਖ ਸਿੰਘ ੯ ਵਜੇ ਰਾਤੀਂ ਵੀ ਕਪੜੇ ਸਿਉਂ-ਸਵਾ ਰਹੇ ਸਨ। ਸਤਿ-ਗੁਰੂ ਜੀ ਦੀ ਉਡੀਕ ਤੋਂ ਗੱਲ ਤੁਰਦੀ ਉਹਨਾਂ ਦੀ ਘਰੋਗੀ ਸਮੱਸਿਆ ਤੇ ਪਹੁੰਚ ਗਈ।

ਗੁਰਮੁਖ ਸਿੰਘ ਜੀ (੬੦) ਨੇ ਕਿਹਾ : ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਾਡੀ ਭੈਣ ਕਿਰਪਾਲ ਕੌਰ, ਸੰਤ ਭੂਰੀ ਵਾਲਿਆਂ ਦੇ ਕਹਿਣ ਤੇ ਲੁਧਿਆਣੇ ਸ੍ਰੀ ਹਰਨਾਮ ਸਿੰਘ ਵਲ ਵਿਆਹ ਦਿਤੀ। ਇਹ ਖੁਲ੍ਹਾ ਪਰਵਾਰ ਸੀ। ਮਾਸ ਖ਼ੂਬ ਖਾਣ ਤੇ ਸ਼ਰਾਬ ਨਾਲ ਰੱਜਣ। ਰੱਜ ਪੁੱਜ ਕੇ ਸਾਡੀ ਭੈਣ ਦੀ ਸ਼ਮਾਤ ਲਿਆਉਣ। ਭੈਣ ਨੂੰ ਸਾਧ ਸੰਗਤ ਤੇ ਸਤਿਗੁਰੂ ਜੀ ਦੇ ਦਰਸ਼ਨ ਨਾ ਕਰਨ ਦੇਣ, ਸੌ ਸੌ ਗੱਲਾਂ ਕਰਨ : ਜੇ ਕਦੇ ਚੋਰੀ ਛੱਪੀ ਚਲੀ ਜਾਵੇ ਤਾਂ ਆਕੇ ਖੂਬ ਮਾਰ ਖਾਵੇ। ਅਸੀਂ ਪੁੱਜ ਕੇ ਦੁਖੀ ਹੋਏ। ਪਰ ਸਾਡੀ ਭੈਣ ਨੇ ਹੌਸਲਾ ਨਾ ਛਡਿਆ। ਘਰ ਸੰਤਾਨ ਨਹੀਂ ਸੀ ਹੁੰਦੀ। ਹਰਨਾਮ ਸਿੰਘ ਹੁਰਾਂ ਬਥੇਰੇ ਡੇਰਿਆਂ, ਪੀਰਾਂ ਫ਼ਕੀਰਾਂ ਦੇ ਭੱਜ ਨੱਠ ਕੀਤੀ ਪਰ ਗੱਲ ਨਾ ਬਣੀ।

"ਅੰਤ ਇਕ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਜਾ ਚਰਨੀਂ ਲਗੇ। ਭੈਣੀ ਸਾਹਿਬ ਗਏ। ਇਕ ਵਾਰ। ਦੋ ਵਾਰ। ਤਿੰਨ ਵਾਰ। ਸਤਿਗੁਰੂ ਜੀ ਨੂੰ ਨਮਸਕਾਰ ਕਰਨ ਅਤੇ ਅਰਜ਼ ਵੀ ਕਰ ਦੇਣ। ਸਤਿਗੁਰੂ ਜੀ ਵੀ ਮਾਲਾ ਫੇਰ ਕੇ ਅਰਦਾਸ ਕਰਨ ਲਈ ਆਖ ਦੇਣ।

"ਇਕ ਦਿਨ ਸਾਡੀ ਭੈਣ ਕਿਰਪਾਲ ਕੌਰ ਨੂੰ ਡਿਡੋਲਿਕੀ ਜਿਹੀ ਵੇਖ ਸਤਿਗੁਰਾਂ ਬਚਨ ਕੀਤਾ : ਇਹ ਨੂੰ (ਪਰਾਹੁਣੇ ਤੂੰ ਜੋ ਕੋਲ ਹੀ ਖਲਾ ਸੀ) ਕਹੁ ਪੱਗ ਸਿੱਧੀ ਕਰ ਲਵੇ ਅਤੇ ਮਨ ਵੀ ਸਿੱਧਾ ਕਰੇ। ਬੱਚੇ ਤਾਂ ਗੁਰੂ ਘਰ ਆਇਆਂ ਮਿਲਣੇ ਔਖੀ ਗੱਲ ਨਹੀਂ।

"ਗਰਜ਼ ਬੰਦੇ ਨੂੰ ਹਰ ਗੱਲ ਮਨਾ ਲੈਂਦੀ ਹੈ। ਹਰਨਾਮ ਸਿੰਘ ਨੇ ਪੱਗ ਸਿੱਧੀ ਕਰ ਲਈ। ਮਨ ਵੀ ਸਿੱਧਾ ਕਰ ਲਿਆ ਹੋਵੇਗਾ। ਬਿਨਾ ਕਿਸੇ ਦਵਾਈਓਂ ਅਠਰਾਹ ਦੀ ਬਿਮਾਰੀ ਦੂਰ ਹੋ ਗਈ। ਸਿੰਘ ਸਜੇ ਹਰਨਾਮ ਸਿੰਘ ਨੂੰ ਉਸੇ ਸਾਲ ਪੁਤਰ ਰਤਨ ਪ੍ਰਾਪਤ ਹੋ ਗਿਆ। ਤਦ ਤੋਂ ਸਾਡੀ ਭੈਣ ਦੀ ਦੁਬਿਧਾ ਵੀ ਮੁਕ ਗਈ ਤੇ ਘਰ ਵਿਚ ਸੁਖ ਸੁਆਦ ਦੀ ਬਹਾਰ ਆ ਗਈ।

ਅਤੇ ਸੰਤ ਗੁਰਮੁਖ ਸਿੰਘ ਨੇ ਸਰੋਤਿਆਂ ਨੂੰ ਯੋਗ ਸਮਝ ਆਪਣੀ ਭੈਣ ਦੇ ਸਿਦਕ ਦੀ ਕਰਾਮਾਤ ਵੀ ਸੁਣਾ ਦਿਤੀ।

## ੧੩ ਮਈ ੧੯੭੮ ਸ਼ਨੀਚਰਵਾਰ

## ਭੁੰਤਰ (ਕੁਲੂ)

ਮੈਂ ਅਤੇ ਮੇਰੀ ਪੁਤਰੀ ਕੁਲਵੰਤ ਸਾੜ੍ਹਾਬਾਈ ਤੋਂ ਮਿੱਤਰਜਨਾਂ ਨੂੰ ਮਿਲ ਕੇ ਆ ਰਹੇ ਸਾਂ ਕਿ ਸ: ਜਗਦੀਸ਼ ਸਿੰਘ ਸਰਾਫ਼ ਨੇ ਇਤਲਾਹ ਦਿਤੀ : ਸਤਿਗੁਰੂ ਜੀ ਕਲ੍ਹ ਸਵੇਰੇ ੯ ਵਜੇ ਆ ਰਹੇ ਹਨ। ਲੰਗਰ ਸਾਡੇ ਘਰ ਛਕਣ ਦੀ ਕਿਰਪਾ ਕਰਨਗੇ। ਅੱਜ ਹੀ ਫੋਨ ਆਇਆ ਸੀ ੫.੩੦ ਵਜੇ। ਕੱਲ ਦੋ ਵਜੇ ਦੇ ਸਤਿਗੁਰੂ ਜੀ ਮੰਡੀ ਆਏ ਹੋਏ ਹਨ। ਮੈਂ ਦਰਸ਼ਨ ਕੀਤਾ ਤਾਂ ਸਤਿਗੁਰੂ ਜੀ ਨੇ ਦਸਿਆ ਕਿ ਉਹ ਸਵੇਰੇ ਮਨਾਲੀ ਜਾ ਰਹੇ ਹਨ। ਮੈਂ ਘਰ ਚਰਨ ਪਾਉਣ ਤੇ ਲੰਗਰ ਕਰਨ ਦੀ ਬੇਨਤੀ ਕੀਤੀ। ਜੋ ਇਸ ਗੱਲ ਨਾਲ ਪਰਵਾਨ ਹੁੰਦੀ ਕਿ ਮੁੜਦੇ ਵੇਲੇ ਭੋਜਨ ਕਰਕੇ ਜਾਵਾਂਗੇ।



ਫੁਰਿਆਮ

Sri Satguru Jagjit Singh Ji Elibrary NamdhariElibrary@gmail.com

ਸਾਰੇ ਨਾਮਧਾਰੀਆਂ ਵਿਚ ਇਹ ਖ਼ਬਰ ਵੀ ਬੇਤਾਰ ਬਰਕੀ ਵਾਂਗ ਚਲੀ ਗਈ। ਹਰ ਕੋਈ ਅਗਲਾ ਦਿਨ ਬੜੀ ਚਾਅ ਨਾਲ ਉਡੀਕ ਰਿਹਾ ਸੀ।

ਜਗਦੀਸ਼ ਸਿੰਘ ਹੁਰਾਂ ਦੱਸਿਆ ਕਿ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰ ਦਿਤੀ ਗਈ ਸੀ ਕਿ ਭੂੰਤਰ ਵਿਚ ਨਾਮਧਾਰੀਆਂ ਵਿਚੋਂ ਸੋਧੀ ਸਿੰਘ ਨਹੀਂ ਮਿਲ ਸਕਣਾ, ਲਾਂਗਰੀਆਂ ਦਾ ਪ੍ਰਬੰਧ ਮੰਡੀਓਂ ਹੀ ਕਰਨਾ ਪਏਗਾ। ਸਤਿਗੁਰੂ ਜੀ ਨੇ ਫ਼ਰਮਾ ਦਿਤਾ ਸੀ ਕਿ ਸਵੇਰੇ ਹੀ ਸੋਧੀ ਸਿੰਘ ਭੂੰਤਰ ਪੁੱਜ ਜਾਣਗੇ।

## ੧੪ ਮਈ ੧੯੭੮ ਐਤਵਾਰ
## ਭੂੰਤਰ (ਕੁਲੂ)

### ਭੂੰਤਰ ਵਿਚ ਮੇਲਾ

ਸਵੇਰੇ ੮ ਵਜੇ ਮੈਂ ਸ: ਜਗਦੀਸ਼ ਸਿੰਘ ਹੁਰਾਂ ਦੇ ਘਰ ਵਲ ਨਿਕਲਿਆ ਤਾਂ ਵੇਖਿਆ ਦੋ ਗੱਡੀਆਂ ਉਹਨਾਂ ਦੀ ਰਿਹਾਇਸ਼ਗਾਹ ਦੇ ਵਿਹੜੇ ਵਿਚ ਖਲੋਤੀਆਂ ਹੋਈਆਂ ਸਨ। ਜਾਕੇ ਪਤਾ ਕੀਤਾ। ਲੰਗਰ ਦਾ ਪ੍ਰਬੰਧ ਕਰਨ ਲਈ ਜਥੇਦਾਰ ਸੇਵਾ ਸਿੰਘ, ਉਹਨਾਂ ਦੀ ਪਤਨੀ ਬੀਬੀ ਜਸਬੀਰ ਕੌਰ, ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ ਦੀ ਪਤਨੀ ਪ੍ਰੀਤਮ ਕੌਰ, ਸੰਤ ਕਸ਼ਮੀਰ ਸਿੰਘ ਜੀਵਨ ਨਗਰੀਏ ਦੀ ਲੜਕੀ, ਉਸਤਾਦ ਨੱਥਾ ਸਿੰਘ ਦੀ ਪੁੱਤਰੀ ਗੁਰਦੇਵ ਅਤੇ ਇਕ ਦੋ ਹੋਰ ਸੱਜਣ ਆਏ ਹੋਏ ਸਨ। ਕਾਰਾਂ ਵਿਚ ਸਾਮਾਨ ਅਤੇ ਬਿਸਤਰੇ ਵਗੈਰਾ ਵੀ ਸਨ।

੮.੩੦ ਵਜੇ ਤਕ ਸ੍ਰੀ ਮਾਤਾ ਚੰਦ ਕੌਰ ਜੀ ਦੀ ਕਾਰ ਵੀ ਆ ਪਹੁੰਚੀ, ਪੀ.ਯੂ.ਆਈ. ੧੨. ਪੀਜੋ। ਡਰਾਈਵਰ ਸੰਤ ਰਘੁਬੀਰ ਸਿੰਘ ਗੱਡੀ ਵਿਚੋਂ ਉੱਤਰੇ ਸੰਤ ਕਿਰਪਾਲ ਸਿੰਘ ਝੱਬਰ, ਸਤਿਗੁਰੂ ਜੀ ਦਾ ਸਕੱਤਰ ਸੰਤ ਤਰਸੇਮ ਸਿੰਘ, ਬੀਬੀ ਬਲਜੀਤ ਕੌਰ, ਸੰਤ ਬਲਦੇਵ ਸਿੰਘ ਅਤੇ ਸ੍ਰੀ ਅਮਰਜੀਤ ਸਿੰਘ। ਸ: ਜਗਦੀਸ਼ ਸਿੰਘ ਦੇ ਘਰ ਜੁੜੇ ਭੂੰਤਰ ਦੇ ਨਾਮਧਾਰੀ ਪਰਵਾਰਾਂ ਮਾਤਾ ਜੀ ਦਾ ਸੁਆਗਤ ਕੀਤਾ।

੧੨ ਵਜਦੇ ਨੂੰ ਇਕ ਹੋਰ ਕਾਰ ਆ ਪਹੁੰਚੀ ਇਸਨੂੰ ਡਰਾਈਵ ਕਰਕੇ ਸੰਤ ਗੁਰਚਰਨ ਸਿੰਘ ਦਿੱਲੀ ਲਿਆਇਆ ਸੀ। ਇਸ ਵਿਚੋਂ ਨਿਕਲੇ, ਸੇਠ ਕਿਰਪਾਲ ਸਿੰਘ ਡਾਲਟਨ ਗੰਜ, ਸ: ਸੇਵਾ ਸਿੰਘ ਨਾਮਧਾਰੀ ਏਜੰਸੀਜ਼, ਸੂਬਾ ਜੈਮਲ ਸਿੰਘ ਜੀ ਮੰਡੀ, ਸੰਤ ਭਜਨੀਕ ਸਿੰਘ ਜੀ ਮੰਡੀ, ਸੇਠ ਮਹਿੰਦਰ ਸਿੰਘ ਡਾਲਟਨ ਗੰਜ।

ਸ੍ਰੀ ਸਤਿਗੁਰੂ ਜੀ ਬਾਰੇ ਪਤਾ ਲਗਾ ਕਿ ਆਪ ਗੁਰਮੁਖ ਸਿੰਘ ਦੁਆਰਾ ਚਲਾਈ ਜਾ ਰਹੀ ਕਾਰ ਵਿਚ ਸੇਠ ਤ੍ਰਿਲੋਕ ਸਿੰਘ, ਮਹਿੰਦਰ ਸਿੰਘ ਪੂਰਬਾ ਤੇ ਸ: ਹਰਵਿੰਦਰ ਸਿੰਘ ਨਾਲ ਬਨਜਾਰ ਹੋ ਕੇ ਆਉਣਗੇ। ਬਨਜਾਰ ਦਾ ਸ੍ਰ: ਮਹਿੰਦਰ ਸਿੰਘ ਰੇਂਜਰ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਤਲਬਗਾਰ ਸੀ। ਸਤਿਗੁਰੂ ਜੀ ਆਪਣੇ ਪਿਆਰਿਆਂ ਨੂੰ ਬਨਜਾਰ ਦਾ ਮੇਲਾ ਵੀ ਵਖਾ ਸਕਦੇ ਸਨ।

### ਸੰਗੀਤ ਵਿਦਿਆਲਾ

ਸੂਬਾ ਜੈਮਲ ਸਿੰਘ ਜੀ ਨੇ ਮੈਨੂੰ ਦਸਿਆ: ਪਰਸੋਂ (੧੨.੫.੭੮) ਨਾਮਧਾਰੀ ਧਰਮਸਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੀ ਅਸ਼ੀਰਵਾਦ ਅਤੇ ਹਜ਼ੂਰੀ ਵਿਚ ਇਕ ਸੰਗੀਤ ਵਿਦਿਆਲਾ ਦੀ ਸਥਾਪਨਾ ਹੋਈ ਹੈ। ਪੰਦਰਾਂ ਬੱਚੇ ਸੰਗੀਤ ਸਿਖਿਆ ਲਈ ਮੌਕੇ ਉਤੇ ਹੀ ਆ ਹਾਜ਼ਰ ਹੋਏ। ਉਸਤਾਦ, ਸ੍ਰ: ਮਹਿੰਦਰ ਸਿੰਘ ਅਮ੍ਰਿਤਸਰੀ ਮੁਕਰਰ ਕੀਤੇ ਗਏ ਹਨ। ਇਹ ਹਰ ਮਹੀਨੇ ੨ ਤੋਂ ੧੦ ਤਾਰੀਖ ਤਕ ਮੰਡੀ ਆਕੇ ਰਿਹਾ ਕਰਨਗੇ ਅਤੇ ਸੰਗੀਤ ਸਿਖਿਆ ਦਿਆ ਕਰਨਗੇ।

### ਨਾਮਧਾਰੀ ਸਕੂਲ

ਸੂਬਾ ਜੀ ਮੰਡੀ ਵਾਲਿਆਂ ਇਹ ਵੀ ਦਸਿਆ: ਮੰਡੀ ਦੇ ਨਾਮਧਾਰੀਆਂ ਮੰਡੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਮੈਮੋਰੀਅਲ ਸਕੂਲ ਖੋਲ੍ਹਿਆ ਹੋਇਆ ਹੈ ਜੋ ਹੁਣ ਮਿਡਲ ਤਕ ਪ੍ਰਵਾਨਤ ਹੈ। ਇਸ ਦਾ ਸਾਰਾ ਖਰਚਾ ਨਾਮਧਾਰੀ ਸੰਗਤ ਮੰਡੀ ਵਲੋਂ ਹੁੰਦਾ ਹੈ। ਇਸ ਸਕੂਲ ਰਾਹੀਂ ਅਸੀਂ ਆਪਣੀ ਬੋਲੀ ਤੇ ਆਪਣੇ ਵਿਚਾਰ ਵਿਦਿਆਰਥੀਆਂ ਨੂੰ ਦਿੰਦੇ ਹਾਂ। ਸਾਡੇ ਬੱਚਿਆਂ ਨੂੰ ਗਲਤ ਤਾਲੀਮ ਨਹੀਂ ਮਿਲਦੀ।

### ਆਮਦ ਪਿਆਰੇ ਦੀ

ਸ੍ਰੀ ਸਤਿਗੁਰੂ ਜੀ ਦੀ ਗੱਡੀ ਵੀ ੧੧ ਵਜੇ ਤਕ ਆ ਪਹੁੰਚੀ। ਜਿਵੇਂ ਮੇਲੇ ਵਿਚ ਇਕਦਮ ਉਤਸ਼ਾਹ ਛਾ ਗਿਆ। ਸ੍ਰ. ਜਗਦੀਸ਼ ਸਿੰਘ ਦੀ ਕਰਾਏ ਦੀ ਕੋਠੀ ਸਾਹਵੇਂ ੬ ਕਾਰਾਂ ਖਲੋਤੀਆਂ ਹਨ। ਸਾਧ ਸੰਗਤ, ਇਸਤਰੀ ਪੁਰਸ਼, ਬਾਲ ਬਿਰਧ ਏਧਰ ਓਧਰ ਫਿਰ ਰਹੇ ਹਨ। 'ਲੰਗਰ ਦਉਲਤ ਵੰਡੀਐ ਰਸ ਅਮ੍ਰਿਤ ਖੀਰ ਘਿਆਲੀ' ਵਾਲੀ ਗੱਲ ਬਣੀ ਹੋਈ ਹੈ। ਸ੍ਰੀ ਮਾਤਾ ਚੰਦ ਕੌਰ ਜੀ ਨੇ ਆਪ ਲੰਗਰ ਵਰਤਾਣ ਦੀ ਸੇਵਾ ਨਿਭਾਈ। ਬੜੇ ਪ੍ਰੇਮ ਨਾਲ ਸੰਭਲ ਸੰਭਲ ਕੇ ਮਿਠੇ ਲੂਣੇ ਚੌਲ, ਦਾਲਾਂ, ਸਬਜ਼ੀਆਂ, ਚਟਨੀ,



Sri Satguru Jagjit Singh Ji Elibrary NamdhariElibrary@gmail.com

ਪ੍ਰਸ਼ਾਦੇ ਆਦਿ ਵਰਤਾਂਦੇ ਰਹੇ। ਭੈਂਤਰ ਦੀਆਂ ਬੀਬੀਆਂ ਅੱਜ ਦੇ ਇਸ ਮਹਾਨ ਵਰਤਾਰੇ ਨੂੰ ਗਹੁ ਨਾਲ ਨਿਹਾਰ ਰਹੀਆਂ ਸਨ।

ਸਾਧ ਸੰਗਤ ਸਤਿਗੁਰੂ ਜੀ ਦੇ ਸੁਆਗਤ ਹਿਤ ਕਤਾਰਾਂ ਵਿਚ ਖਲੋਤੀ ਸੀ। ਸਤਿਗੁਰੂ ਜੀ ਜਿਉਂ ਹੀ ਕਾਰ ਵਿਚੋਂ ਉਤਰੇ ਸਾਧ ਸੰਗਤ ਨੇ ਸਿਰ ਝੁਕਾ ਹੱਥ ਜੋੜ ਕੇ ਸੁਆਗਤ ਨਮਸਕਾਰ ਕੀਤੀ ਅਤੇ ਜੈਕਾਰਾ ਗਜਾਇਆ।

ਜਿਉਂ ਹੀ ਮੈਂ ਸਤਿਗੁਰੂ ਜੀ ਦੇ ਨਜ਼ਦੀਕ ਗਿਆ ਹੰਸਪਾਲ ਹੁਰਾਂ ਕਿਹਾ : ਹੱਦ ਹੋ ਗਈ! ਤੁਸੀਂ ਤਾਂ ਪਹਿਲਾਂ ਹੀ ਏਥੇ ਆਏ ਹੋਏ ਹੋ !! ਸਤਿਗੁਰੂ ਜੀ ਨੇ ਮੇਰੇ ਸਨੇਹ ਨੂੰ ਹੋਰ ਵੀ ਉਛਾਲਾ ਦੇਣ ਵਾਸਤੇ ਆਪਣੀ ਛਾਤੀ ਵਲ ਹਸਤ ਕਵਲ ਕਰ ਕੇ ਆਖਿਆ : ਏਥੇ ਤਾਂ ਕਵੀ ਹੁਰੀਂ ਪਹਿਲਾਂ ਹੀ ਆਏ ਹੋਏ ਸਨ, ਨਜ਼ਰ ਹੀ ਹੁਣ ਪਏ ਹਨ। ਅਤੇ ਮੈਂ ਇਹ ਕੁਛ ਵੇਖ ਸੁਣ ਬਾਗ਼ ਬਾਗ਼ ਹੋ ਗਿਆ। ਅੱਜ ਮੇਰੇ ਜਿਹਾ ਕੌਣ ਵਡਭਾਗਾ ਸੀ।

ਸਤਿਗੁਰੂ ਜੀ ਨੂੰ ਸੁਆਰਤ ਕਮਰੇ ਵਿਚ ਸਫੈਦ ਵਿਛੇ ਪਲੰਘ ਤੇ ਬੈਠਾਇਆ ਗਿਆ। ਸੰਗਤਾਂ ਭੇਟਾ ਧਰ ਧਰ ਨਮਸਕਾਰਾਂ ਕਰਨ ਲਗੀਆਂ। ਉਪਰੰਤ ਸਤਿਗੁਰੂ ਜੀ ਇਸ਼ਨਾਨ ਕਰਨ ਲਈ ਉਠੇ। ਸਤਿਗੁਰੂ ਜੀ ਦੇ ਪ੍ਰਸ਼ਾਦ ਛਕਣ ਸਮੇਂ ਮਾਤਾ ਜੀ ਨੇ ਇਸ਼ਾਰਾ ਕਰ ਕੇ ਸੇਠ ਤ੍ਰਿਲੋਕ ਸਿੰਘ ਅਤੇ ਹੰਸਪਾਲ ਨੂੰ ਕੋਲ ਬੈਠ ਕੇ ਪ੍ਰਸ਼ਾਦ ਛਕਣ ਲਈ ਬੁਲਾ ਲਿਆ।

ਮੰਡੀ ਵਿਚੋਂ ਸੇਠ ਸੰਤੋਖ ਸਿੰਘ, ਸੰਤ ਮੋਹਣ ਸਿੰਘ ਆਦਿ ਹੋਰ ਵੀ ਅਨੇਕਾਂ ਸਰੀਰ ਆ ਪਹੁੰਚੇ। ਬਾਰਾਂ ਵਜੇ ਤਕ ਲਾਂਗਰੀਆਂ ਅਤੇ ਸੰਗੀਤਕਾਰ ਬੱਚਿਆਂ ਦਾ ਜੱਥਾ ਮਨਾਲੀ ਵਲ ਨੂੰ ਤੋਰ ਦਿਤਾ ਗਿਆ। ਸੰਗੀਤ ਗਰੁਪ ਵਿਚ ਮੋਹਣ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ ਪਿੰਕੀ (ਤ੍ਰੈਵੇ ਭੈਣੀ ਸਾਹਿਬੀਏ) ਬਲਜੀਤ ਸਿੰਘ ਅੰਮ੍ਰਿਤਸਰੀ, ਬਲਦੇਵ ਸਿੰਘ, ਜਗਜੀਤ ਨਗਰੀਆ, ਸੁਖਦੇਵ ਸਿੰਘ ਜਲੰਧਰੀ ਹਨ।

## ਮਨਾਲੀ ਨੂੰ

ਮੈਂ ਤਾਂ ਪਹਿਲੋਂ ਤੋਂ ਹੀ ਉਡੀਕਦਾ ਪਿਆ ਸਾਂ ਕਿ ਸਤਿਗੁਰੂ ਆਉਣ ਤੇ ਮੈਂ ਮਨਾਲੀ ਜਾਵਾਂ। ਸਤਿਗੁਰੂ ਜੀ ਦੇ ਪੂਰਬਾ ਨੇ ਆਣ ਆਖਿਆ : ਹੋਵੋ ਤਿਆਰ ਮਨਾਲੀ ਚਲੀਏ ! ਮੈਂ ਅਤੇ ਹਮਰਾਹੀ ਸੂਟ ਕੇਸ ਚੁਕੀ ਆ ਰਹੇ ਸਾਂ ਕਿ ਸਤਿਗੁਰੂ ਜੀ ਨੇ ਸਾਡੇ ਕੋਲ ਗੱਡੀ ਆ ਰੁਕਵਾਈ : ਗਹਿਰੇ ਰੰਗ ਦਾ ਚਸ਼ਮਾ ਲਾ ਕੇ, ਬਾਰੀ ਦਾ ਸ਼ੀਸ਼ਾ ਖੋਲ੍ਹ ਕੇ ਫਰਮਾਉਂਦੇ ਨੇ : ਬੱਸ ਜੀ, ਚਲੋ ਹੁਣ, ਏਨਾ ਹੀ ਕੰਮ ਸੀ। ਇਸ ਦੇ ਦੋ ਮਤਲਬ ਸਨ, ਸਾਨੂੰ ਮਾਣ ਦੇਣ ਲਈ ਗੱਡੀ ਖਲਿਹਾਰਨਾ ਅਤੇ ਚੇਤੇ ਕਰਵਾਉਣਾ ਕਿ ਮਨਾਲੀ ਜਾ ਰਹੇ ਹਾਂ ਰੰਗੀਨ ਚਸ਼ਮਾ ਲਿਆਉਣਾ ਨਾ ਭੁਲਣਾ। ੧੯੬੪ ਵਿਚ ਅਸੀਂ ਰੁਹਤਾਂਗ ਪਾਸ ਗਏ ਸਾਂ। ਚੁਤਰਫੀਂ ਬਰਫ ਹੀ ਬਰਫ ਹੋਣ ਕਰ ਕੇ ਅੱਖਾਂ ਖਰਾਬ ਕਰ ਕੇ ਮੁੜੇ ਸਾਂ। ਏਸੇ ਦਿਨ ਪੰਡਤ ਜਵਾਹਰ ਲਾਲ ਜੀ ਦੀ ਮਿਰਤੂ ਹੋਈ ਸੀ—ਇਹ ਖਬਰ ਰੁਹਤਾਂਗ ਪਾਸ ਤੋਂ ਮੁੜ ਕੇ ਮਨਾਲੀ ਆਇਆਂ ਸੁਣੀ ਸੀ। ਫੇਰ ੩-੪ ਦਿਨ ਮੰਡੀ ਇਲਾਜ ਕਰਵਾ ਕੇ ਪੰਜਾਬ ਨੂੰ ਪਰਤੇ ਸਾਂ। ਬਰਫ ਕੀਤੇ ਅੰਨ੍ਹਿਆਂ ਦਾ ਗਰੁਪ ੧੫ ਕੁ ਜਣਿਆ ਤੇ ਨਿਰਭਰ ਸੀ। ਤਦੋਂ ਕੇਵਲ ਸਤਿਗੁਰੂ ਜੀ ਹੀ ਨੇਤਰ ਰੋਗ ਤੋਂ ਬਚੇ ਸਨ।

ਤੁਰਨ ਨੂੰ ਤਾਂ ਸਾਡੀ ਗੱਡੀ ਦੂਜੀ ਸੀ, ਜਿਸ ਵਿਚ ਮੇਰੇ ਅਤੇ ਡਰਾਈਵਰ ਸੰਤ ਗੁਰਚਰਨ ਸਿੰਘ ਤੋਂ ਛੁਟ ਸੂ: ਸੇਵਾ ਸਿੰਘ, ਸੇਠ ਕ੍ਰਿਪਾਲ ਸਿੰਘ, ਸੇਠ ਮਹਿੰਦਰ ਸਿੰਘ (ਦੋਵੇਂ ਡਾ: ਗੰ:) ਅਤੇ ਮੇਰੇ ਨਾਲ ਹੀ ਬੈਠਾ ਸੀ ਸ੍ਰੀ ਸਤਿਗੁਰੂ ਜੀ ਦਾ ਨਿਜੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ।

## ਡਾ: ਅਵਨਿੰਦਰ ਸਿੰਘ ਦਾ ਬੰਗਲਾ

ਸਤਿਗੁਰੂ ਜੀ ਨੇ ਪੂਰਬਾ ਨੂੰ ਸਾਡੇ ਵਾਲੀ ਗੱਡੀ ਵਿਚ ਭੇਜ ਕੇ ਸੂਬਾ ਜੈਮਲ ਸਿੰਘ ਜੀ ਨੂੰ ਮਾਣ ਦਿਤਾ ਸੀ ਕੋਲ ਬੈਠਣ ਦਾ। ਸੂਬਾ ਜੀ ਨੇ ਕਿਸੇ ਤਰ੍ਹਾਂ ਸਤਿਗੁਰੂ ਜੀ ਨੂੰ ਮਨਾ ਲਿਆ ਕਿ ਉਹ ਕੁਲੂ ਉਹਨਾਂ ਦੇ ਲੜਕੇ ਅਵਨਿੰਦਰ ਸਿੰਘ ਦੇ ਘਰ ਜ਼ਰੂਰ ਚਰਨ ਪਾਉਣ।

ਅਵਨਿੰਦਰ ਸਿੰਘ ਡਾਕਟਰ ਹੈ ਅਤੇ ਉਸ ਦੇ ਹੱਥ ਵਿਚ ਸ਼ਫਾ ਹੈ। ਬਹੁਤ ਦੂਰ ਦੂਰ ਤੋਂ ਲੋਕ ਉਸ ਪਾਸ ਇਲਾਜ ਲਈ ਆਉਂਦੇ ਹਨ। ਰੋਜ਼ਾਨਾ ੧੦ ਤੋਂ ੨੦ ਰੁਪਏ ਦੀ ਦਵਾਈ ਮੁਫਤ ਵੀ ਦਿਤੀ ਜਾਂਦੀ ਹੈ। ਪਿਤਾ ਸੂਬਾ ਜੀ ਦਾ ਬਚਨ ਮੰਨ ਕੇ ਉਹ ਮਾੜਿਆਂ ਮੁਸੀਬਤ ਮਾਰਿਆਂ ਦਾ ਫ੍ਰੀ ਇਲਾਜ ਵੀ ਕਰਦਾ ਹੈ।

ਕੁਲੂ ਪਹੁੰਚ ਕੇ ਸਤਿਗੁਰੂ ਜੀ ਡਾ: ਅਵਨਿੰਦਰ ਸਿੰਘ ਦੇ ਬੰਗਲੇ ਚਰਨ ਪਾਉਣ ਨੂੰ ਚਲੇ ਤਾਂ ਸਾਡੇ ਲਈ ਵੀ ਪਿਛੇ ਆਉਣ ਦਾ ਹੁਕਮ ਦੇ ਗਏ। ਸੜਕੋਂ ਜ਼ਰਾ ਉਚਾਈ ਤੇ ਲਹਿੰਦੀ ਤਰਫ ਡਾ: ਅਵਨਿੰਦਰ ਸਿੰਘ ਦਾ ਬਾਹਰੋਂ



Sri Satguru Jagjit Singh Ji Elibrary NamdhariElibrary@gmail.com

ਵੇਖਣ ਨੂੰ ਬੜਾ ਸਾਦਾ ਜਿਹਾ ਬੰਗਲਾ ਹੈ। ਪਰ ਜਦੋਂ ਸਤਿਗੁਰੂ ਜੀ ਦੇ ਦਰਸ਼ਨ ਅਸਾਂ ਅੰਦਰ ਜਾ ਕੇ ਕੀਤੇ ਤਾਂ ਪਤਾ ਲਗਾ ਕਿ ਬੰਗਲਾ ਅੰਦਰੋਂ ਹੁਸਨ ਤੇ ਸਲੀਕੇ ਨਾਲ ਭਰਪੂਰ ਹੈ।

ਸਤਿਗੁਰੂ ਜੀ ਇਕ ਸਫੈਦ ਵਿਛੇ ਸੋਫੇ ਤੇ ਵਿਰਾਜਮਾਨ ਸਨ। ਸਾਹਮਣੇ ਬੈਠਾ ਸੀ ਅਵਨਿੰਦਰ ਪਰਵਾਰ, ਸੇਠ ਤ੍ਰਿਲੋਕ ਸਿੰਘ, ਸ੍ਰ. ਹੰਸਪਾਲ ਅਤੇ ਸੂਬਾ ਜੈਮਲ ਸਿੰਘ ਜੀ।

ਬੰਗਲਾ ਅੰਦਰੋਂ ਲਕੜ ਦੇ ਸੁਹਣੇ ਕੰਮ ਨਾਲ ਆਕਰਸ਼ਕ ਸੀ। ਅੰਦਰ ਰੱਖੀ ਹਰ ਚੀਜ਼ ਵਿਸ਼ੇਸ਼ ਸੁਆਦ ਦੀ ਲਖਾਇਕ ਸੀ। ਦੀਵਾਰਾਂ ਨਾਲ ਲਕੜ ਦਾ ਸੁੰਦਰ ਕੰਮ, ਛੱਤ ਉਤੇ ਮਟਕਦਾਰ ਵੇਤਰਾਂ ਬੜੀਆਂ ਦਿਲਕਸ਼ ਸਨ। ਮੈਂ ਮੁਗਧ ਹੋ ਵਾਹ ਵਾਹ ਕੀਤੀ। ਸਤਿਗੁਰੂ ਜੀ ਨੇ ਡਾਕਟਰ ਜੀ ਬਾਰੇ ਜਾਣਕਾਰੀ ਦਿੰਦਿਆਂ ਮੈਨੂੰ ਆਖਿਆ : ਜੀ ਕਰਦਾ ਏ ਇਹ ਅੰਦਰੋਂ ਉਹੋ ਜਿਹਾ ਹੋ ਜਾਵੇ ਜਿਹੋ ਜਿਹਾ ਗੋਲ ਛੱਪਰ (ਸ੍ਰੀ ਭੈਣੀ ਸਾਹਿਬ) ਵਿਚ ਸ੍ਰੀ ਸਤਿਗੁਰੂ (ਪ੍ਰਤਾਪ ਸਿੰਘ) ਜੀ ਦੇ ਪਾਸ ਬੈਠਿਆਂ ਹੋਇਆਂ ਕਰਦਾ ਸੀ। ਅਰਥਾਤ ਸਨਿਮਰ, ਅਗਿਆਕਾਰ ਤੇ ਸ਼ਰਧਾ ਸਮੇਤ। ਭਾਵੇਂ ਇਹ ਉਤੋਂ ਹੁਣ ਵੈਸਾ ਨਹੀਂ ਹੋ ਸਕਦਾ।

ਡਾ: ਅਵਨਿੰਦਰ ਸਿੰਘ ਦੀ ਦਸਤਾਰ ਤਾਂ ਸਿਧੀ ਸੀ, ਪਰ ਹੇਠ ਬੁਸ਼ਰਟ ਤੇ ਪੈਂਟ ਸਨ। ਦਾੜ੍ਹੀ ਬੱਝੀ ਤੇ ਰੰਗੀ ਹੋਈ। ਉਹਦੇ ਪੋਸ਼ੇ ਨੂੰ ਮੁਖ ਰੱਖਦਿਆਂ ਪਿਆਰ ਨਾਲ ਸਤਿਗੁਰੂ ਜੀ ਉਹਦੇ ਅੰਦਰਲੇ ਨੂੰ ਨਰਮਾ ਰਹੇ ਸਨ। ਮੈਂ ਬਾਹਰਲੇ ਦ੍ਰਿਸ਼ ਦੀ ਪ੍ਰਸੰਸਾ ਕੀਤੀ। ਅੰਦਰੋਂ ਹੀ ਬਾਹਰ ਵੇਖਿਆ।

ਬਿਆਸ ਦੇ ਪੂਰਬੀ ਕੰਢੇ ਉਤੇ, ਪਹਾੜੀ ਦੀ ਢਲਵਾਨ ਉਤੇ, ਬਾਹਰੋਂ ਸਾਦਾ ਪਰ ਅੰਦਰੋਂ ਸਮਰਿਧ ਕੋਠੀਆਂ। ਚੀਲਾਂ ਦੇ ਜੰਗਲ ਨਾਲ ਪਹਾੜੀ ਦੀ ਵੱਖੀ ਅਤੇ ਚੋਟੀ।

### ਯਾਦਾਂ ਦੀ ਬਾਰਾਤ

ਸਤਿਗੁਰੂ ਜੀ ਬੂਹਾ ਖੋਲ੍ਹ ਬਾਹਰ ਆਏ ਅਤੇ ਦੂਰ ਪਰਬਤ ਦੀ ਇਕ ਘੋਨੀ ਚੋਟੀ ਪਾਸ, ਸਫੈਦ ਦਿਸਦੇ, ਉਸਰੇ ਸਥਾਨ ਨੂੰ ਤਕ ਕੇ ਬੋਲੇ : ਪਾਰਬਤੀ ਨਦੀਓਂ ਉਰਲੇ ਪਾਰ ਬਿਆਸ ਦੇ ਦੂਜੇ ਪਾਸੇ, ਇਸ ਪਰਬਤ ਦੀ ਚੋਟੀ ਤੇ ਬਿਜਲੀ ਮਹਾਦੇਉ ਦਾ ਮੰਦਰ ਹੈ। ਇਸ ਬਾਰੇ ਕੱਥਾ ਪ੍ਰਚਲਤ ਹੈ ਕਿ ਇਕ ਵਾਰ ਏਸ ਮੰਦਰ ਤੇ ਬਿਜਲੀ ਗਿਰੀ। ਮੰਦਰ ਜਲ ਗਿਆ। ਪੂਜਾ ਸਥਾਨ ਸ਼ਿਵਲਿੰਗ ਟੋਟੇ ਟੋਟੇ ਹੋ ਗਿਆ। ਕਹਿੰਦੇ ਹਨ ਕਿ ਪੁਜਾਰੀ ਨੇ ਸਵੇਰੇ ਆ ਕੇ ਮਖਣ ਦੀ ਸੰਧੀ ਦੇ ਕੇ ਜੋੜਿਆ ਅਤੇ ਪ੍ਰਾਰਥਨਾ ਕੀਤੀ ਤਾਂ ਸ਼ਿਵਲਿੰਗ ਜੁੜ ਗਿਆ ਅਤੇ ਅਜੇ ਤਕ ਉਹੋ ਸ਼ਿਵਲਿੰਗ ਫੇਰ ਨਵੇਂ ਬਣੇ ਮੰਦਰ ਵਿਚ ਸਥਾਪਤ ਹੈ।

ਇਕ ਪੁਰਾਣਾ ਵਾਕਿਆ ਸਤਿਗੁਰੂ ਜੀ ਨੂੰ ਹੋਰ ਯਾਦਾਂ ਵਿਚ ਉਭਰਿਆ ਬਚਨ ਕੀਤਾ : ਜਦੋਂ ੧੯੩੯ ਵਿਚ ਦੂਜੀ ਸੰਸਾਰ ਜੰਗ ਛਿੜੀ ਸਾਨੂੰ ਦੋਹਾਂ ਭਰਾਵਾਂ ਨੂੰ ਮਾਤਾ ਨਿਕਲੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਰਾਮ ਆਉਣ ਤੇ ਸਾਨੂੰ ਸਿਹਤ ਬਹਾਲੀ ਲਈ ਕੁਲੂ ਭੇਜ ਦਿਤਾ। ਦਾਗਾਂ ਨਾਲ ਸਾਡੇ ਚਿਹਰੇ ਭਰਪੂਰ। ਏਸੇ ਪਰਬਤ, ਜਿਸਨੂੰ ਬਿਜਲੀ ਮਹਾਦੇਉ ਪਰਬਤ ਕਹਿੰਦੇ ਹਨ, ਏਧਰ, ਕੁਲੂ ਵਾਲੇ ਪਾਸੇ ਹੀ, ਕਿਸੇ ਦਿੱਲੀ ਦੇ ਡਾਕਟਰ ਦੀ, ਕੋਠੀ ਵਿਚ ਰਿਹਾ ਕਰਦੇ ਸਾਂ। ਸਤਿਗੁਰਾਂ ਨੇ ਸਾਡੇ ਵਾਸਤੇ ਸ਼ੁਧ ਦੁਧ ਲਈ ਇਕ ਗਊ ਵੀ ਭੇਜ ਦਿਤੀ। ਅਸੀਂ ਉਥੇ, ਬਿਜਲੀ ਮਹਾਦਉ ਮੰਦਰ ਦੇ ਨਜ਼ਦੀਕ ਗੁੱਛੀਆਂ (ਇਕ ਤਰ੍ਹਾਂ ਦੀ ਪਹਾੜੀ ਖੁੰਬ ਜੁ ਸਬਜ਼ੀ ਬਣਾਨ ਦੇ ਕੰਮ ਆਉਂਦੀ ਹੈ, ਅੱਜ-ਕਲ ਉਸਦਾ ਭਾ ੮-੯ ਸੌ ਰੁਪੈਆ ਕਿਲੋ ਹੈ) ਦੀ ਭਾਲ ਵਿਚ ਜਾਇਆ ਕਰਦੇ ਸਾਂ। ਏਥੇ ਗੁੱਛੀ ਬਹੁਤ ਹੁੰਦੀ ਸੀ :

ਸਤਿਗੁਰੂ ਜੀ ਨੇ ਇਸ ਯਾਦ ਨੂੰ ਦੁਹਰਾਂਦਿਆਂ ਇਹ ਵੀ ਚੇਤੇ ਕਰਵਾਇਆ : ਜਦੋਂ ਕਵੀ ਹੁਰਾਂ ਨੂੰ ਚੇਚਕ ਨਿਕਲੀ ਸੀ, ਉਦੋਂ ਹੋਰ ਸਭ ਮਾਤਾ ਸਤਾਏ ਲੋਕਾਂ ਨੂੰ ਦੁੱਧ ਮਿਲਦਾ ਸੀ ਪਰ ਇਹਨਾਂ ਨੂੰ ਨਹੀਂ ਸੀ ਦਿਤਾ ਜਾਂਦਾ।

ਸਤਿਗੁਰੂ ਜੀ ਨੂੰ ਜਿਵੇਂ ਉਸ ਕਿਸ਼ੋਰ, ਸਮੇਂ ਦੀਆਂ ਸਾਰੀਆਂ ਘਟਨਾਵਾਂ ਪੂਰੇ ਵੇਰਵੇ ਨਾਲ ਯਾਦ ਸਨ। ਫੇਰ ਮੇਰੇ ਵਲ ਸ੍ਰੀ ਮੁਖ ਕਰਕੇ ਬੋਲੇ : ਦੂਸਰੇ ਤਾਂ ਅਜਿਹਾ ਚੇਤਾ ਕਰਨੋਂ ਡਰਦੇ ਹਨ, ਪਰ ਮੈਂ ਯਾਦ ਰਖਦਾ ਹਾਂ ਤਾਕਿ ਫੇਰ ਐਸੀ ਗ਼ਲਤੀ ਨਾ ਹੋਵੇ।

ਸਤਿਗੁਰੂ ਜੀ ਬੰਗਲੇ ਦੇ ਸਾਹਮਣੇ ਧੁੱਪ ਦੇ ਨਿੱਘ ਦਾ ਅਨੰਦ ਮਾਣਦੇ ਬਚਨ ਕਰ ਰਹੇ ਸਨ ਕਿ ਡਾ: ਅਵਨਿੰਦਰ ਸਿੰਘ ਨੇ ਦੂਰਬੀਨ ਲੈ ਆਂਦੀ। ਸਤਿਗੁਰੂ ਜੀ ਨੇ ਬਿਜਲੀ ਮਹਾਦੇਉ ਦਾ ਮੰਦਰ ਅਤੇ ਪਰਬਤ ਚੋਟੀ ਪਹਿਲਾਂ ਆਪ ਵੇਖੇ, ਫੇਰ ਸ੍ਰ. ਸੇਵਾ ਸਿੰਘ ਨਾਮਧਾਰੀ ਏਜੰਸੀ ਨੂੰ ਵਖਾਈ ਅਤੇ ਅੰਤ ਉਤੇ ਦੂਰਬੀਨ ਮੇਰੇ ਵਲ ਵਧੀ। ਦ੍ਰਿਸ਼ ਸੀ : ਸਫੈਦ ਦੀਵਾਰਾਂ ਵਾਲਾ ਮੰਦਰ, ਉਤੇ ਬਣਿਆਂ ਦੂਜਾ ਚਬੂਤਰਾ, ਪਾਸ ਇਕ ਖੰਭਾ। ਏਹ ਖੰਭਾ ਏਥੋਂ ਨੰਗੀ ਅੱਖ ਨਾਲ ਵੀ ਦਿਸ ਪੈਂਦਾ ਹੈ।



Sri Satguru Jagjit Singh Ji Elibrary NamdhariElibrary@gmail.com

### ਤੁਰਾ ਤੁਰੀ

ਅੱਧਾ ਘੰਟਾ ਠਹਿਰਨ ਬਾਅਦ ਡਾ: ਅਵਨਿੰਦਰ-ਮਨਜੀਤ ਦਾ ਇਹ ਸੁਖਦਾਈ ਘਰ ਤਿਆਗਿਆ। ਸਤਿਗੁਰੂ ਜੀ ਨੇ ਡਾਕਟਰ ਦੇ ਬੱਚਿਆਂ ਜਨਦੀਪ ਅਤੇ ਸੰਦੀਪ ਨੂੰ ਪਿਆਰਿਆ ਅਤੇ ਨਾਲ ਲੈ ਕੇ ਫੁਲ ਬੂਟੇ ਵੇਖੇ। ਬੀਬੀ ਮਨਜੀਤ ਨੇ ਨਵੀਂ ਕਿਸਮ ਦੇ ਪਿਆਜ਼ ਅਤੇ ਸਲਾਦ ਸਤਿਗੁਰੂ ਜੀ ਦੇ ਛਕਣ ਲਈ ਗੱਡੀ ਵਿਚ ਰਖਵਾ ਦਿਤੇ। ਗੱਡੀ ਵਿਚ ਸਤਿਗੁਰੂ ਜੀ ਦੇ ਬੈਠਣ ਤੋਂ ਪਹਿਲਾਂ ਡਾ: ਅਵਨਿੰਦਰ ਸਿੰਘ ਨੇ ਨਵੀਂ ਕਿਸਮ ਦੇ ਇਸ ਪਿਆਜ਼ ਬਾਰੇ ਗੱਲ ਕੀਤੀ। ਸਤਿਗੁਰਾਂ ਪੁੱਛਿਆ : ਇਸ ਨਵੀਂ ਕੁਆਲਿਟੀ ਦੀ ਕੀ ਵਿਸ਼ੇਸ਼ਤਾ ਹੈ ? ਇਸ ਵਿਚ ਪਾਣੀ ਜ਼ਿਆਦਾ ਹੈ ਜਾਂ ਪ੍ਰੀਜ਼ਰਵੇਸ਼ਨ ਵਧੇਰੇ ਹੋ ਸਕਦੀ ਹੈ ? ਪਰ ਡਾਕਟਰ ਦੱਸ ਨਹੀਂ ਸਕਿਆ ਸਿਰਫ਼ ਏਨਾ ਹੀ ਬੋਲਿਆ : ਇਹ ਕਾਫ਼ੀ ਮੋਟਾ ਹੋ ਜਾਂਦਾ ਹੈ।

ਏਥੋਂ ਤੁਰਦਿਆਂ ਹੀ ਸੂਬਾ ਜੈਮਲ ਸਿੰਘ ਜੀ, ਸੰਤ ਪੂਰਬਾ ਦੀ ਥਾਂ ਮੇਰੇ ਪਾਸ ਆ ਬੈਠੇ। ਪੂਰਵਾ ਜੀ ਸਤਿਗੁਰਾਂ ਵਾਲੀ ਗੱਡੀ ਵਿਚ ਚਲੇ ਗਏ।

ਕੁਲੂ ਤੋਂ ਅਗੇ ਵਿਸ਼ੇਸ਼ ਕਿਸਮ ਦੀ ਸਕੂਨਤ, ਹਰਿਆਵਲ ਅਤੇ ਮਨ ਮੋਹਕਤਾ ਤੁਰਦੀ ਹੈ। ਸੇਉਆਂ, ਪਲੰਮ, ਚੈਰੀ ਆਦਿ ਦੇ ਵਡੇ ਵਡੇ ਬਾਗ, ਸੱਜੇ ਬਿਆਸ ਦਰਿਆ, ਖੱਬੇ ਰੁਖਾਂ ਭਰੀ ਪਰਬਤੀ ਉਚਿਆਈ, ਖੱਡਾਂ ਉਤੇ ਬਣੇ ਥਾਂ ਥਾਂ ਪੁਲ, ਵਿਚ ਦੀਆਂ ਲੰਘਦੀਆਂ ਕਾਰਾਂ। ਕਟਰਾਈਂ ਤਕ ਗਿਆਂ ਜਾਪਦਾ ਸੀ ਦੁਨੀਆਂ ਕਾਫ਼ੀ ਬਦਲ ਗਈ ਹੈ।

ਸੇਠ ਮਹਿੰਦਰ ਸਿੰਘ ਡਾਲਟਨ ਗੰਜ, ਡਰਾਈਵਰ ਸੰਤ ਗੁਰਚਰਨ ਸਿੰਘ ਅਤੇ ਮੈਨੂੰ ਕੁਛ ਛਕਣ-ਛਕਾਣ ਦੀ ਤ੍ਰਿਸ਼ਨਾ ਉਠੀ। ਮੈਂ ਕਿਹਾ : ਜੇ ਤਾਂ ਸਾਡੇ ਵਰਗਾ ਖਾਣ ਪੀਣ ਕਰਨਾ ਜੇ ਤਾਂ ਚਲੋ ਕਿਸੇ ਵੀ ਢਾਬੇ ਵਿਚ ਬੈਠ ਚਲਦੇ ਹਾਂ ਅਤੇ ਜੇ ਤਹਾਡੀ ਸਿਠਾਈ ਇਹ ਪਰਵਾਨ ਨ ਕਰੇ ਤਾਂ ਕਿਸੇ ਹੋਟਲ ਵਿਚ ਚਲੇ ਚਲੋ। ਅਸੀਂ ਕਟਰਾਈਂ ਲੰਘ ਕੇ ਸਪੈਨ ਮੋਟਲ ਵਿਚ ਪਹੁੰਚ ਗਏ।

### ਸਪੈਨ ਮੋਟਲ

ਬਹੁਤ ਵਧੀਆਂ ਬੰਗਲਿਆਂ (ਇਕ ਪਰਵਾਰ ਯੋਗ) ਦਾ ਸਮੂਹ, ਪਰ ਜਿਸ ਨੂੰ ਪਹੁੰਚ-ਸੜਕ ਬੜੀ ਗਈ ਗੁਜ਼ਰੀ। ਨ ਚੱਜ ਦੀ ਰੋੜੀ ਪਈ ਹੋਈ, ਰੋਲਰ ਜਾਂ ਲੁੱਕਦੀ ਤਾਂ ਗੱਲ ਹੀ ਛਡੋ। ਮੋਟਲ ਦਾ ਉਜੜਿਆ ਜਿਹਾ ਮੂੰਹ ਵੇਖ ਤੁਰ ਹੀ ਚਲੇ ਸਾਂ ਕਿ ਮੁੰਡੇ ਨੇ ਪਰੇਰਿਆ : ਲੰਘ ਜਾਓ, ਅੰਦਰ ਸਭ ਕੁਝ ਹੈ। ਰੈਸਟੋਰੈਂਟ ਵਿਚ ਜਾਓ। ਪਹੁੰਚੇ। ਬੜਾ ਸੁੰਦਰ ਅੰਦਰੂਨ ਦ੍ਰਿਸ਼, ਜਿਵੇਂ ਯੂਰਪ ਵਿਚ ਹੀ ਆਗਏ ਹੋਵੀਏ।

ਮੋਟਲ ਵਾਲੇ ਸਾਨੂੰ ਛੇ ਜਣਿਆਂ ਨੂੰ ਅਲੋਕਾਰ ਪੁਸ਼ਾਕਾਂ ਵਿਚ ਵੇਖ ਹੈਰਾਨ ਵੀ ਹੋਏ ਤੇ ਬੇਪਰਵਾਰ ਬੋਲ ਚਾਲ ਵਲੋਂ ਪ੍ਰਭਾਵਤ ਵੀ। ਅਸਾਂ ਜੂਸ ਜਾਸ ਪੀਤੇ ਸਿਉਆਂ ਦੇ।

ਕੇ: ਕੇ. ਸਿੰਘ ਪ੍ਰਸਿਧ ਹੋਟਲਿਸਟ ਦੇ ਜਤਨਾਂ ਸਦਕਾ ਹੀ ਇਹ ਮੋਟਲ ਵਜੂਦ ਵਿਚ ਆਇਆ ਸੀ। ਮੋਟਲ ਦੇ ਸੁਆਗਤਕਾਰੀ ਸਰਦਾਰ ਜੀ ਮਿਲੇ। ਮੈਨੇਜਰ ਸ: ਰਣਜੀਤ ਸਿੰਘ ਵੀ ਸਾਡੇ ਕੋਲ ਆ ਬੈਠੇ। ਬਿਆਸ ਦਰਿਆ ਦੇ ਨਾਲ ਲਗਦੀ ਰੈਸਟੋਰੈਂਟ ਦੀ ਸ਼ੀਸ਼ੇ ਦੀ ਕੈਬਿਨ ਵਿਚ ਗੱਲੀਂ ਜੁਟੇ ਹੋਏ ਸਾਂ ਕਿ ਮਿਸਿਜ਼ ਕੇ. ਕੇ. ਸਿੰਘ ਵੀ ਆ ਗਈ। ਅਸਾਂ ਉਹਨੂੰ ਉਹਨਾਂ ਦੇ ਮੋਟਲ ਦੇ ਮੁਖੜੇ ਦੀ ਸ਼ਕਾਇਤ ਕੀਤੀ : 'ਬੋਰਡ ਆਕਰਸ਼ਕ ਨਹੀਂ। ਸੜਕ ਉਤੇ ਰੋੜੀ ਵੀ ਚੱਜ ਨਾਲ ਨਹੀਂ ਪਈ।' ਸ੍ਰੀਮਤੀ ਕੇ.ਕੇ. ਸਿੰਘ ਨੰਗੇ, ਸਾਧਾਰਨ ਢੰਗ ਨਾਲ ਪਿਛਾਂਹ ਨੂੰ ਕੱਠੇ ਕੀਤੇ ਵਾਲ, ਲਾਲ, ਪੰਜਾਬੀ ਸੂਟ, ਮੂੰਹ ਦਾਗਦਾਰ, ਆਦਰ ਅਤੇ ਸਨੇਹ ਨਾਲ ਮਜਬੂਰੀ ਦੱਸਦੀ ਬੋਲੀ : ਮਨਾਲੀ ਦਾ ਸੀਜ਼ਨ ਪਹਿਲਾਂ ਛੇ ਮਹੀਨੇ ਦਾ ਹੁੰਦਾ ਸੀ, ਸਾਡੇ ਇਸ ਹੋਟਲ ਦੀ ਤਿਆਰੀ ਬਾਦ ਹੁਣ ਦੋ ਮਹੀਨੇ ਦਾ ਹੋ ਗਿਆ ਹੈ। ਹਵਾਈ ਸਰਵਿਸ ਬੰਦ ਹੈ। ਸਾਨੂੰ ਏਥੇ ਬਹੁਤ ਘਾਟਾ ਪੈ ਰਿਹਾ ਹੈ। ੨੪ ਰਿਹਾਇਸ਼ੀ ਕਮਰੇ ਸਾਡੇ ਪਾਸ ਹਨ, ਟੂਰਿਸਟਾਂ ਦੀ ਥੁੜੋਂ ਕਾਰਨ ਸਾਰਾ ਸਮਾਂ ਬੁਕ ਨਹੀਂ ਹੁੰਦੇ। ਕਾਰਿੰਦਿਆਂ ਨੂੰ ਰੱਖਣਾ, ਅਤੇ ਤਨਖਾਹਾਂ ਦੇਣੀਆਂ ਪੈਂਦੀਆਂ ਹਨ। ਮੈਂ ਦੋ ਮਹੀਨੇ ਲਈ ਏਥੇ ਨਿਗਹਬਾਨੀ ਲਈ ਆ ਜਾਂਦੀ ਹਾਂ। ਭਾਵੇਂ ੬੦੦/- ਦਾ ਹੀ ਖਰਚ ਹੋਰ ਕਰਨਾ ਪੈਣਾ ਹੈ ਪਰ ਮੇਰਾ ਹਸਬੈਂਡ ਆਗਿਆ ਨਹੀਂ ਦਿੰਦਾ।

ਬਹੁਤ ਵਧੀਆ ਮੋਟਲ ਦੀ ਇਹ ਗਰੀਬੀ ਵੇਖ ਕੇ ਤਰਸ ਆ ਗਿਆ। ਏਥੋਂ ਦੇ ਡਬਲ ਬੈੱਡ ਕਮਰਿਆਂ ਦਾ ਕਿਰਾਇਆ ੨੩੦/- ਇਕ ਰਾਤ ਲਈ ਹੈ।

ਸਾਡੇ ਸਾਥੀ ਸੇਵਾ ਸਿੰਘ ਹੁਰੀਂ ਤਾਂ, "ਮਹੀਨੇ ਭਰ ਲਈ ਕੀ ਰਿਆਇਤ ਕਰੋਗੇ,ਜੇ ਖਾਣਾ ਸਾਡਾ ਆਪਣਾ ਹੋਵੇ" ਪੁਛ ਬੈਠੇ। ਬੀਬੀ ਜੀ ਨੇ ਅੰਤਮ ਗੱਲ ਕਰ ਦਿਤੀ ੧੦੦/- ਰੋਜ਼ਾਨਾ।



Sri Satguru Jagjit Singh Ji Elibrary NamdhariElibrary@gmail.com

## ਮਨਾਲੀ ਕੋਠੀ ਵਿਚ

ਜਦ ਨੂੰ ਸਾਡਾ ਜਥਾ ਮਨਾਲੀ ਗੁਰੂ ਕੀ ਕੋਠੀ ਪਹੁੰਚਾ, ਸਭ ਸੰਗਤਾਂ ਬਿਰਾਜ ਚੁਕੀਆਂ ਸਨ। ਮੇਰੇ ਨਾਲ ਦੇ ਵੀ ਆਉਂਦਿਆਂ ਹੀ ਲੰਮੇ ਲੇਟ ਹੋ ਗਏ। ਮੈਂ ਇਕੱਲਾ ਬਾਹਰ ਨਿਕਲ ਆਇਆ। ਝਾਤ ਮਾਰੀ। ਸਤਿਗੁਰੂ ਜੀ ਦੇ ਸਫੇਦ ਸਫੇਦ ਬਸਤਰ ਸੇਉਆਂ ਦੇ ਬਗੀਚੇ ਵਿਚ ਬੱਝੀਆਂ ਡੋਰੀਆਂ ਤੇ ਸੁਕਣੇ ਪਏ ਸਨ ਅਤੇ ਇਹਨਾਂ ਵਰਗੀ ਚਿੱਟਕ ਹੀ ਮਨਾਲੀ ਤੋਂ ਦੂਰ ਦਿਸਦੀਆਂ ਪਹਾੜੀਆਂ ਦੀਆਂ ਚੋਟੀਆਂ ਤੇ ਬਰਫਾਨੀ ਤਾਜਾਂ ਦੀ ਸੀ। ਬਰਫਾਨੀ ਸ਼ਿਖਰਾਂ ਦੀ ਸਫੈਦੀ ਤੇ ਸਤਿਗੁਰੂ ਜੀ ਦੇ ਬਸਤਰਾਂ ਦੀ ਸਫੈਦੀ ਨੇ ਪਰਸਪਰ ਸਾਂਝ ਸਥਾਪਤ ਕਰ ਲਈ ਸੀ। ਕੋਠੀ ਦੇ ਲਹਿੰਦੇ ਪਾਸੇ ਬਿਆਸਾ ਨਦੀ ਦਾ ਅਤੁਕ ਸੰਘਰਸ਼ ਸੰਗੀਤ ਸੁਣਾਈ ਦੇ ਰਿਹਾ ਸੀ। ਜੁਗਾਂ ਤੋਂ ਨਿਰੰਤਰ ਵਗਦਾ ਅਤੇ ਪੱਥਰਾਂ ਨਾਲ ਖਹਿਸਰ ਕੇ ਲੰਘਦਾ ਅਨੰਤ ਜਲ ! ਨੇੜੇ ਦੀਆਂ ਪਹਾੜੀਆਂ ਅਤੇ ਬਿਆਸ ਪਾਰਲਾ ਚੀੜਾਂ ਦਾ ਵਿਸ਼ਾਲ ਜੰਗਲ ਅੱਖਾਂ ਨੂੰ ਸੁਖ ਸੁਖ ਦੇ ਰਿਹਾ ਸੀ। ਮਨਾਲੀ ਅੱਜ ਖਿੜੀ ਖਿੜੀ ਲਗਦੀ ਸੀ।

ਸ੍ਰੀ ਸਤਿਗੁਰੂ ਜੀ ਉਪਰਲੀ ਛੱਤ ਦੇ ਕਮਰਿਆਂ ਵਿਚੋਂ ੩ ਕੁ ਵਜੇ ਹਿਠਾਂਹ ਉਤਰੇ। ਗੁਰਮੁਖ ਸਿੰਘ ਡਰਾਈਵਰ ਬਾਰੇ ਜਾਣ ਕੇ ਹੇਠਾਂ ਬਿਆਸ ਦੇ ਕੰਢੇ ਵਲ ਨੂੰ ਉਤਰ ਗਏ। ੪.੧੫ ਵਜੇ ਸੰਗੀਤ ਪਾਰਟੀ ਨੂੰ ਬੁਲਾ ਲਿਆ ਗਿਆ। ਜਦ ਨੂੰ ਹਰਵਿੰਦਰ ਸਿੰਘ ਹੁਰੀਂ ਮੈਨੂੰ ਨਾਲ ਲੈ ਕੇ ਦਰਿਆ ਵਲ ਨੂੰ ਕਈ ਪੌੜੀਆਂ ਹੇਠਾਂ ਉਤਰੇ ਤਾਂ ਸਤਿਗੁਰੂ ਜੀ ਆਪਣੀ ਸਿਮਰਨ ਸਿਲਾ ਦੇ ਨਜ਼ਦੀਕ ਬੱਚਿਆਂ ਤੋਂ ਪੱਥਰ ਸੁਟਵਾ ਰਹੇ ਸਨ। ਪੂਰਬਾ ਨਾਲ ਸੀ। ਸਿਮਰਨ ਸਿਲਾ ਅਤੇ ਲਾਂਘੇ ਦੇ ਦਰਮਿਆਨ ਹੁਣ ਸੁਕੀ ਜਗਹ ਬਣ ਗਈ।

## ਸਿਆਣੀ ਬੇਹੋਸ਼ੀ

ਏਸੇ ਦੌਰਾਨ ਸਾਨੂੰ ਸਤਿਗੁਰੂ ਜੀ ਨੇ ਈਸ਼ਵਰੀ ਲੀਲ੍ਹਾ ਦਾ ਜ਼ਿਕਰ ਕਰਦਿਆਂ ਦੱਸਿਆ : ਅੱਜ ਭੂੰਤਰ ਤੋਂ ੫-੬ ਮੀਲ ਪਰ੍ਹਾਂ ਹੀ ਗੱਡੀ ਚਲਾਂਦੇ ਚਲਾਂਦੇ ਗੁਰਮੁਖ ਸਿੰਘ ਨੇ ਗੱਡੀ ਇਕ ਪਾਸੇ ਲਾ ਕੇ ਗੇਅਰ ਚੋਂ ਕੱਢ ਦਿਤੀ ਅਤੇ ਬੰਦ ਕਰ ਦਿਤੀ। ਮੈਂ ਹੈਰਾਨ ਹੋ ਗਿਆ। ਅਵਾਜ਼ ਦਿਤੀ। ਪਰ ਕੋਈ ਉੱਤਰ ਨਾ। ਫਿਰ ਬੁਲਾਇਆ। ਪਰ ਕੋਈ ਚਿੰਨ੍ਹ ਨਾ ਹਿਲਜੁਲ ਦੇ। ਜੇ ਮੂੰਹ ਵੇਖਿਆ ਤਾਂ ਡੇਲੇ ਪੁੱਠੇ ਹੋਏ ਪਏ। ਰੰਗ ਉਡ ਗਿਆ। ਨਬਜ਼ ਠੀਕ ਸੀ। ਅਚਾਨਕ ਇਹ ਕੀ ਹੋ ਗਿਆ ! ਇਹ ਤਾਂ ਚੰਗਾ ਭਲਾ ਤੇ ਤਿਆਰ ਬਰਤਿਆਰ ਸੀ। ਇਕ ਪਲ ਵਿਚ ਕੀ ਹੋ ਗਿਆ ? ਮਿੰਟ ਡੇਢ ਦੇ ਵਕਫ਼ੇ ਬਾਅਦ ਫਿਰ ਬੁਲਾਇਆ। ਉਸ ਅੱਖਾਂ ਖੋਲ੍ਹ ਲਈਆਂ। ਪੁੱਛਿਆ : ਕੀ ਹੋ ਗਿਆ ? ਉਸ ਤੋਂ ਬੋਲਿਆ ਨਹੀਂ ਗਿਆ। ਸਿਰਫ਼ ਦਿਲ ਨੂੰ ਹੱਥ ਲਾਇਆ। ਪੰਜ-ਸੱਤ ਮਿੰਟਾਂ ਪਿਛੋਂ ਸ਼ਕਤੀ ਪੂਰੀ ਤਰ੍ਹਾਂ ਬਹਾਲ ਹੋਈ ਤਾਂ ਗੱਡੀ ਚਲਣ ਲਗੀ।

ਏਨੀ ਗੱਲ ਸੁਣਾਕੇ ਸਤਿਗੁਰੂ ਜੀ ਨੇ ਫਿਰ ਬਚਨ ਕੀਤਾ : ਏਥੇ ਸਭ ਕੁਝ ਹੀ ਹੋ ਸਕਦਾ ਸੀ। ਉਹ ਮਰ ਵੀ ਸਕਦਾ ਸੀ। ਜੇ ਖ਼ਰਾਬ ਸਚਿਊਏਸ਼ਨ ਵਿਚ ਖਲੋਤੇ ਹੁੰਦੇ ਤਾਂ ਅਸੀਂ ਵੀ ਸਮੇਤ ਗੱਡੀ ਰਿੜ੍ਹ ਸਕਦੇ ਸਾਂ, ਅਗੇ ਭਾਵੇਂ ਬਿਆਸ ਦੀ ਝੋਲੀ ਵਿਚ ਹੀ ਜਾ ਪੈਂਦੇ।

ਅਤੇ ਸਚਮੁਚ ਇਹ ਕਾਫ਼ੀ ਭਿਆਨਕ ਸਥਿਤੀ ਸੀ।

ਸਤਿਗੁਰੂ ਜੀ ਨੇ ਸਾਨੂੰ ਮੁੜ ਸਹੀ ਥਾਂ ਲਿਆਉਣ ਲਈ ਬਿਆਸ ਦੇ ਪਾਰਲੇ ਕੰਢੇ ਵਲ ਤਕਾਕੇ ਦੱਸਿਆ : ਇਹ ਚੀਲ੍ਹਾਂ ਦਾ ਜੰਗਲ ਹੈ। ਮਨਾਲੀ ਦੀ ਸੁੰਦਰਤਾ ਬਣਾਈ ਰਖਣ ਲਈ ਇਸਨੂੰ ਕਟਿਆ ਨਹੀਂ ਜਾਂਦਾ।

## ਅਠਖੇਲੀ

ਜਦੋਂ ਸਤਿਗੁਰੂ ਜੀ ਨੇ ਬਣਦੇ ਲਾਂਘੇ ਨੂੰ ਐਨ ਮੁਕੰਮਲ ਹੋਇਆ ਵੇਖਿਆ ਤਾਂ ਬੱਚਿਆਂ ਨੂੰ ਆਖਿਆ : 'ਬੱਸ ਕਰੋ ਹੁਣ'' ਅਤੇ ੧੫-੨੦ ਸੈਕਿੰਡ ਦੇ ਵਕਫ਼ੇ ਬਾਅਦ ਪਹਿਲੇ ਵਾਕ ਨਾਲ ਸ਼ਬਦ ਜੋੜੇ, "ਕੁੱਲੂ ਦੀ !" ਅਜਿਹੀਆਂ ਬੁੱਧੀਮਤਾ ਪੂਰਣ ਤੇ ਮਿੱਠੀਆਂ ਅਠਖੇਲੀਆਂ ਤਾਂ ਆਪ ਦਿਨ ਵਿਚ ਕਈ ਵਾਰ ਕਰ ਜਾਂਦੇ ਹਨ। ਅਜਿਹੇ ਸਮਿਆਂ ਤੇ ਮੇਰੀਆਂ ਅੱਖਾਂ ਅਤੇ ਆਪ ਜੀ ਦੇ ਨੇਤਰ ਜ਼ਰੂਰ ਮਿਲ ਜਾਂਦੇ ਹਨ ਅਤੇ ਐਸੀਆਂ ਚਟਖਾਰੀਆਂ ਨਾਲ ਮੇਰਾ ਹਿਰਦਾ ਅਨੰਦਤ ਕਰ ਦਿੰਦੇ ਹਨ।

ਪੰਜ ਵਜ ਚੁੱਕੇ ਸਨ। ਹੇਠਾਂ, ਦਰਿਆ ਦੇ ਨਾਲ ਠੰਢ ਵੀ ਸੀ ਤੇ ਹਵਾ ਵੀ ਵਗਣ ਲਗ ਪਈ ਸੀ। ਹਰਵਿੰਦਰ ਸਿੰਘ ਹੁਰੀਂ ਸੇਠ ਹੁਰਾਂ ਨਾਲ, ਸਮੇਤ ਮੇਰੇ ਮਾਰਕਿਟ ਜਾਣਾ ਚਾਹੁੰਦੇ ਸਨ। ਉਹਨਾਂ ਆਗਿਆ ਲਈ। ਤੁਰਨ ਲਗਿਆਂ, ਸਤਿਗੁਰੂ ਜੀ ਨੇ ਮਾਤਾ ਜੀ ਵਾਸਤੇ ਗੱਡੀ ਰੁਕਵਾ ਲਈ। ਮਾਤਾ ਜੀ ਨਾਲ ਅਸੀਂ ਮਨਾਲੀ ਦੀ ਮਾਰਕਿਟ ਵਿਚ ਗਏ। ਪਰ ਅੱਜ ਐਤਵਾਰ ਸੀ। ਦੁਕਾਨਾਂ ਬੰਦ ਅਤੇ ਰੋਡ-ਬਾਜ਼ਾਰ ਲਗਾ ਹੋਇਆ। ਸੇਠ ਹੁਰੀਂ ਘਰੋਂ ਪੂਰੀ ਤਿਆਰੀ ਨਾਲ ਨਹੀਂ ਸਨ ਆਏ ਹੋਏ ਸਵੈਟਰ ਖਰੀਦਣੀ ਸੀ। ਪਰ ਸਾਰੇ ਬਾਜ਼ਾਰ ਵਿਚੋਂ ਉਨ੍ਹਾਂ ਦੇ ਮੇਚ ਦੀ ਕੋਈ ਸਾਧਾਰਨ ਸਵੈਟਰ



Sri Satguru Jagjit Singh Ji Elibrary NamdhariElibrary@gmail.com

ਵੀ ਨਾ ਮਿਲੀ ਤਾਂ ਵੀ ਸਤਿਗੁਰੂ ਜੀ ਅਤੇ ਸੰਗਤ ਵਾਲੇ ਦੋ ਢਾਈ ਸੌ ਰੁਪੈਆ ਖਰਚ ਕਰਕੇ ਕੋਠੀ ਵਲ ਪਰਤੇ।

ਆਉਂਦਿਆਂ ਨੂੰ, ਰਾਹ ਵਿਚ ਹੀ, ਸਤਿਗੁਰੂ ਜੀ ਆਪਣੀ ਗੱਡੀ ਵਿਚ ਮਿਲੇ। ਆਪ ਗੁਰਮੁਖ ਸਿੰਘ (ਚਾਲਕ) ਦੀ ਭਾਲ ਵਿਚ ਸਨ। ਕਿਤੇ ਨਜ਼ਰ ਨਹੀਂ ਪਿਆ। ਖਿਆਲ ਹੋਇਆ ਖਉਰੇ ਸਾਡੇ ਨਾਲ ਹੀ ਹੋਵੇ ! ਸਤਿਗੁਰੂ ਜੀ ਨੂੰ ਤਦ ਤਕ ਆਰਾਮ ਨਹੀਂ ਮਿਲਿਆ। ਜਦ ਤਕ ਉਸਨੂੰ ਪ੍ਰਾਪਤ ਨਹੀਂ ਕਰ ਲਿਆ। ਅਤੇ ਉਹਦੀ ਸਿਹਤ ਬਾਰੇ ਤਸੱਲੀ ਨਹੀਂ ਕਰ ਲਈ। ਸਤਿਗੁਰੂ ਜੀ ਦੇ ਸੁਭਾਅ ਦਾ ਇਹ ਹਿੱਸਾ ਹੈ ਕਿ ਆਪਣੇ ਨਾਲ ਲਇਆਂ ਦਾ ਪਲ ਪਲ ਧਿਆਨ ਰਖਦੇ ਹਨ।

ਇਸ ਪਾਸਿਉਂ ਜ਼ਰਾ ਕੁ ਮਾਨਸਿਕ ਸੁਖ ਮਿਲਿਆ ਹੀ ਸੀ ਕਿ ਸੰਤ ਗੁਰਚਰਨ ਸਿੰਘ ਨੇ ਆਣ ਦਸਿਆ : ਪੇਟ ਵਿਚ ਕੁਛ ਦਰਦ ਡਰਾਈਵਰ ਰਘੁਬੀਰ ਸਿੰਘ ਨੂੰ ਵੀ ਹੋ ਰਿਹਾ ਹੈ ਅਤੇ ਉਸ ਲਈ ਓਹੜ ਪੋਹੜ ਕੀਤਾ ਜਾ ਰਿਹਾ ਹੈ।

### ਥੋੜ੍ਹੀ ਜਿਹੀ ਬੈਟਰੀ

ਸਤਿਗੁਰੂ ਜੀ ਨਾਲ ਸੇਠ ਜੀ, ਹੰਸਪਾਲ ਅਤੇ ਮੈਂ ਕੁਛ ਪੜ੍ਹਨ ਲਈ ਉਨ੍ਹਾਂ ਦੇ ਕਮਰੇ ਵਿਚ ਬੈਠੇ ਸਾਂ ਕਿ ਵਿਚਾਲੇ ਹੀ ਕਾਰ ਵਿਚਲੇ ਰੇਡੀਓ ਤੋਂ ਖ਼ਬਰਾਂ ਸੁਣਨ ਦੇ ਖਿਆਲ ਨਾਲ ਸਕੱਤਰ ਤਰਸੇਮ ਸਿੰਘ ਆ ਗਿਆ : "ਸੇਠ ਜੀ ਥੋੜੀ ਜਿਹੀ ਬੈਟਰੀ ਦੇਣੀ ?" ਉਹ ਤਾਂ ਅਜੇ ਟਾਰਚ ਬਾਰੇ ਸੋਚ ਹੀ ਰਹੇ ਸਨ ਕਿ ਸਤਿਗੁਰੂ ਜੀ ਨੇ ਹਥਲੀ ਟਾਰਚ ਦਾ ਪਿਛਲਾ ਢਕਣਾ ਕਢ ਕੇ ਉਸ ਵਲ ਕੀਤਾ। ਸੁਭਾਵਕ ਸੀ "ਥੋੜੀ ਜਿਹੀ ਬੈਟਰੀ" ਵੇਖਕੇ ਹਾਸਾ ਮਚਦਾ।

ਸਾਨੂੰ ਪੜ੍ਹਦੇ-ਸੁਣਦਿਆਂ ੯.੫੦ ਹੋ ਗਏ ਤਾਂ ਤਰਸੇਮ ਸਿੰਘ ਨੇ ਫਿਰ ਦਰਸ਼ਨ ਦਿਤੇ : ਸੱਚੇ ਪਾਤਸ਼ਾਹ, ਆਪ ਨੂੰ ਬੁਲਾਇਆ ਜਾ ਰਿਹਾ ਹੈ, ਆਪ ਨੇ ਬਿਰਾਜਣਾ ਵੀ ਹੈ।

### ਸਰਮਾਇਆ ਤੇ ਸਾਹਿਤ

ਸਾਡੇ ਨਾਲ ਆਏ ਹੋਏ ਸਭ ਸੁਖਾਸਣ ਹੋਏ-ਹੋਏ ਹਨ। ਬੱਚੇ ਲੰਗਰ ਉਤਲੇ ਕਮਰੇ ਵਿਚ। ਪਹਿਲੀ ਕੋਠੀ ਵਿਚ ਸੂਬਾ ਜੀ, ਡਾਲਟਨ ਗੰਜੀਏ ਤੇ ਸ੍ਰ: ਸੇਵਾ ਸਿੰਘ ਮੰਜਿਆਂ ਉਤੇ ਸਨ। ਹੇਠਾਂ ਲੇਫ਼, ਉਪਰ ਲੇਫ਼। ਸਤਿਗੁਰੂ ਜੀ ਪਾਸ ਸੇਠ ਤੇ ਹੰਸਪਾਲ ਹੁਰਾਂ ਸੌਣਾ ਸੀ। ਭੂੰਤਰੋਂ ਅਤੇ ਮੰਡੀਓਂ ਆਏ ਸੱਜਣ ਭੁੰਜੇ ਹੀ ਲੇਫ਼ ਤਲਾਈਆਂ ਸੁੱਟ ਪੈ ਗਏ। ਜਦੋਂ ਮੇਰੇ ਇੰਤਜ਼ਾਮ ਦਾ ਸੁਆਲ ਪੈਦਾ ਹੋਇਆ ਤਾਂ ਸ੍ਰੀ ਸਤਿਗੁਰੂ ਜੀ ਨੇ ਫ਼ਰਮਾਇਆ : ਕਵੀ ਹੁਰਾਂ ਲਈ ਪੂਰਬਾ ਖਾਸ ਖਿਆਲ ਰਖਦਾ ਹੈ। ਪਰ ਅੱਜ ਤਾਂ ਕਵੀ ਹੁਰਾਂ ਲਈ ਕੋਈ ਪ੍ਰਬੰਧ ਨਹੀਂ ਸੀ। ਜੰ ਸਿੰਘ, ਕੋਠੀ ਦੇ ਰਖਵਾਲੇ ਨੂੰ ਕਿਹਾ ਗਿਆ : ਕੋਈ ਕਰ ਜਤਨ। ਉਸ ਦੱਸਿਆ ਉਹ ਅੱਗੇ ਦੋ ਮੰਜੇ ਮੰਗ ਕੇ ਲਿਆਇਆ ਹੈ। ਪ੍ਰਬੰਧਕ ਮੇਰੇ ਲਈ ਫ਼ਿਕਰ ਕਰ ਹੀ ਰਹੇ ਸਨ ਕਿ ਸਤਿਗੁਰੂ ਜੀ ਨੇ ਮਾਤਾ ਜੀ ਵਾਲਾ ਮੰਜਾ ਵਿਹਲਾ ਕਰਵਾਕੇ ਉਨ੍ਹਾਂ ਲਈ ਭੁੰਜੇ ਪੈਣ ਦਾ ਪ੍ਰਬੰਧ ਦੱਸਕੇ ਜੰ ਸਿੰਘ ਹੱਥੀਂ ਮੇਰੇ ਲਈ ਮੰਜਾ ਭੇਜ ਦਿਤਾ। ਮੇਰੇ ਲਈ ਸਚਮੁਚ ਹੀ ਇਹ ਬਹੁਤ ਵੱਡੀ ਗੱਲ ਸੀ। ਪਰ ਸਤਿਗੁਰੂ ਜੀ ਨੂੰ ਸਰਮਾਏਦਾਰਾਂ ਦੇ ਟਾਕਰੇ ਸਾਹਿਤਕਾਰ (?) ਦਾ ਵੀ ਫ਼ਿਕਰ ਸੀ। ਮਾਤਾ ਜੀ ਦਾ ਭੁੰਜੇ ਬਿਰਾਜਣਾ ਮੈਨੂੰ ਅਖਰਦਾ ਸੀ। ਮਹਿੰਦਰ ਸਿੰਘ ਪੂਰਬਾ ਨੂੰ ਜਦੋਂ ਮੈਂ ਅਪਣੀ ਮੁਸ਼ਕਲ ਦੱਸੀ, ਉਸ ਕਿਹਾ : ਚਿੰਤਾ ਨਾ ਕਰੋ। ਆਰਾਮ ਨਾਲ ਸੋ ਜਾਓ।

## ੧੫ ਮਈ ੧੯੭੮ ਸੋਮਵਾਰ
## ਮਨਾਲੀ (ਹਿ: ਪ੍ਰ:)

### ਆਸਾ ਦੀ ਵਾਰ

ਜਦੋਂ ਕਿ ਦਿੱਲੀ ਵਿਚ ਇਹਨੀਂ ਦਿਨੀਂ ਟੈਂਕੀਆਂ ਵਿਚ ਪਏ ਹੋਏ ਪਾਣੀ ਉਬਲਦੇ ਹੁੰਦੇ ਹਨ ਤੇ ਟੂਟੀਆਂ ਥੱਲੇ ਪਿੰਡਾ ਕੋਤਿਆਂ ਸੜਦਾ ਹੈ, ਮਨਾਲੀ ਵਿਚ ਠੰਢੇ ਪਾਣੀ ਨਾਲ ਨਹਾਣੋਂ ਡਰ ਲਗਦਾ ਹੈ। ਸਤਿਗੁਰੂ ਜੀ ਅਤੇ ਉਨ੍ਹਾਂ ਦੇ ਸੇਵਕ ਸਦਾ ਠੰਢੇ ਪਾਣੀ ਨਾਲ ਇਸ਼ਨਾਨ ਕਰਦੇ ਹਨ। ਪਹਾੜ ਵਾਸੀ ਜਵਾਨ ਨਾਮਧਾਰੀਆਂ ਤਾਂ ਸਵੇਰਸਾਰ ਦੇ ਸ਼ਨਾਨ ਠੰਢੇ ਪਾਣੀ ਨਾਲ ਹੀ ਕੀਤੇ ਜਦੋਂ ਸਾਨੂੰ ਬੁੱਢੇ ਠੇਰਿਆਂ ਨੂੰ ਅਤੇ ਆਰਾਮ ਤਲਬ ਵਿਅਕਤੀਆਂ ਨੂੰ ਗਰਮ ਪਾਣੀ ਮਿਲ ਗਿਆ।

੩ ਵਜੇ ਤੋਂ ਹੀ ਆਸਾ ਦੀ ਵਾਰ ਸ਼ੁਰੂ ਸੀ। ਸ਼ੀਸ਼ਿਆਂ ਵਾਲੀ ਕੈਬਿਨ ਵਿਚੋਂ ਕੀਰਤਨ ਦੀਆਂ ਧੁਨਾਂ, ਮੰਦਰਾਂ ਵਿਚ ਪਈਆਂ ਅਗਰ ਬੱਤੀਆਂ ਦੇ ਵਲਾਵੇਂਦਾਰ ਧੂੰਏਂ ਵਾਂਗ ਉਠ ਰਹੀਆਂ ਸਨ। ਸ੍ਰੀ ਸਤਿਗੁਰੂ ਜੀ ਇਕ ਪਾਸੇ ਬੈਠੇ ਸ਼ੋਭਾ ਪਾ ਰਹੇ ਸਨ, ਨਾਲ ਅਤੇ ਏਧਰ ਓਧਰ ਸੰਗਤ ਬੈਠੀ ਹੋਈ ਸੀ।

ਮਨਾਲੀ ਵਿਚ, ਜਿਥੇ ਲੋਕ ਐਸ਼ ਇਸ਼ਰਤ ਅਤੇ ਪੀਣ ਖਾਣ ਹੀ ਜਾਂਦੇ ਹਨ, ਅਮ੍ਰਿਤ ਵੇਲੇ ਆਸਾ ਦੀ ਵਾਰ ਲੋਕਾਂ ਲਈ ਤਾਂ 'ਬੇਥਵਿਆਂ ਦਾ ਇਕ ਕਰਮ' ਹੀ ਜਾਪਦਾ ਹੋਵੇਗਾ ਪਰ ਨਾਮਧਾਰੀ ਸਮਾਜ ਵਿਚ ਅਤੇ ਸਤਿਗੁਰੂ ਜੀ ਦੀ



Sri Satguru Jagjit Singh Ji Elibrary NamdhariElibrary@gmail.com

ਮੌਜੂਦਗੀ ਵਿਚ ਤਾਂ ਏਸੇ ਵੇਲੇ ਜੁਗਾਂ ਤੋਂ ਹੁੰਦਾ ਆਇਆ ਹੈ। ਕੇਬਨ ਦੇ ਸ਼ੀਸ਼ਿਆਂ ਚੋਂ ਬਾਹਰ ਝਾਕਿਆਂ ਪ੍ਰਭਾਤ ਦੀ ਲੋ ਵਿਚ ਬਰਫੀਲੀਆਂ ਚੋਟੀਆਂ ਵੀ ਦਿਸਦੀਆਂ ਸਨ ਤੇ ਨੇੜੇ ਦੇ ਪਰਬਤਾਂ ਦੀਆਂ ਚੀਲਾਂ ਲੱਗੀਆਂ ਵਖੀਆਂ—ਅਤੇ ਸਿਖਰਾਂ ਵੀ। ਦ੍ਰਿਸ਼ ਬੜਾ ਲੁਭਾਵਨਾ ਸੀ : ਕੰਨਾਂ ਵਿਚ ਸੰਗੀਤ ਗੁੱਧਾ ਕੀਰਤਨ, ਸਾਹਵੇਂ ਸਤਿਗੁਰੂ ਜੀ—ਆਪਣੇ ਮਹਾਂ ਪਿਆਰੇ ਦੇ ਦਰਸ਼ਨ ਤੇ ਦੂਰਾਈਆਂ ਵਲ ਨਿਹਾਰਿਆਂ ਪਰਕ੍ਰਿਤੀ ਨਾਲ ਇਕਮਿਕਤਾ। ਦੋਹੀਂ ਹੱਥੀ ਲੱਡੂ ਹੀ ਨਹੀਂ-ਮੂੰਹ ਵਿਚ ਵੀ ਲੱਡੂ।

## ਰਘੁਬੀਰ ਦੀ ਪੀੜਾ

ਅਜ ਵਾਰ ਦੇ ਕੀਰਤਨ ਪਿਛੋਂ ਫੌਰਨ ਲੰਗਰ ਵਰਤ ਗਿਆ ਕਿਉਂਕਿ ੬.੩੦ ਤਕ ਰੁਹਤਾਂਗ ਪਾਸ ਲਈ ਬੱਸ ਤੇ ਜਾਣਾ ਸੀ। ਮੰਡੀ ਦੀ ਸੰਗਤ ਵਲੋਂ ਕਲ ੬੦੦/- ਦੇ ਕੇ ੩੦ ਸਵਾਰੀਆਂ ਵਾਲੀ ਸਾਲਮ ਬਸ ਕਰ ਲਈ ਸੀ। ਸਤਿਗੁਰੂ ਜੀ ਨੂੰ ਪੌੜੀਆਂ ਉਤਰਦਿਆਂ ਹੀ ਸੰਤ ਗੁਰਚਰਨ ਸਿੰਘ ਦਿੱਲੀ ਨੇ ਰਿਪੋਰਟ ਕੀਤਾ : ਸਾਰੀ ਰਾਤ ਰਘੁਬੀਰ ਸਿੰਘ ਤੜਪਿਆ ਹੈ। ਡਾ: ਸ਼ਰਨਜੀਤ ਵਲ ਲੈ ਗਏ ਸਾਂ। ਉਸ ਨੇ ਟੀਕੇ ਕੀਤੇ ਇਕ, ਦੋ, ਤਿੰਨ ਪਰ ਆਰਾਮ ਸੀ ਕਿ ਆਉਣ ਦਾ ਨਾਂ ਨਹੀਂ ਸੀ ਲੈਂਦਾ। ਫਿਰ ਮੈਂ ੧੨ ਵਜੇ ਰਾਤੀਂ ਗੱਡੀ ਲੈ ਕੇ ਸਿਵਲ ਹਸਪਤਾਲ ਗਿਆ। ਉਥੋਂ ਇਕ ਖਾਸ ਟੀਕਾ ਲਿਆਂਦਾ। ਕੁਛ ਆਰਾਮ ਤਾਂ ਹੈ ਪਰ ਅਜੇ ਦਰਦ ਖ਼ਤਮ ਨਹੀਂ ਹੋਈ। ਸਤਿਗੁਰੂ ਜੀ ਪੁਛਿਆ : ਰਘੁਬੀਰ ਕਿਥੇ ਹੈ ? ਦਸਿਆ ਗਿਆ : ਡਾ: ਦੇ ਪਾਸ ਹੀ ਹੈ। ਸਤਿਗੁਰੂ ਜੀ ਨੇ ਗੁਰਚਰਨ ਸਿੰਘ ਦੀ ਡਿਊਟੀ ਲਗਾਈ ਕਿ ਉਹ ਉਸ ਦੇ ਪਾਸ ਹੀ ਰਹੇ ਤੇ ਉਹਦੀ ਦੇਖ ਭਾਲ ਕਰੇ। ਸਤਿਗੁਰਾਂ ਗੁਰਮੁਖ ਸਿੰਘ ਬਾਰੇ ਵੀ ਜਾਣਕਾਰੀ ਲੈ ਲਈ।

ਬੱਸ ੬.੩੦ ਵਜੇ ਜਗਤ ਸੁਖ ਵਾਲੀ ਸੜਕ ਤੇ ਕੋਠੀ ਦੇ ਬੂਹੇ ਪਾਸ ਆ ਰੁਕੀ। ਸਤਿਗੁਰੂ ਜੀ ਨੇ ਸੰਤ ਤਰਸੇਮ ਸਿੰਘ ਨੂੰ ਕਹਿਕੇ ਸਵਾਰੀਆਂ ਬਿਠਾਈਆਂ। ਜਥੇਦਾਰ ਸੇਵਾ ਸਿੰਘ ਮੰਡੀ ਨੇ ਬੇਨਤੀ ਕੀਤੀ ਕਿ ਉਸਦੀ ਪਤਨੀ ਵੀ ਰੁਹਤਾਂਗ ਲਈ ਨਾਲ ਜਾਣਾ ਚਾਹੁੰਦੀ ਹੈ। ਬਚਨ ਹੋਇਆ ਤੂੰ ਕਿਤੇ ਫੇਰ ਵਖਾ ਲਿਆਵੀਂ, ਹੁਣ ਸਵਾਰੀਆਂ ਪੂਰੀਆਂ ਹਨ। ਦੋ ਮਿੰਟ ਰੁਕ ਕੇ ਜਥੇਦਾਰ ਨੂੰ ਕਿਹਾ : ਲੈ ਆਓ ਜਥੇਦਾਰਨੀ ਨੂੰ ਚਲੀਏ। ਤਾਂ ਸੇਵਾ ਸਿੰਘ ਨੇ ਕਿਹਾ : ਹੁਣ ਮੇਰੀ ਕੁੜਮਣੀ ਸੇਵਾ ਕੌਰ ਵੀ ਨਾਲ ਜਾਣਾ ਚਾਹੁੰਦੀ ਹੈ। ਸਤਿਗੁਰਾਂ ਫ਼ੁਰਮਾਇਆ : ਤੂੰ ਮੇਰੇ ਵਲ ਗੋਲਾ ਸੁਟਿਆ ਸੀ, ਮੈਂ ਤੇਰੇ ਵਲ ਸੁੱਟ ਦਿਤਾ। ਹੁਣ ਦੋਹਾਂ ਨੂੰ ਰਹਿਣ ਦਿਓ। ਤੁਸਾਂ ਲੰਗਰ ਤਿਆਰ ਕਰ ਰਖਣਾ।

## ਜੁਗਾਂ ਦਾ ਗਾਈਡ

ਨਾਲ ਕੌਣ ਕੌਣ ਸਨ ? ੩੦ ਸਰੀਰ, ਜਿਨ੍ਹਾਂ ਦੇ ਨਾਂ ਭੁੰਤਰ ਵਿਖੇ ਗਿਣ ਦਿਤੇ ਸਨ। ਬਸ ਅਜੇ ਮਨਾਲੀ ਪੁਲ ਕੋਲ ਹੀ ਪੁਜੀ ਸੀ ਕਿ ਸ੍ਰੀ ਸਤਿਗੁਰੂ ਜੀ ਨੇ ਟੂਰਿਸਟ ਬਸ ਦਾ ਮਾਈਕ ਫੜ ਲਿਆ। ਇਸ ਦੇ ਅਨੇਕਾਂ ਕਾਰਨ ਸੀ। ਪ੍ਰਤੱਖ ਕਾਰਨ ਸੀ ਸਾਨੂੰ ਵਾਕਫ਼ੀ ਦੇਣਾ। ਅਤੇ ਫਿਰ ਸਤਿਗੁਰੂ ਜੀ ਨੇ ਏਨੀ ਖ਼ੂਬਸੂਰਤੀ ਨਾਲ ਕੁਦਰਤ ਦੀ ਸੁੰਦਰਤਾ ਨਾਲ ਢੁਕਦੇ ਮਿਚਦੇ ਸ਼ਬਦਾਂ ਵਿਚ ਨਾਲਿਆਂ, ਖੱਡਾਂ, ਝਰਨਿਆਂ, ਤਰ੍ਹਾਂ ਤਰ੍ਹਾਂ ਦੇ ਰੁੱਖ ਬੂਟਿਆਂ, ਪਰਬਤ ਸਿਖਰਾਂ ਅਤੇ ਬਰਫਾਨੀ ਚੋਟੀਆਂ ਦਾ ਜ਼ਿਕਰ ਕਰਨਾ ਸ਼ੁਰੂ ਕੀਤਾ ਕਿ ਇਸ ਜੁੱਗਾਂ ਦੇ ਗਾਈਡ ਨੂੰ ਨਮਸਕਾਰ ਕਰਨ ਤੇ ਜੀ ਕਰ ਆਇਆ। ਜਾਪਦਾ ਸੀ ਕਿ ਸਤਿਗੁਰੂ ਜੀ ਕਥਨ ਦੀ ਕਲਾਤਮਕਤਾ ਨਾਲ ਸਾਡੇ ਵਿਚ ਬੈਠੇ ਹਰ ਤਰ੍ਹਾਂ ਦੇ ਵਿਅਕਤੀਆਂ ਨਾਲ ਸਾਂਝ ਵੀ ਦਰਸਾ ਰਹੇ ਹਨ ਤੇ ਚੂੰਢੀਆਂ ਦੀ ਕਿਰਪਾ ਵੀ ਕਰ ਰਹੇ ਹਨ।

ਇਸ ਸਮੇਂ ਸਤਿਗੁਰੂ ਜੀ ਨੇ ਆਪਣੇ ਪਿਤਾ ਸਤਿਗੁਰੂ ਨਾਲ ਕੀਤੀ ਪ੍ਰਥਮ ਯਾਤਰਾ ਦਾ ਵਿਵਰਣ ਵੀ ਸੁਣਾਇਆ। ੧੯੩੯-੪੦ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਰੁਹਤਾਂਗ ਪਾਸ ਅਤੇ ਇਸ ਤੋਂ ਅਗੇ ਤਕ ਵੀ ਕੁਦਰਤ-ਭਰਮਣ ਦਾ ਆਨੰਦ ਮਾਣਿਆ ਸੀ। ਅਤੇ ਇਸ ਦਾ ਜ਼ਿਕਰ ਉਦੋਂ ਚਿੱਠੀ ਦੁਆਰਾ ਮੈਨੂੰ ਵੀ ਭੇਜਿਆ ਸੀ। ਉਹਨੀਂ ਦਿਨੀ "ਸਤਿਜੁਗ" ਭੈਣੀ ਸਾਹਿਬ ਤੋਂ ਪ੍ਰਕਾਸ਼ਤ ਹੁੰਦਾ ਸੀ ਅਤੇ ਮੈਂ ਉਸਦਾ ਸੰਪਾਦਕ ਸਾਂ। ਮੈਂ ਉਹ ਪੱਤਰਕਾ ਸਤਿਜੁਗ ਵਿਚ ਛਾਪ ਦਿਤੀ। ਸੱਚੇ ਪਾਤਸ਼ਾਹ ਜੀ ਨੇ ਉਸ ਵੇਲੇ ਤੋਂ ਲੈ ਕੇ ਹੁਣ ਤਕ ਦੀਆਂ ਸਾਰੀਆਂ ਰੁਹਤਾਂਗ ਫੇਰੀਆਂ, ਬਰਫ਼ ਖੇਡਾਂ ਨਾਲ ਸਾਡੀ ਸਾਂਝ ਪੁਆਈ ਅਤੇ ਇਸ ਦਾ ਸਿਹਰਾ ਵੀ ਸਾਡੇ ਸਿਰ ਬੰਨ੍ਹ ਦਿਤਾ ਕਿ ਸਾਡੇ ਕਰਕੇ ਪਿਛਲੇ ਸਾਲਾਂ ਦੀਆਂ ਸਾਰੀਆਂ ਘਟਨਾਵਾਂ ਅੱਖਾਂ ਅਗੇ ਆ ਗਈਆਂ।

ਇਸ ਸੁਹਾਣੇ ਸਫਰ ਨੂੰ ਆਪ ਨੇ ਜੀਵਨ ਯਾਤਰਾ ਮੁੜ ਚਿਤਾਰਨ ਦਾ ਨਾਮ ਦਿਤਾ। ਪਿੱਛੇ ਛੱਡ ਆਈਆਂ ਸੜਕਾਂ, ਮਕਾਨਾਂ, ਪਿੰਡਾਂ ਨਾਲ ਤੁਲਨਾ ਦਿਤੀ ਬੀਤੀਆਂ ਘਟਨਾਵਾਂ ਦੀ ਤੇ ਆਖਿਆ : ਮੋਹ ਨਹੀਂ ਪਾਉਣਾ ਚਾਹੀਦਾ, ਚਲਦੇ ਚਲੇ ਜਾਣਾ ਚਾਹੀਦਾ ਹੈ। ਅਸ਼ਾਂ ਹੀ ਅੱਗੇ ਜਾਣਾ ਹੈ ਵਸਤਾਂ ਨੇ ਏਥੇ ਹੀ ਰਹਿਣਾ ਹੈ। ਅਤੇ ਫੇਰ ਵਿਆਖਿਆ



Sri Satguru Jagjit Singh Ji Elibrary NamdhariElibrary@gmail.com

ਸਹਿਤ ਬਚਨ ਕੀਤਾ : ਕੁਦਰਤ ਨੇ ਸਾਡੇ ਲਈ ਕਿਵੇਂ ਜੰਗਲ ਪਹਾੜ, ਝਰਨੇ, ਦਰਿਆਵਾਂ ਆਦਿ ਦਾ ਤਾਣਾ ਬਾਣਾ ਤਣ ਰਖਿਆ ਹੈ ਤਾਕਿ ਦੁਨੀਆ ਵਿਚ ਸਾਡਾ ਦਿਲ ਵੀ ਲਗਾ ਰਹੇ ਅਤੇ ਇਹਨਾਂ ਦੁਆਰਾ ਕੰਮ ਕਾਰ ਵੀ ਮਿਲਿਆ ਰਹੇ !

### ਮੜ੍ਹੀ ਦੇ ਪੈਰਾਂ ਵਿਚ

ਅਸੀਂ ਡੇਢ ਕੁ ਘੰਟੇ ਵਿਚ ਮਨਾਲੀਓਂ ਮਸਾਂ ੨੯ ਕਿਲੋ ਮੀਟਰ ਹੀ ਜਾ ਸਕੇ । ਮੜੀ ਤੋਂ ਵੀ ੫ ਕਿਲੋ ਮੀਟਰ ਪਿੱਛੇ ਹੀ ਅਟਕਣਾ ਪਿਆ । ਅਗੇ ਸੜਕ ਜੀਪ ਏਬਲ ਤਾਂ ਸੀ ਪਰ ਬਸ ਯੋਗ ਨਹੀਂ ਸੀ । ਬਰਫ ਦੇ ਵਡੇ ਵਡੇ ਚਾਪੜ ਤਾਂ ਸਾਨੂੰ ਕੋਠੀ (ਸਮੁੰਦਰ ਤਲ ਤੋਂ ੨੬,੨੭ ਮੀਟਰ, ਮਨਾਲੀ ਤੋਂ ੧੩ ਕਿ: ਮੀ: ਇਕ ਜਗਹ ਵਿਸ਼ੇਸ਼ ਦਾ ਨਾਮ) ਤੋਂ ਅਗੇ ਹੀ ਮਿਲਣ ਲਗੇ ਪਰ ਗੁਲਾਬਾ ਕੈਂਪ ਤੋਂ ਅਗੇਰੇ ਤਾਂ ਥਾਂ ਪਰ ਥਾਂ ਬਰਫ-ਚਾਪੜ ਦਿਸਣ ਲਗੇ । ਗੱਡੀ ਹੌਲੀ ਹੌਲੀ ਪਹਾੜ ਦੀ ਵੱਖੀ ਨਾਲ ਰੇਂਗਦੀ, ਮੋੜ ਤੇ ਮੋੜ ਕਟਦੀ ਚੋਟੀ ਵਲ ਨੂੰ ਵਧਦੀ ਜਾ ਰਹੀ ਸੀ । ਕਿਸੇ ਮੌਕੇ ਤਾਂ ਹੇਠ ਲੰਘ ਕੇ ਆਈਆਂ ੬-੬ ਸੜਕਾਂ ਵੀ ਦਿੱਸ ਪੈਂਦੀਆਂ । ਅਸੀਂ ਪਲੋ ਪਲੀ ਉੱਚਿਓਂ ਉਚੇਰੇ ਹੋਈ ਚਲੇ ਜਾ ਰਹੇ ਸਾਂ । ਦੁਨੀਆਂ, ਇਹ ਦੇ ਫਿਕਰੋ-ਗ਼ਮ ਸਭ ਪਿਛੇ ਰਹਿ ਗਏ ਸਨ । ਸਤਿਗੁਰੂ ਜੀ ਨੇ ਠੀਕ ਹੀ ਫ਼ਰਮਾਇਆ ਸੀ ਕਿ ਮਨੁਖ ਜਿਉਂ ਜਿਉਂ ਗਿਆਨ ਵਾਨ ਹੁੰਦਾ ਜਾਂਦਾ ਹੈ, ਉਹ ਇੰਜ ਹੀ ਹੇਠਲੇ ਪੱਧਰ ਤੋਂ ਉਪਰ ਨੂੰ ਉਡਦਾ ਚਲਾ ਜਾਂਦਾ ਹੈ ।

ਹੁਣ ਅਸੀਂ ਬਰਫਾਨੀ ਚੋਟੀਆਂ ਵਿਚਾਲੇ ਸਾਂ । ਜੰਮੇ ਪਏ ਝਰਨਿਆਂ ਨੂੰ ਪਾਣੀ ਬਣ ਬਣ ਖੁਰਦਿਆਂ ਵੇਖਦੇ ਆਨੰਦ ਵਿਭੋਰ ਹੋ ਰਹੇ ਸਾਂ । ਜਿਉਂ ਜਿਉਂ ਉਪਰ ਨੂੰ ਗਏ ਚੀਲਾਂ ਦੇ ਜੰਗਲ ਹੇਠਾਂ ਰਹਿ ਗਏ । ਕਿਤੇ ਕਿਤੇ ਕੈਲ ਪੜਤਲ ਆਦਿ ਦੇ ਰੁਖ ਗਰੋਹਾਂ ਦੇ ਰੂਪ ਵਿਚ ਨਜ਼ਰ ਪੈਂਦੇ । ਸਤਿਗੁਰੂ ਜੀ ਨੇ ਸਾਨੂੰ ਉਚਾਈ ਦੀ ਸਿਖਰ ਤੋਂ ਥੋੜਾ ਕੁ ਹੇਠਾਂ ਭੋਜ ਪੱਤਰ ਦੇ ਰੁਖ ਵੀ ਵਖਾਏ । ਇਸ ਰੁਖ ਦਾ ਤਣਾ ਤੇ ਟਾਹਲੀਆਂ ਚਿਟੀਆਂ ਚਿੱਟੀਆਂ ਹੁੰਦੀਆਂ ਹਨ ਜਿਵੇਂ ਬਰਫਾਂ ਨਾਲ ਏਕਾਕਾਰਤਾ ਇਹਦੀ ਲੋੜ ਹੋਵੇ ।

ਪਰਸ ਰਾਮ ਡਰਾਈਵਰ ਨੇ ਜਿਉਂ ਹੀ ਗੱਡੀ ਖਲ੍ਹਿਆਰੀ ਸਵਾਰੀਆਂ ਹੇਠਾਂ ਉਤਰੀਆਂ ਪਰ ਬਰਫ਼ ਠੰਡੀ ਹਵਾ ਦੇ ਝੋਂਕਿਆਂ ਨੇ ਬੁਕਲਾਂ ਵਲ੍ਹੇਟਣ ਤੇ ਸਰਦੀਓਂ ਬਚਣ ਲਈ ਸੋਚਿਆਂ ਕਰ ਦਿਤਾ । ਪਰ ਏਸ ਸਿਖਰੀ ਉਚਾਈ ਉਤੇ ਵੀ ਫੌਜੀ ਸੜਕਾਂ ਦੀ ਦੇਖ ਭਾਲ ਅਤੇ ਮੁਰੰਮਤ ਕਰਨ ਵਾਲੇ ਲੋਕ ਬਾਲ ਬੱਚੇ ਸਮੇਤ ਤੰਬੂਆਂ ਤੇ ਝੌਂਟੀਆਂ ਵਿਚ ਰਹਿੰਦੇ ਹਨ ।

ਮੜ੍ਹੀ ਤਾਂ ਦੂਰ ਸੀ । ਅਸੀਂ ਇਕ ਕਿਲੋਮੀਟਰ ਤਕ ਪੈਦਲ ਚਲੇ । ਦੁਆਲੇ ਜਿਵੇਂ ਬਰਫ਼ ਦਾ ਹੀ ਸਾਮਰਾਜ ਸੀ । ਸਤਿਗੁਰੂ ਜੀ ਨੇ ਬਚਨ ਕੀਤਾ : ਹੁਣ "ਭਲਮਾਣਸੀਆਂ" ਕੀਤੀਆਂ ਜਾ ਸਕਦੀਆਂ ਹਨ । ਅਤੇ ਨਾਲ ਆਏ ਜੁਆਨਾਂ ਦੇ ਬੱਚਿਆਂ ਨੂੰ ਜਿਵੇਂ ਸ਼ਰਾਰਤਾਂ ਕਰਨ ਲਈ ਹਰੀ ਝੰਡੀ ਮਿਲ ਗਈ । ਬੱਚਿਆਂ ਨੇ, ਸੜਕ ਦੇ ਪਾਸੇ ਨਾਲ ਪਈ ਹੋਈ ੧੦-੧੨-੧੫ ਫੁਟ ਤੱਕ ਦੇ ਬਰਫ ਦੇ ਕਦਾਂ ਨੂੰ ਠੁਡੇ, ਹੁੱਝਾਂ ਅਤੇ ਲਕੜਾਂ ਨਾਲ ਛੇੜਨਾ ਸ਼ੁਰੂ ਕੀਤਾ । ਸੜਕ ਨੂੰ ਚਾਲੂ ਰਖਣ ਲਈ ਆਈਸ ਬਰੇਕਰਾਂ ਨੇ ਇਹ ਬਰਫ਼ ਕੱਟੀ ਹੁੰਦੀ ਹੈ । ਵੱਟੇ ਬਰਫ਼ ਉਤੇ ਰੇੜ੍ਹਕੇ ਤਸਵੀਰਾਂ ਵਿਚ ਸੰਭਾਲੇ ਗਏ ।

### ਠੰਡਾਂ ਵਿਚ ਨਿੱਘ

ਏਧਰ, ਸਤਿਗੁਰੂ ਜੀ ਨੇ ਗੱਡੀਓਂ ਲਥਦਿਆਂ ਹੀ ਸਵੈਟਰ ਲਾਹ ਦਿਤੀ—ਜਦੋਂ ਕਿ ਅਸੀਂ ਦੋ ਦੋ ਪਜਾਮੇ ਕੁਰਤੇ ਚਾੜ ਉਪਰ ਦੋਹਰੀਆਂ ਸਵੈਟਰਾਂ ਨਾਲ ਵੀ ਠੰਢ ਅਨੁਭਵ ਕਰ ਰਹੇ ਸਾਂ । ਗਰਮ ਠੰਡੀਆਂ ਚੱਦਰਾਂ ਭਾਵੇਂ ਸੇਵਕਾਂ ਨੇ ਨਾਲ ਲਿਆਂਦੀਆਂ ਹੋਈਆਂ ਸਨ । ਪਰ ਸਤਿਗੁਰੂ ਜੀ ਨੂੰ ਆਨੰਦ ਆਉਂਦਾ ਹੈ ਇਉਂ ਅਪਣੇ ਆਪ ਨੂੰ ਪਰਖਕੇ ਜਾਂ ਕੁਦਰਤ ਨਾਲ ਦੂ-ਬ-ਦੂ ਹੋ ਕੇ । ਉਹੀ ਰੋਜ਼ ਮਰ੍ਹਾ ਦੇ ਬਸਤਰ ਸਨ ਗਲ ਵਿਚ । ਮੂਵੀ ਕੈਮਰਾ ਆਪਦੇ ਹੱਥਾਂ ਵਿਚ ਸੀ । ਉਹ ਨਾਲ ਆਇਆਂ ਦੇ ਹਰ ਗਰੁਪ ਵਲ ਵਾਰੀ ਵਾਰੀ ਸੇਧਤ ਹੁੰਦਾ ।

ਫੇਰ ਅਗੇ ਜਾਂਦਿਆਂ ਇਕ ਡਾਢੀ ਸਾਫ਼ ਸੁਫਾਫ ਬਰਫ਼ ਦਾ ਗਲੇਸ਼ੀਅਰ ਜਿਹਾ ਆਇਆ ਕਿ ਬਿਨਾ ਕੁਝ ਇਕ ਤੋਂ, ਸਾਰੇ ਹੀ ਉਸ ਉਚਾਈ ਤੇ ਚੜ੍ਹਕੇ ਚਲਣ ਲਗੇ । ਬਰਫ ਘੀਸੀ ਕਰਨ ਵਾਲਿਆਂ ਵਿਚ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਨੰਬਰ ਇਕ ਸੀ । ਸ੍ਰ: ਹਰਵਿੰਦਰ ਸਿੰਘ ਅਤੇ ਬੱਚਿਆਂ ਨੇ ਵੀ ਖੂਬ ਘੀਸੀ ਆਨੰਦ ਲੁਟਿਆ ।

"ਊਚੇ ਤੇ ਊਚਾ ਭਗਵੰਤ" ਵਾਂਗ, ਚੋਟੀਆਂ ਤਾਂ ਉਚੀਆਂ ਤੋਂ ਉਚੇਰੀਆਂ ਸਨ ਫੇਰ ਬਰਫ ਭੱਜੀਆਂ, "ਗਿਰੇ ਤ ਠਾਹਰ ਨਾਹਿ" ਵਾਲੀ ਗੱਲ ਹੋ ਸਕਦੀ ਸੀ । ਪਰ ਸਭ ਕੁਛ ਠੀਕ ਹੀ ਰਿਹਾ ਭਾਵੇ ਡੇਢ ਘੰਟੇ ਬਾਅਦ ਵਾਪਸੀ ਹੋ ਗਈ।

### ਗੁਲਾਬਿਓਂ ਵਾਪਸੀ

ਵਾਪਸੀ ਸਮੇਂ ਦੇ ਨਜ਼ਾਰੇ ਵੀ ਅਕਥਨੀਆਂ ਹਨ । ਏਥੇ ਕਣਕ ਅਜੇ ਸਿੱਟੇ ਹੀ ਲੈ ਰਹੀ ਹੈ ਜਦੋਂ ਕਿ ਹੇਠਾਂ ਮੈਦਾਨਾਂ ਵਿਚ ਕਣਕਾਂ ਸਿੱਟਿਆਂ ਵਿਚੋਂ ਨਿਕਲ ਗੁਦਾਮਾਂ ਵਿਚ ਜਾ ਪਈਆਂ ਹਨ ਜਾਂ ਸੋਕਿਆਂ ਦਾ ਸ਼ਿਕਾਰ ਹੋ ਰਹੀਆਂ ਹਨ ।...

(ਚਲਦਾ)



Sri Satguru Jagjit Singh Ji Elibrary NamdhariElibrary@gmail.com

# GOLDEN HOLIDAYS

## To

## Thailand, Malayasia, Singapore
## Hongkong, Japan, Europe & U. S. A.

*TRAVEL WITHOUT WORRY*
*TRAVEL THE KWICK WAY*

*We assist in Passports, Visas,*
*Planning your itineraries Reservations,*
*Air Tickets - International*
*& Domestic,*
*Hotels & Car Hire.*

*for all your Travel & Tour requirements*

*Contact :*

**Kwick TRAVELS PVT. LTD.**
2108, DESH BANDHU GUPTA ROAD.
KAROL BAGH, NEW DELHI - 110005 (INDIA)
Phones : 562588, 569206, 579646, 579648

Cable : KWICKAIR.




Sri Satguru Jagjit Singh Ji Elibrary NamdhariElibrary@gmail.com

Registered No. NW/JL—97 MONTHLY WARIAM Jan. Feb. March 1
Registered with the registrar of News Papers for India No. 26453/75

## Manufacturers

## of

## Quality Biscuits

# Poonam Biscuits Private Ltd.

Registered Office :

**72 Hazratganj Lucknow-226001**

Phone : 52746

Administrative Office & Factory

**E-23 M. I. D. C. Area**

**Chikalthana, Aurangabad-431210**

Phone : 8626

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com